


A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ.ਐੱਸ.ਏ.

Chief Editor: Gurjatinder Singh Randhawa

Punjab Mail USA


ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਦਿਵਸ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ ॥




Vol. 19, Issue- 879, 06 to 12 Nov. , 2025, Ph: 916-320-9444, E-mail: punjabmailusa@yahoo.com, Web: punjabmailusa.com


## ਨਿਊਯਾਰਕ 'ਚ ਜ਼ੋਹਰਾਨ ਮਮਦਾਨੀ ਨੇ ਮੇਅਰ ਦੀ ਚੋਣ ਜਿੱਤ ਕੇ ਇਤਿਹਾਸ ਰਚਿਆ



■ ਚੋਣਾਂ 'ਚ ਸਾਬਕਾ ਗਵਰਨਰ ਐਂਡ੍ਰਿਊ ਕੁਓਮੋ ਅਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲਿਵਾ ਨੂੰ ਕਰਾਰੀ ਹਾਰ ਦਿੱਤੀ

**ਵਾਸ਼ਿੰਗਟਨ, (ਪੰਜਾਬ ਮੇਲ)**– ਨਿਊਯਾਰਕ ਸ਼ਹਿਰ ਦੀਆਂ ਮੇਅਰ ਚੋਣਾਂ 'ਚ ਭਾਰਤੀ ਮੂਲ ਦੇ ਉਮੀਦਵਾਰ ਜੋਹਰਾਨ ਮਮਦਾਨੀ ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਡੈਮੋਕ੍ਰੇਟਿਕ ਸੋਸ਼ਲਿਸਟ ਉਮੀਦਵਾਰ ਮਮਦਾਨੀ ਨੇ ਇਨ੍ਹਾਂ ਚੋਣਾਂ 'ਚ ਸਾਬਕਾ ਗਵਰਨਰ ਐਂਡ੍ਰਿਊ ਕੁਓਮੋ ਅਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲਿਵਾ ਨੂੰ ਕਰਾਰੀ ਹਾਰ ਦਿੱਤੀ ਹੈ। ਸ਼ਹਿਰ ਦੇ ਚੋਣ ਬੋਰਡ ਨੇ ਰਿਪੋਰਟ ਦਿੱਤੀ ਕਿ 20 ਲੱਖ ਤੋਂ ਵੱਧ ਵੋਟਰਾਂ ਨੇ ਆਪਣੀ ਵੋਟ ਪਾਈ, ਜੋ ਕਿ 1969 ਤੋਂ ਬਾਅਦ ਕਿਸੇ ਮੇਅਰ ਦੀ ਚੋਣ ਵਿਚ ਸਭ ਤੋਂ ਵੱਧ ਵੋਟਿੰਗ ਹੈ। ਸ਼ਹਿਰ ਦੀ ਆਬਾਦੀ ਲਗਭਗ 8.5 ਮਿਲੀਅਨ ਹੈ।

ਇਸ ਜਿੱਤ ਨਾਲ ਜੋਹਰਾਨ ਮਮਦਾਨੀ ਨਿਊਯਾਰਕ ਸ਼ਹਿਰ ਦੇ




ਪਹਿਲੇ ਮੁਸਲਿਮ ਮੇਅਰ ਅਤੇ ਪਹਿਲੇ ਦੱਖਣੀ ਏਸ਼ੀਆਈ ਮੂਲ ਦੇ ਮੇਅਰ ਬਣ ਗਏ ਹਨ। ਇਸ ਤੋਂ ਇਲਾਵਾ 34 ਸਾਲਾ ਮਮਦਾਨੀ ਇੱਕ ਸਦੀ ਤੋਂ ਵੱਧ ਸਮੇਂ ਵਿਚ ਸ਼ਹਿਰ ਦੇ ਸਭ ਤੋਂ ਘੱਟ ਉਮਰ ਦੇ ਮੇਅਰ ਵੀ ਹੋਣਗੇ।

ਜੋਹਰਾਨ ਮਮਦਾਨੀ ਮਸ਼ਹੂਰ ਭਾਰਤੀ ਫਿਲਮ ਨਿਰਮਾਤਾ ਮੀਰਾ ਨਾਇਰ ਦੇ ਪੁੱਤਰ ਹਨ, ਜਦਕਿ ਉਨ੍ਹਾਂ ਦੇ ਪਿਤਾ ਮਹਿਮੂਦ ਮਮਦਾਨੀ ਦਾ ਜਨਮ ਮੁੰਬਈ ਵਿਚ ਹੋਇਆ ਸੀ। ਇਹ ਜਿੱਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਇੱਕ ਵੱਡਾ ਝਟਕਾ ਮੰਨੀ ਜਾ ਰਹੀ ਹੈ, ਜਿਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਮਮਦਾਨੀ ਨੂੰ ਵੋਟ ਨਾ ਦੇਣ ਦੀ ਅਪੀਲ ਕੀਤੀ ਸੀ ਅਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਐਂਡ੍ਰਿਊ ਕੁਓਮੋ ਦਾ ਸਮਰਥਨ ਕੀਤਾ ਸੀ। ਮਮਦਾਨੀ ਨੇ ਆਪਣੇ ਪ੍ਰਚਾਰ ਵਿਚ ਮੁੱਖ ਤੌਰ 'ਤੇ ਕਿਰਾਏ 'ਤੇ ਕੰਟਰੋਲ ਵਧਾਉਣ ਅਤੇ ਰਿਹਾਇਸ਼ੀ ਸੰਕਟ ਨੂੰ ਖ਼ਤਮ ਕਰਨ ਵਰਗੇ ਪ੍ਰਗਤੀਸ਼ੀਲ ਵਾਅਦੇ ਕੀਤੇ ਸਨ,

■ ਬਾਕੀ ਖਬਰ ਸਫਾ 7 'ਤੇ

## ਭਾਰਤੀ-ਅਮਰੀਕੀ ਗਜ਼ਾਲਾ ਹਾਸ਼ਮੀ ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਬਣੀ

**ਵਰਜੀਨੀਆ, (ਪੰਜਾਬ ਮੇਲ)**– ਭਾਰਤ-ਅਮਰੀਕੀ ਸਿਆਸਤਦਾਨ ਗਜ਼ਾਲਾ ਹਾਸ਼ਮੀ (61) ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਚੁਣੀ ਗਈ ਹੈ। ਹਾਸ਼ਮੀ ਰਾਜ ਦੇ ਉੱਚ ਸਿਆਸੀ ਅਹੁਦੇ ਲਈ ਚੁਣੇ ਜਾਣ ਵਾਲੀ ਪਹਿਲੀ ਮੁਸਲਿਮ ਅਤੇ ਦੱਖਣੀ ਏਸ਼ਿਆਈ ਅਮਰੀਕੀ ਬਣ ਗਈ ਹੈ। ਡੈਮੋਕ੍ਰੇਟ ਉਮੀਦਵਾਰ ਹਾਸ਼ਮੀ ਨੇ 14,65,634 ਵੋਟਾਂ (54.2 ਫੀਸਦੀ) ਮਿਲੀਆਂ। ਹਾਸ਼ਮੀ ਨੇ ਰਿਪਬਲਿਕਨ ਉਮੀਦਵਾਰ ਜੌਨ ਰੀਡ ਨੂੰ ਹਰਾਇਆ। ਰੀਡ ਨੂੰ 1,232,242 ਵੋਟਾਂ ਪਈਆਂ।

ਹਾਸ਼ਮੀ, ਜੋ ਵਰਜੀਨੀਆ ਰਾਜ ਦੀ ਸੈਨੇਟਰ ਹੈ, 2025 ਦੀਆਂ ਚੋਣਾਂ ਵਿਚ ਮੁੱਖ ਰਾਸ਼ਟਰੀ ਅਹੁਦਿਆਂ ਲਈ 30 ਤੋਂ



ਗਜ਼ਾਲਾ ਹਾਸ਼ਮੀ ਲੈਫਟੀਨੈਂਟ ਗਵਰਨਰ ਦੀ ਚੋਣ ਜਿੱਤਣ ਮਗਰੋਂ ਖੁਸ਼ੀ ਦੇ ਰੌਂਅ ਵਿਚ।

ਵੱਧ ਭਾਰਤੀ-ਅਮਰੀਕੀ ਅਤੇ ਦੱਖਣੀ ਏਸ਼ਿਆਈ ਉਮੀਦਵਾਰਾਂ ਵਿਚੋਂ ਇੱਕ ਸੀ। ਹਾਸ਼ਮੀ ਦੀ ਚੋਣ ਨੂੰ ਨੇੜਿਓਂ ਦੇਖਿਆ ਜਾ ਰਿਹਾ ਸੀ ਕਿਉਂਕਿ ਉਹ ਰਾਜ ਦੇ ਉੱਚ ਅਹੁਦੇ ਲਈ ਚੋਣ ਲੜ ਰਹੀ ਸੀ। ਹਾਸ਼ਮੀ ਵਰਜੀਨੀਆ ਸੈਨੇਟ ਵਿਚ ਸੇਵਾ ਕਰਨ ਵਾਲੀ ਪਹਿਲੀ ਮੁਸਲਿਮ ਅਤੇ ਪਹਿਲੀ ਦੱਖਣੀ ਏਸ਼ਿਆਈ ਅਮਰੀਕੀ ਹੈ।

ਸ਼ਮੀ ਦੀ ਅਧਿਕਾਰਤ ਪ੍ਰੋਫਾਈਲ ਮੁਤਾਬਕ ਉਹ ਇੱਕ ਤਜ਼ਰਬੇਕਾਰ ਸਿੱਖਿਅਕ ਅਤੇ ਸਮਾਵੇਸ਼ੀ ਕਦਰਾਂ-ਕੀਮਤਾਂ ਅਤੇ ਸਮਾਜਿਕ ਨਿਆਂ ਦੀ ਪੈਰੋਕਾਰ ਹੋਣ ਦੇ ਨਾਤੇ, ਉਸ ਦੀਆਂ ਵਿਧਾਨਕ ਤਰਜੀਹਾਂ ਵਿਚ ਜਨਤਕ ਸਿੱਖਿਆ, ਵੋਟਿੰਗ ਅਧਿਕਾਰ ਅਤੇ ਲੋਕਤੰਤਰ ਦੀ ਸੰਭਾਲ, ਪ੍ਰਜਨਨ ਆਜ਼ਾਦੀ, ਬੰਦੂਕ ਹਿੰਸਾ ਦੀ ਰੋਕਥਾਮ, ਵਾਤਾਵਰਣ, ਰਿਹਾਇਸ਼ ਅਤੇ ਕਿਫਾਇਤੀ ਸਿਹਤ ਸੰਭਾਲ ਪਹੁੰਚ ਸ਼ਾਮਲ ਹਨ।

## ਡੈਮੋਕ੍ਰੇਟ ਆਫ਼ਤਾਬ ਪੁਰੇਵਾਲ ਮੁੜ ਜਿੱਤੇ ਸਿਨਸਿਨਾਟੀ ਮੇਅਰ ਦੀ ਚੋਣ



**ਵਰਜੀਨੀਆ, (ਪੰਜਾਬ ਮੇਲ)**– ਡੈਮੋਕ੍ਰੇਟ ਉਮੀਦਵਾਰ ਆਫ਼ਤਾਬ ਪੁਰੇਵਾਲ ਸਿਨਸਿਨਾਟੀ ਦੇ ਮੇਅਰ ਦੀ ਚੋਣ ਮੁੜ ਜਿੱਤ ਗਿਆ ਹੈ। ਪੁਰੇਵਾਲ ਨੇ ਰਿਪਬਲਿਕਨ ਉਮੀਦਵਾਰ ਕੋਰੀ ਬੋਮੈਨ ਨੂੰ ਹਰਾਇਆ, ਜੋ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦਾ ਸੌਤੇਲਾ ਭਰਾ ਹੈ। ਪੁਰੇਵਾਲ ਪਹਿਲੀ ਵਾਰ 2021 ਵਿਚ ਮੇਅਰ ਚੁਣਿਆ ਗਿਆ ਸੀ। ਪੁਰੇਵਾਲ ਨੇ ਮਈ ਵਿਚ 80 ਫੀਸਦੀ ਤੋਂ ਵੱਧ ਵੋਟਾਂ ਨਾਲ ਆਲ-ਪਾਰਟੀ ਮਿਉਂਸਿਪਲ ਪ੍ਰਾਇਮਰੀ ਜਿੱਤੀ। ਮੇਅਰ ਲਈ ਚੋਣ ਲੜਨ ਤੋਂ ਪਹਿਲਾਂ ਪੁਰੇਵਾਲ ਇੱਕ ਵਕੀਲ ਵਜੋਂ ਕੰਮ ਕਰਦਾ ਸੀ।

## ਉੱਘੇ ਪਬਲਿਸ਼ਰ ਸਤੀਸ਼ ਗੁਲਾਟੀ ਪਹੁੰਚੇ ਪੰਜਾਬ ਮੇਲ ਯੂ.ਐੱਸ.ਏ. ਸਟੂਡੀਓ

**ਸੈਕਰਾਮੈਂਟੋ, (ਪੰਜਾਬ ਮੇਲ)**– ਚੇਤਨਾ ਪ੍ਰਕਾਸ਼ਨ ਦੇ ਮਾਲਕ ਸਤੀਸ਼ ਗੁਲਾਟੀ ਪੰਜਾਬ ਮੇਲ ਯੂ.ਐੱਸ.ਏ. ਦੇ ਸਟੂਡੀਓ ਪਹੁੰਚੇ। ਜਿੱਥੇ ਉਨ੍ਹਾਂ ਨੇ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਉਨ੍ਹਾਂ ਦੇ ਟੀ.ਵੀ. ਚੈਨਲ 'ਤੇ ਇੱਕ ਲੰਮੀ ਗੱਲਬਾਤ ਕੀਤੀ। ਇਸ ਦੌਰਾਨ ਸਤੀਸ਼ ਗੁਲਾਟੀ ਨੇ ਦੱਸਿਆ ਕਿ ਉਹ ਕਿਵੇਂ ਇਕ ਲਿਖਾਰੀ ਤੋਂ ਵੱਡੇ ਪਬਲਿਸ਼ਰ ਬਣੇ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਹੁਣ ਤੱਕ ਉਹ 6 ਹਜ਼ਾਰ ਤੋਂ ਵੱਧ ਕਿਤਾਬਾਂ ਪਬਲਿਸ਼ ਕਰ ਚੁੱਕੇ ਹਨ, ਜੋ ਕਿ ਵਿਸ਼ਵ ਭਰ ਵਿਚ ਪਹੁੰਚਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ ਵਿਚ ਉਨ੍ਹਾਂ ਦਾ ਕਿਤਾਬਾਂ ਦਾ ਮੁੱਖ ਸਟੋਰ ਹੈ ਅਤੇ ਹੁਣ ਇਸ ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਵਿਚ ਵੀ ਇਸ ਦੀਆਂ ਬਰਾਂਚਾਂ ਖੋਲ੍ਹ ਦਿੱਤੀਆਂ ਗਈਆਂ ਹਨ, ਤਾਂਕਿ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਆਪਣੀ ਮਾਂ-ਬੋਲੀ ਨਾਲ ਜੁੜ



ਸਕਣ।

ਇਸ ਮੌਕੇ ਉਨ੍ਹਾਂ ਨੇ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਆਪਣੀਆਂ ਕੁੱਝ ਨਵੀਆਂ ਪਬਲਿਸ਼ ਕੀਤੀਆਂ ਕਿਤਾਬਾਂ ਵੀ ਭੇਟ ਕੀਤੀਆਂ।

## ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਮਹੱਤਵਪੂਰਨ ਮਤੇ ਪਾਸ

■ ਬੰਦੀ ਸਿੰਘਾਂ, ਪੰਜਾਬ ਦੇ ਪਾਣੀਆਂ, ਚੰਡੀਗੜ੍ਹ ਤੇ ਪੰਜਾਬ ਦੇ ਹੱਕ, ਕਿਸਾਨੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸਿੱਖ ਕਤਲੇਆਮ, ਕਰਤਾਰਪੁਰ ਲਾਂਘਾ ਆਦਿ ਮਸਲਿਆਂ 'ਤੇ ਉਠਾਈ ਅਵਾਜ਼

**ਅੰਮ੍ਰਿਤਸਰ, (ਪੰਜਾਬ ਮੇਲ)**– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਕਈ ਅਹਿਮ ਮਤੇ ਪਾਸ ਕੀਤੇ ਗਏ, ਜਿਨ੍ਹਾਂ ਨੂੰ ਹਾਜ਼ਰ ਮੈਂਬਰ ਸਾਹਿਬਾਨ ਨੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ। ਇਨ੍ਹਾਂ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸਤਿਕਾਰ



ਜਨਰਲ ਇਜਲਾਸ ਦੌਰਾਨ ਮਤੇ ਪੇਸ਼ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ।

ਭੇਟ ਕਰਦਿਆਂ ਕੇਂਦਰ ਸਰਕਾਰ ਤੋਂ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ, ਸਿੱਖਾਂ ਕੌਮ ਦੀਆਂ ਵਾਜਿਬ ਮੰਗਾਂ ਅਤੇ ਪੰਜਾਬ ਨਾਲ ਸਬੰਧਤ ਮਾਮਲੇ, ਪੰਜਾਬ 'ਚ ਆਏ ਹੜ੍ਹਾਂ 'ਤੇ ਸੰਵੇਦਨਾ ਪ੍ਰਗਟ ਕਰਦਿਆਂ ਸੰਸਥਾਵਾਂ ਵੱਲੋਂ ਪਾਏ ਯੋਗਦਾਨ ਦੀ ਪ੍ਰਸ਼ੰਸਾ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਬੰਦੀ ਸਿੰਘਾਂ ਦੀ ਰਿਹਾਈ, ਇਤਿਹਾਸਕ ਅਸਥਾਨਾਂ ਨਾਲ ਸਬੰਧਤ ਮਾਮਲੇ ਹੱਲ ਕਰਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਿੰਡੀਕੇਟ ਨੂੰ ਖ਼ਤਮ ਕਰਨ ਦੇ ਫੈਸਲੇ ਦੀ ਨਿੰਦਾ ਕਰਨ ਦੇ ਨਾਲ-ਨਾਲ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਸੰਸਦ ਅੰਦਰ ਨਸਲਕੁਸ਼ੀ ਕਰਾਰ ਦੇਣ ਦੀ ਮੰਗ ਕਰਦੇ ਅਹਿਮ ਮਤੇ ਸ਼ਾਮਲ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰਦਾ ਮਤਾ ਪਾਸ ਕਰਦਿਆਂ ਇਸ ਰਾਹੀਂ ਸਿੱਖਾਂ ਨੂੰ ਦੇਸ਼ ਅੰਦਰ ਮਿਲ ਰਹੀਆਂ ਚੁਣੌਤੀਆਂ ਨੂੰ ਦੂਰ ਕਰਨ ਅਤੇ

■ ਬਾਕੀ ਖਬਰ ਸਫਾ 7 'ਤੇ

## ਕੈਨੇਡਾ 'ਚ ਵਿਦੇਸ਼ੀਆਂ ਲਈ ਸਿਆਸੀ ਸ਼ਰਨ ਲੈਣੀ ਹੋਵੇਗੀ ਔਖੀ

**ਟੋਰਾਂਟੋ, (ਪੰਜਾਬ ਮੇਲ)**– ਕੈਨੇਡਾ ਵਿਖੇ ਵਿਦੇਸ਼ੀਆਂ ਲਈ ਆਪਣੇ ਦੇਸ਼ਾਂ ਵਿਚ ਜਾਨ ਨੂੰ ਖਤਰਾ ਦੱਸ ਕੇ ਸ਼ਰਨ ਅਪਲਾਈ ਕਰਨਾ ਔਖਾ ਕੀਤਾ ਜਾ ਰਿਹਾ ਹੈ। ਦੇਸ਼ ਦੀ ਇੰਮੀਗੇਸ਼ਨ ਮੰਤਰੀ ਲੀਨਾ ਮੈਟਲਿਜ ਡੀਏਬ ਨੇ ਕਿਹਾ ਹੈ ਕਿ ਕੈਨੇਡਾ ਵਿਚ ਸ਼ਰਨਾਰਥੀ ਸਿਸਟਮ ਪੱਕੀ ਇੰਮੀਗੇਸ਼ਨ ਲੈਣ ਦਾ ਸੌਖਾ ਤਰੀਕਾ ਨਾ ਸਮਝਿਆ ਜਾਵੇ । ਉਨ੍ਹਾਂ ਆਖਿਆ ਕਿ ਸੰਸਦ 'ਚ ਬੀਤੇ ਮਹੀਨੇ ਪੇਸ਼ ਕੀਤੇ ਗਏ ਬਿੱਲ 12 ਰਾਹੀਂ ਦੋ ਨਿਯਮ ਸ਼ਾਮਿਲ ਕੀਤੇ ਗਏ ਹਨ, ਜਿਸ ਵਿਚ ਕੈਨੇਡਾ ਅੰਦਰ ਦਾਖਲ ਹੋਣ ਤੋਂ 1 ਸਾਲ ਮਗਰੋਂ (ਖਤਰੇ ਦੀ ਕੋਈ ਕਹਾਣੀ ਘੜ ਕੇ) ਸ਼ਰਨ ਲਈ



ਅਪਲਾਈ ਕਰਨਾ ਸੰਭਵ ਨਹੀਂ ਰਹੇਗਾ ਤੇ ਅਜਿਹੇ ਕੇਸ ਇੰਮੀਗ੍ਰੇਸ਼ਨ ਐਂਡ ਰਫਿਊਜ਼ੀ ਬੋਰਡ ਨੂੰ ਨਹੀਂ ਭੇਜੇ ਜਾਇਆ ਕਰਨਗੇ। ਬਿੱਲ 12 ਪਾਸ ਹੋ ਜਾਣ ਮਗਰੋਂ ਨਵਾਂ ਨਿਯਮ 24 ਜੂਨ 2020 ਤੋਂ ਲਾਗੂ ਕੀਤਾ ਜਾਵੇਗਾ, ਜਿਸ ਨਾਲ ਵੱਡੀ ਗਿਣਤੀ ਵਿਚ ਵਿਦੇਸ਼ੀ (ਭਾਰਤੀ, ਪੰਜਾਬੀ) ਲੋਕਾਂ ਦੇ ਵਿਚਾਰ ਅਧੀਨ ਪਏ ਸ਼ਰਨਾਰਥੀ ਕੇਸ ਖਤਮ ਕਰ ਦਿੱਤੇ ਜਾਣ ਦੀ ਸੰਭਾਵਨਾ ਬਣ ਜਾਵੇਗੀ ਤੇ ਉਨ੍ਹਾਂ ਲਈ ਕੈਨੇਡਾ ਵਿਚ ਟਿਕ ਸਕਣਾ ਔਖਾ ਹੋ ਜਾਵੇਗਾ। ਅਜਿਹੇ ਹਾਲਾਤਾਂ ਤੋਂ ਬੀਤੇ 5 ਕੁ ਸਾਲਾਂ ਦੌਰਾਨ ਵਰਕ ਪਰਮਿਟ, ਸਟੱਡੀ ਪਰਮਿਟ ਜਾਂ ਵਿਜ਼ਟਰ ਵਜੋਂ ਕੈਨੇਡਾ ਵਿਚ ਦਾਖਲ ਹੋ ਕੇ ਪੱਕੀ ਇਮੀਗ੍ਰੇਸ਼ਨ ਲਈ ਸ਼ਰਨ ਅਪਲਾਈ ਕਰਨ ਵਾਲੇ ਵਿਦੇਸ਼ੀ ਇਸ ਕਾਨੂੰਨ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਸਕਦੇ ਹਨ। ਦੂਸਰਾ ਨਿਯਮ ਅਮਰੀਕਾ ਤੋਂ ਕੈਨੇਡਾ ਵੜ ਕੇ ਦੋ ਹਫਤਿਆਂ ਤੋਂ ਬਾਅਦ ਸ਼ਰਨ ਲਈ ਅਪਲਾਈ ਕਰਨਾ ਸੰਭਵ ਨਹੀਂ ਰਹੇਗਾ। ਮੰਤਰੀ ਡਿਆਬ ਨੇ ਕਿਹਾ ਕਿ ਬਿੱਲ 12 ਕੈਨੇਡਾ 'ਚ ਇੰਮੀਗ੍ਰੇਸ਼ਨ ਸਿਸਟਮ ਤੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲਿਆਂਦਾ ਜਾ ਰਿਹਾ ਹੈ।

## ਕੈਨੇਡਾ 'ਚ ਪੰਜਾਬੀ ਨੌਜਵਾਨ ਭੇਦਭਰੇ ਹਾਲਾਤ 'ਚ ਲਾਪਤਾ

■ ਆਖਰੀ ਵਾਰ ਫਲਾਈਟ ਰਵਾਨਾ ਹੋਣ ਤੋਂ ਚਾਰ ਘੰਟੇ ਪਹਿਲਾਂ ਮਿਸੀਸਾਗਾ ਦੇ ਟਿਮ ਹੌਰਟਨਜ਼ 'ਤੇ ਦੇਖਿਆ ਗਿਆ


■ ਪੰਜਾਬ ਵਿਚ ਮੌਜੂਦ ਪਰਿਵਾਰ ਉਸ ਦੀ ਸੁੱਖ-ਸਾਂਦ ਬਾਰੇ ਬੇਹੱਦ ਚਿੰਤਤ


**ਮਿਸੀਸਾਗਾ, (ਪੰਜਾਬ ਮੇਲ)**– ਕੈਨੇਡਾ 'ਚ 31 ਸਾਲ ਦਾ ਗੁਰਪ੍ਰੀਤ ਸਿੰਘ ਭੇਦਭਰੇ ਹਾਲਾਤ 'ਚ ਲਾਪਤਾ ਹੋ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਗੁਰਪ੍ਰੀਤ ਸਿੰਘ ਨੇ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਦਿੱਲੀ ਦਾ ਜਹਾਜ਼ ਚੜ੍ਹਨਾ ਸੀ ਅਤੇ ਉਸ ਨੂੰ ਆਖਰੀ ਵਾਰ ਫਲਾਈਟ ਰਵਾਨਾ ਹੋਣ ਤੋਂ ਚਾਰ ਘੰਟੇ ਪਹਿਲਾਂ ਮਿਸੀਸਾਗਾ ਦੇ ਟਿਮ ਹੌਰਟਨਜ਼ 'ਤੇ ਦੇਖਿਆ ਗਿਆ। ਇਸ ਮਗਰੋਂ ਉਹ ਫਲਾਈਟ ਵਿਚ ਸਵਾਰ ਨਾ ਹੋਇਆ ਅਤੇ ਨਾ ਹੀ ਕਿਸੇ ਹੋਰ ਜਗ੍ਹਾ ਉਸ ਦੀ ਮੌਜੂਦਗੀ ਬਾਰੇ ਕੋਈ ਸਬੂਤ ਸਾਹਮਣੇ



ਆਇਆ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਗੁਰਪ੍ਰੀਤ ਸਿੰਘ ਦੀ ਕਾਰ ਵੀ ਗਾਇਬ ਹੈ ਅਤੇ ਪੰਜਾਬ ਵਿਚ ਮੌਜੂਦ ਪਰਿਵਾਰ ਉਸ ਦੀ ਸੁੱਖ-ਸਾਂਦ ਬਾਰੇ ਬੇਹੱਦ ਚਿੰਤਤ ਹੈ। ਦੱਸਿਆ ਜਾ ਰਿਹਾ ਹੈ ਕਿ ਗੁਰਪ੍ਰੀਤ ਸਿੰਘ, ਬੈੱਲ ਕੰਪਨੀ 'ਚ ਕੇਬਲ ਪੁਲਰ ਦਾ ਕੰਮ ਕਰਦਾ ਸੀ ਪਰ ਕੁਝ ਹਫ਼ਤੇ ਪਹਿਲਾਂ ਨੌਕਰੀ ਛੱਡ ਦਿੱਤੀ। ਗੁਰਪ੍ਰੀਤ ਸਿੰਘ ਦੀ ਭੈਣ ਪ੍ਰਭਜੋਤ ਕੌਰ ਕੈਨੇਡਾ ਵਿਚ ਹੀ ਮੌਜੂਦ ਹੈ ਅਤੇ ਜੇ ਕਿਸੇ ਕੋਲ ਗੁਰਪ੍ਰੀਤ ਬਾਰੇ ਕੋਈ ਜਾਣਕਾਰੀ ਹੋਵੇ ਤਾਂ 437-988-8087 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਮੇਲ USA


ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ ॥
ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਗੁਰਪੁਰਬ
ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ
Happy ੴ Gurpurab
May guru bless you & your family with good health & happiness.
FOR SALE & PURCHASE OF ANY KIND OF PROPERTY
RE/MAX
RE/MAX Outstanding Agents Outstanding Results
Gurjatinder S. Randhawa
916-320-9444
web: www.RealtorRandhawa.com
garysingh123@yahoo.com
Gurjatinder S. Randhawa
REALTOR CA DRE licence # 01490567


ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ
CHARDIKLA MEDIA NETWORK
Chardikala Group
Nanak! By Thy Name Get Blessed With
The Ever Exalted Spirits & In His Will
Everyone Be Blessed, May Good Come To All
Happy Guru Nanak's Birthday
Serving Humanity with Gurbani, Feel the blissful
love of Guru Nanak on Chardikla Time TV
Watch Daily Special Telecast from
Gurdwara Sri Bangla Sahib Ji, Delhi (India),
Takhat Sri Harimandir Ji, Patna Sahib, Bihar (India)
Daily Live from
Gurdwara Sri Dasmesh Darbar
Sikh Temple, Selam- Oregon (USA)
CHARDIKLA TIME TV
NORTH AMERICA
www.cktimetv.com
Available in HIGH DEFINITION in USA on
dish CH. NO. 748-008
sling TELEVISION
sling free stream
SCAN TO WATCH CKTV N.A.
/CK Time TV North America



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ ॥
PUNJAB MAIL USA
TV Channel, Newspaper, Radio
GURU NANAK
JAYANTI
ਦੇਸ਼-ਵਿਦੇਸ਼ 'ਚ ਬੈਠੇ ਪੰਜਾਬ ਮੇਲ ਦੇ ਪਾਠਕਾਂ ਅਤੇ ਦਰਸ਼ਕਾਂ ਨੂੰ
ਪਹਿਲੇ ਪਾਤਿਸ਼ਾਹ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
556ਵੇਂ ਗੁਰਪੁਰਬ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਮੁਬਾਰਕਾਂ
PUNJAB MAIL USA
TV Channel, Newspaper, Radio
24 Hours
7 Days
All over America, Canada, Australia & Europe
Gold # 2867, Gem # 375, TV Zon # 6888,
Glow TV # 1828, Tashan # 131, Real TV etc.
For any Information & Advertisement Call at
+1-916-320-9444
E-mail: punjabmailtv@gmail.com
Iphone/Andriod App : Punjab Mail USA
Web: punjabmailusa.com
Facebook Page : Punjab Mail USA
Gurjatinder S. Randhawa
CEO & Chief Editor
Punjab Mail USA TV Channel & Newspaper

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ



ਨਗਰ ਕੀਰਤਨ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

**ਅੰਮ੍ਰਿਤਸਰ, (ਪੰਜਾਬ ਮੇਲ)**- ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਸਭਾ-ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਇਆ ਗਿਆ। ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੁਨਹਿਰੀ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ।



ਨਗਰ ਕੀਰਤਨ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕਰਦਿਆਂ ਸ਼ਰਧਾ ਦਾ ਪ੍ਰਗਟਾਵਾ ਕੀਤਾ ਅਤੇ ਸਕੂਲੀ ਬੱਚਿਆਂ, ਬੈਂਡ ਪਾਰਟੀਆਂ, ਸ਼ਬਦ ਚੌਂਕੀ ਜਥੇ ਤੇ ਗਤਕਾ ਪਾਰਟੀਆਂ ਨੇ ਪੂਰੇ ਉਤਸ਼ਾਹ ਨਾਲ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੇ ਰਸਤੇ ਵਿਚ ਸੰਗਤਾਂ ਵੱਲੋਂ ਜਲ ਪਾਣੀ ਅਤੇ ਲੰਗਰਾਂ ਰਾਹੀਂ ਸੇਵਾ ਕੀਤੀ ਗਈ।

# ਫਾਊਲਰ ਵਿਖੇ "25ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ" ਲੱਗਿਆ

## "ਗਾਇਕ ਪਵਨਜੋਤ ਯਮਲਾ ਕੈਨੇਡਾ ਤੋਂ ਪਹੁੰਚੇ"



ਮੇਲੇ ਦੇ ਯਾਦਗਾਰੀ ਪਲ।

**ਫਰਿਜ਼ਨੋ, (ਪੰਜਾਬ ਮੇਲ)**- ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 25ਵਾਂ ਯਾਦਗਾਰੀ ਮੇਲਾ ਕੈਲੀਫੋਰਨੀਆ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ। ਜਿਸ ਦੀ ਸ਼ੁਰੂਆਤ ਜਸਵੰਤ ਸਿੰਘ ਮਹਿੰਮੀ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਕੀਤੀ ਗਈ।

ਵਿਸ਼ੇਸ਼ ਤੌਰ 'ਤੇ ਕੈਨੇਡਾ ਤੋਂ ਆਪਣੀ ਗਾਇਕੀ ਨੂੰ ਉਸਤਾਦ ਲਾਲ ਚੰਦ ਯਮਲਾ ਜੱਟ ਦੀਆਂ ਲੀਹਾਂ 'ਤੇ ਤੋਰਦੇ ਹੋਏ ਨੌਜਵਾਨ ਗਾਇਕ ਪਵਨਜੋਤ ਯਮਲਾ ਨੇ ਖੁੱਲ੍ਹੇ ਅਖਾੜੇ ਰਾਹੀਂ ਆਪਣੀ ਹਾਜ਼ਰੀ ਭਰੀ ਅਤੇ ਮੇਲੇ ਨੂੰ ਸਫਲ ਬਣਾਉਣ 'ਤੇ ਵਧਾਈ ਦਿੱਤੀ। ਉਸਤਾਦ ਲਾਲ ਚੰਦ ਯਮਲਾ ਜੱਟ ਕਮੇਟੀ ਵੱਲੋਂ ਪਵਨਜੋਤ ਯਮਲੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੌਰਾਨ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਸਭ ਨੂੰ ਜੀ ਆਇਆਂ ਕਹਿਣ ਉਪਰੰਤ ਆਪਣੀ ਗਾਇਕੀ ਰਾਹੀ ਖੂਬ ਰੰਗ ਬੰਨ੍ਹੇ। ਗਾਇਕ ਪਵਨਜੋਤ ਯਮਲਾ ਨੇ ਆਪਣੀ ਤੂੰਬੀ ਵਾਲੀ ਗਾਇਕੀ ਵਾਲੇ ਅੰਦਾਜ਼ ਰਾਹੀਂ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਭ ਦੇ ਦਿਲਾਂ ਵਿਚ ਜ਼ਿੰਦਾ ਕਰ ਦਿੱਤਾ। ਸਥਾਨਕ ਕੈਲੀਫੋਰਨੀਆ ਦੇ ਦਿਲਦਾਰ ਬ੍ਰਦਰਜ਼ ਗਰੁੱਪ ਦੇ ਗਾਇਕ ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਆਪਣੇ ਭੰਗੜੇ ਵਾਲੇ ਗੀਤਾਂ ਰਾਹੀਂ ਖੂਬ ਰੌਣਕਾਂ ਲਾਈਆਂ। ਕਮਲਜੀਤ ਬੈਨੀਪਾਲ, ਪਰਗਟ ਜ਼ੀਰਾ ਅਤੇ ਹਰਜੀਤ ਸਿੰਘ ਆਦਿਕ ਨੇ ਯਮਲਾ ਜੀ ਦੇ ਅਤੇ ਆਪਣੇ ਗੀਤਾਂ ਰਾਹੀਂ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ।

ਦੋਗਾਣਾ ਗਾਇਕ ਜੋੜੀਆਂ 'ਚ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ ਦੀ ਜੋੜੀ ਨੇ ਪੰਜਾਬੀ ਸੱਭਿਆਚਾਰ ਦੇ ਦੋਗਾਣਾ ਰੰਗ ਨੂੰ ਪੇਸ਼ ਕਰਦੇ ਹੋਏ ਆਪਣੀ ਨੋਕ-ਝੋਕ ਨਾਲ ਸਭ ਦਾ ਦਿਲ ਜਿੱਤਿਆ। ਇਸ ਸਮੇਂ ਹੋਰ ਬੁਲਾਰਿਆਂ ਵਿਚ ਨਾਜ਼ਰ ਸਿੰਘ ਕੂਨਰ, ਜਗਤਾਰ ਸਿੰਘ ਗਿੱਲ, ਰਾਜਿੰਦਰ ਬਰਾੜ ਅਤੇ ਮਲਕੀਤ ਦਾਖਾ (ਸਾਬਕਾ ਵਿਧਾਇਕ) ਆਦਿਕ ਬਹੁਤ ਸਾਰੇ ਹਾਜ਼ਰੀਨ ਨੇ ਵਿਚਾਰਾਂ ਦੀ ਸਾਂਝ ਪਾਈ। ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਜਸਵੰਤ ਸਿੰਘ ਮਹਿੰਮੀ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ 'ਚ ਕੀਤਾ। ਹਾਜ਼ਰੀਨ ਲਈ ਚਾਹ-ਪਕੌੜੇ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ। ਇਸ ਯਾਦਗਾਰੀ ਮੇਲੇ 'ਚ ਹਾਜ਼ਰ ਸਮੂਹ ਕਲਾਕਾਰਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਅੰਤ 'ਚ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ ਉਰਫ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।




# ਅਮਰੀਕੀ ਸੰਸਦ ਮੈਂਬਰਾਂ ਵੱਲੋਂ ਟਰੰਪ ਨੂੰ ਐੱਚ-1ਬੀ ਵੀਜ਼ਾ ਸਬੰਧੀ ਹੁਕਮ 'ਤੇ ਮੁੜ ਵਿਚਾਰ ਕਰਨ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐੱਚ-1ਬੀ ਵੀਜ਼ਾ ਨਿਯਮਾਂ ਨੂੰ ਹੋਰ ਸਖ਼ਤ ਕਰਦਿਆਂ ਵੀਜ਼ਾ ਫੀਸ ਵਧਾ ਕੇ 1 ਲੱਖ ਅਮਰੀਕੀ ਡਾਲਰ (ਕਰੀਬ 88 ਲੱਖ ਰੁਪਏ) ਕਰਨ ਦਾ ਐਲਾਨ ਕੀਤਾ ਸੀ, ਜਿਸ ਮਗਰੋਂ ਅਮਰੀਕਾ ਜਾਣ ਦਾ ਸੁਪਨਾ ਦੇਖ ਰਹੇ ਲੱਖਾਂ ਭਾਰਤੀਆਂ ਦੀਆਂ ਉਮੀਦਾਂ ਨੂੰ ਕਰਾਰਾ ਝਟਕਾ ਲੱਗਾ ਸੀ।

ਟਰੰਪ ਦੇ ਇਸ ਫੈਸਲੇ ਮਗਰੋਂ ਟਰੰਪ ਦੀ ਆਪਣੇ ਹੀ ਦੇਸ਼ 'ਚ ਨਿੰਦਾ ਹੋਣ ਲੱਗੀ ਹੈ। ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਸਾਂਝੀ ਚਿੱਠੀ ਲਿਖ ਕੇ ਉਨ੍ਹਾਂ ਨੂੰ ਐੱਚ-1ਬੀ ਵੀਜ਼ਾ ਸਬੰਧੀ ਜਾਰੀ ਕੀਤੇ ਗਏ ਆਪਣੇ ਹੁਕਮ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਸੰਸਦ ਮੈਂਬਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਕਦਮ ਅਮਰੀਕਾ-ਭਾਰਤ ਸਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਅਮਰੀਕਾ ਦੀ ਤਕਨਾਲੋਜੀ ਲੀਡਰਸ਼ਿਪ ਨੂੰ ਕਮਜ਼ੋਰ ਕਰ ਸਕਦਾ ਹੈ। ਅਮਰੀਕੀ ਪ੍ਰਤੀਨਿਧੀ ਸਭਾ ਦੇ ਮੈਂਬਰਾਂ ਜਿੰਮੀ ਪਨੇਟਾ, ਕਾਂਗਰਸ ਦੇ ਅਮੀ ਬੇਰਾ, ਸਾਲੁਦ ਕਾਰਬਾਜਲ ਅਤੇ ਜੂਲੀ ਜੌਨਸਨ ਨੇ ਟਰੰਪ ਨੂੰ ਇਹ ਅਪੀਲ ਕੀਤੀ ਹੈ।

## ■ ਸੰਸਦ ਮੈਂਬਰਾਂ ਨੇ ਟਰੰਪ ਨੂੰ ਲਿਖੀ ਚਿੱਠੀ




ਸੰਸਦ ਮੈਂਬਰਾਂ ਨੇ ਟਰੰਪ ਨੂੰ ਲਿਖੀ ਚਿੱਠੀ ਵਿਚ ਜ਼ੋਰ ਦੇ ਕੇ ਕਿਹਾ ਕਿ ਐੱਚ-1ਬੀ ਵੀਜ਼ਾ ਪ੍ਰੋਗਰਾਮ ਅਮਰੀਕੀ ਅਰਥਵਿਵਸਥਾ, ਰਾਸ਼ਟਰੀ ਸੁਰੱਖਿਆ ਅਤੇ ਪ੍ਰਤੀਯੋਗੀ ਲਾਭਾਂ ਲਈ ਜਿੰਨਾ ਮਹੱਤਵਪੂਰਨ ਹੈ, ਉਹ ਭਾਰਤ ਨਾਲ ਅਮਰੀਕਾ ਦੇ ਰਿਸ਼ਤਿਆਂ ਅਤੇ ਭਾਰਤੀ-ਅਮਰੀਕੀ ਭਾਈਚਾਰੇ ਲਈ ਵੀ ਓਨਾ ਹੀ ਜ਼ਰੂਰੀ ਹੈ।

ਉਨ੍ਹਾਂ ਨੇ ਦੱਸਿਆ ਕਿ ਭਾਰਤੀ ਨਾਗਰਿਕ, ਜੋ ਐੱਚ-1ਬੀ ਦਾ ਸਭ ਤੋਂ ਵੱਡਾ ਹਿੱਸਾ ਹਨ, ਅਮਰੀਕੀ ਸੂਚਨਾ ਤਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਖੇਤਰਾਂ ਵਿਚ ਅਮਰੀਕਾ ਦੀ ਅਗਵਾਈ ਲਈ ਕੇਂਦਰੀ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਸਾਲ 71 ਪ੍ਰਤੀਸ਼ਤ ਨੂੰ ਐੱਚ-1ਬੀ ਧਾਰਕ ਭਾਰਤ ਦੇ ਮੂਲ ਦੇ ਸਨ।

ਸੰਸਦ ਮੈਂਬਰਾਂ ਨੇ ਟਰੰਪ ਦਾ ਧਿਆਨ ਇਸ ਗੱਲ ਵੱਲ ਵੀ ਖਿੱਚਿਆ ਕਿ ਖਾਸ ਤੌਰ 'ਤੇ ਜਦੋਂ ਚੀਨ ਏ.ਆਈ. ਅਤੇ ਉੱਚ ਤਕਨੀਕੀ ਖੇਤਰਾਂ ਵਿਚ ਤੇਜ਼ੀ ਨਾਲ ਨਿਵੇਸ਼ ਕਰ ਰਿਹਾ ਹੈ, ਤਾਂ ਅਮਰੀਕਾ ਲਈ ਆਪਣੀ ਪ੍ਰਤੀਯੋਗੀ ਸਥਿਤੀ ਬਣਾਈ ਰੱਖਣ ਲਈ ਵਿਸ਼ਵ ਭਰ ਦੀ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ ਜ਼ਰੂਰੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ ਇੰਡੋ-ਪੈਸੀਫਿਕ ਵਿਚ ਮੁੱਖ ਲੋਕਤੰਤਰੀ ਭਾਈਵਾਲ ਭਾਰਤ ਨਾਲ ਅਮਰੀਕਾ ਦੀ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਦਾ ਹੈ।

ਅੰਤ ਵਿਚ ਸੰਸਦ ਮੈਂਬਰਾਂ ਨੇ ਟਰੰਪ ਨੂੰ 19 ਸਤੰਬਰ ਨੂੰ ਕੀਤੇ ਗਏ ਐਲਾਨ 'ਤੇ ਮੁੜ ਵਿਚਾਰ ਕਰਨ ਅਤੇ ਅਮਰੀਕਾ ਦੇ ਲੰਬੇ ਸਮੇਂ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਲਈ ਨੂੰ ਐੱਚ-1ਬੀ ਪ੍ਰਣਾਲੀ ਨੂੰ ਸੀਮਤ ਕਰਨ ਦੀ ਬਜਾਏ ਵਧਾਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਨੂੰ ਐੱਚ-1ਬੀ ਪੇਸ਼ੇਵਰ ਨਵੀਨਤਾ ਲਿਆਉਂਦੇ ਹਨ, ਪੇਟੈਂਟ ਫਾਈਲਿੰਗ ਨੂੰ ਵਧਾਉਂਦੇ ਹਨ ਅਤੇ ਨਵੇਂ ਕਾਰੋਬਾਰ ਸ਼ੁਰੂ ਕਰਨ ਵਿਚ ਮਦਦ ਕਰਦੇ ਹਨ, ਜੋ ਅਮਰੀਕੀਆਂ ਲਈ ਵੀ ਰੁਜ਼ਗਾਰ ਦੇ ਮੌਕੇ ਪੈਦਾ ਕਰਦੇ ਹਨ।

# ਅਮਰੀਕੀ ਵੀਜ਼ਾ ਅਪਲਾਈ ਕਰਨ ਵਾਲਿਆਂ ਲਈ ਰਾਹਤ; 'ਫਲੈਗ' ਪ੍ਰਣਾਲੀ ਮੁੜ ਹੋਈ ਸ਼ੁਰੂ

**ਨਵੀਂ ਦਿੱਲੀ, (ਪੰਜਾਬ ਮੇਲ)**- ਅਮਰੀਕੀ ਕਿਰਤ ਵਿਭਾਗ ਨੇ ਵਿਦੇਸ਼ੀ ਕਿਰਤ ਅਰਜ਼ੀ ਗੇਟਵੇ (ਐੱਫ.ਐੱਲ.ਏ.ਜੀ. FLAG) ਪ੍ਰਣਾਲੀ ਨੂੰ ਮੁੜ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਹੁਣ ਲੋਕ ਐੱਚ-1ਬੀ ਐੱਚ-2ਏ, ਐੱਚ-2ਬੀ ਅਤੇ ਪੀ.ਈ.ਆਰ.ਐੱਮ. ਵੀਜ਼ਾ ਲਈ ਅਪਲਾਈ ਕਰ ਸਕਦੇ ਹਨ। ਇਸ ਬਹਾਲੀ ਨਾਲ ਯੂ.ਐੱਸ. ਵੀਜ਼ਾ ਅਰਜ਼ੀਆਂ ਨੂੰ ਤੇਜ਼ੀ ਮਿਲੇਗੀ ਤੇ ਪ੍ਰਬੰਧਕਾਂ ਨੂੰ ਆਪਣੇ ਵਿਦੇਸ਼ੀ ਮੁਲਾਜ਼ਮਾਂ ਲਈ ਵੀਜ਼ਾ ਅਰਜ਼ੀਆਂ ਨੂੰ ਅੱਗੇ ਵਧਾਉਣ 'ਚ ਮਦਦ ਮਿਲੇਗੀ। ਅਸਲ ਵਿਚ, ਆਫਿਸ ਆਫ ਫੌਰਨ ਲੇਬਰ ਸਰਟੀਫਿਕੇਸ਼ਨ (ਓ.ਐੱਫ.ਐੱਲ.ਸੀ.) ਨੇ ਆਰਜ਼ੀ ਤੇ ਪੱਕੇ ਰੋਜ਼ਗਾਰ ਲਈ ਸ਼੍ਰਮ ਪ੍ਰਮਾਣਨ ਨਿਰਧਾਰਨ ਦੀਆਂ ਅਪੀਲਾਂ 'ਤੇ ਕਾਰਵਾਈ ਮੁੜ ਸ਼ੁਰੂ ਕਰ ਦਿੱਤੀ ਹੈ। ਇਸ ਨਾਲ ਪਲਾਨਰਾਂ ਨੂੰ ਨਵੀਆਂ ਅਰਜ਼ੀਆਂ ਦਾਖ਼ਲ ਕਰਨ, ਲੰਬਿਤ ਮਾਮਲਿਆਂ 'ਤੇ ਨਜ਼ਰ ਰੱਖਣ ਤੇ ਲੰਬਿਤ ਮਾਮਲਿਆਂ ਨੂੰ ਫੈਸਲੇ ਵੱਲ ਲਿਜਾਣ 'ਚ ਮਦਦ ਮਿਲੇਗੀ। ਆਫਿਸ ਆਫ ਫੌਰਨ ਲੇਬਰ ਸਰਟੀਫਿਕੇਸ਼ਨ ਨੇ ਪੁਸ਼ਟੀ ਕੀਤੀ ਹੈ ਕਿ ਇਹ ਪਲੇਟਫਾਰਮ ਸਰਗਰਮ ਤੇ ਕਾਰਗਰ ਹੈ। ਪ੍ਰਣਾਲੀ ਦੇ ਮੁੜ ਆਨਲਾਈਨ ਹੋਣ ਨਾਲ ਵਿਭਾਗ ਨੇ ਆਰਜ਼ੀ ਤੇ ਪੱਕੇ ਦੋਹਾਂ ਕਿਸਮ ਦੇ ਰੋਜ਼ਗਾਰਾਂ ਲਈ ਪ੍ਰਚਲਿਤ ਮਜ਼ਦੂਰੀ ਅਤੇ ਕਿਰਤ ਸਰਟੀਫਿਕੇਸ਼ਨ ਨਿਰਧਾਰਣ ਦੀਆਂ ਅਪੀਲਾਂ 'ਤੇ ਕਾਰਵਾਈ ਮੁੜ ਸ਼ੁਰੂ ਕਰ ਦਿੱਤੀ ਹੈ।

## ■ ਯੂ.ਐੱਸ. ਵੀਜ਼ਾ ਅਰਜ਼ੀਆਂ ਨੂੰ ਤੇਜ਼ੀ ਮਿਲੇਗੀ

ਆਪਣੇ ਐਲਾਨ 'ਚ ਵਿਭਾਗ ਨੇ ਕਿਹਾ ਕਿ ਆਫਿਸ ਆਫ ਫੌਰਨ ਲੇਬਰ ਸਰਟੀਫਿਕੇਸ਼ਨ (ਓ.ਐੱਫ.ਐੱਲ.ਸੀ.) ਦੀ ਵਿਦੇਸ਼ੀ ਕਿਰਤ ਅਰਜ਼ੀ ਗੇਟਵੇ (ਐੱਫ.ਐੱਲ.ਏ.ਜੀ.) ਪ੍ਰਣਾਲੀ ਹੁਣ ਸਹਿਜ ਹੈ ਤੇ ਇਹ ਪ੍ਰਣਾਲੀ ਯੂਜ਼ਰਜ਼ ਨੂੰ ਨਵੀਆਂ ਅਰਜ਼ੀਆਂ ਤਿਆਰ ਕਰਨ ਅਤੇ ਪੇਸ਼ ਕਰਨ ਦੇ ਨਾਲ-ਨਾਲ ਆਖ਼ਰੀ ਫੈਸਲੇ ਤਕ ਆਪਣੀ ਅਰਜ਼ੀ ਨਾਲ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨ ਅਤੇ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦੀ ਹੈ।

ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਸੀਂ ਇਸ ਨਾਲ ਹੋਣ ਵਾਲੀ ਕਿਸੇ ਵੀ ਅਸੁਵਿਧਾ ਲਈ ਖ਼ਿਮਾ ਚਾਹੁੰਦੇ ਹਾਂ ਅਤੇ ਓ.ਐੱਫ.ਐੱਲ.ਸੀ. ਦੇ ਪੂਰਨ ਕਾਰਜਕਾਰੀ ਸਥਿਤੀ 'ਚ ਵਾਪਸ ਆਉਣ ਤਕ ਤੁਹਾਡੇ ਸਬਰ ਦੀ ਸ਼ਲਾਘਾ ਕਰਦੇ ਹਾਂ। ਓ.ਐੱਫ.ਐੱਲ.ਸੀ ਕਿਰਤ ਸਰਟੀਫਿਕੇਸ਼ਨ ਪੜਾਅ ਨੂੰ ਸੰਭਾਲਦਾ ਹੈ, ਜਿਸਨੂੰ ਅਮਰੀਕੀ ਕੰਪਨੀਆਂ ਨੂੰ ਐੱਚ-1ਬੀ ਐੱਚ-2ਏ, ਐੱਚ-2ਬੀ ਅਤੇ ਪੀ.ਈ.ਆਰ.ਐੱਮ. ਵਰਗੇ ਵੀਜ਼ਾ ਪ੍ਰੋਗਰਾਮਾਂ ਤਹਿਤ ਵਿਦੇਸ਼ੀ ਮੁਲਾਜ਼ਮਾਂ ਨੂੰ ਕੰਮ 'ਤੇ ਰੱਖਣ ਤੋਂ ਪਹਿਲਾਂ ਪੂਰਾ ਕਰਨਾ ਹੁੰਦਾ ਹੈ। ਇਸਦੀਆਂ ਅਰਜ਼ੀਆਂ ਨੂੰ ਐੱਫ.ਐੱਲ.ਏ.ਜੀ. ਪੋਰਟ ਜ਼ਰੀਏ ਪ੍ਰੋਸੈੱਸ ਕੀਤਾ ਜਾਂਦਾ ਹੈ, ਜੋ ਕਿ ਅਰਜ਼ੀ ਦਾਖ਼ਲ ਕਰਨ, ਸਹਾਇਕ ਦਸਤਾਵੇਜ਼ ਅਪਲੋਡ ਕਰਨ ਤੇ ਅਰਜ਼ੀ ਦੀ ਸਥਿਤੀ ਦੀ ਨਿਗਰਾਨੀ ਲਈ ਵਰਤੀ ਜਾਣ ਵਾਲੀ ਅਧਿਕਾਰਤ ਆਨਲਾਈਨ ਪ੍ਰਣਾਲੀ ਹੈ।

ਇਹ ਪੋਰਟਲ SeasonalJobs.dol.gov ਨਾਲ ਵੀ ਜੁੜਿਆ ਹੈ, ਜਿੱਥੇ ਐੱਚ-2ਏ ਅਤੇ ਐੱਚ-2ਬੀ ਪ੍ਰੋਗਰਾਮਾਂ ਤਹਿਤ ਪ੍ਰਮਾਣਿਤ ਆਰਜ਼ੀ ਪੋਸਟਾਂ ਦੀ ਸੂਚੀ ਦਿੱਤੀ ਗਈ ਹੈ। ਓ.ਐੱਫ.ਐੱਲ.ਸੀ. ਦੀ ਮਨਜ਼ੂਰੀ ਨਾ ਮਿਲਣ 'ਤੇ ਕੰਪਨੀ ਮਾਲਕ ਅਮਰੀਕੀ ਨਾਗਰਿਕਤਾ ਤੇ ਇਮੀਗ੍ਰੇਸ਼ਨ ਸੇਵਾ (ਯੂ.ਐੱਸ.ਸੀ.ਆਈ.ਐੱਸ.) ਦੇ ਕੋਲ ਰੁਜ਼ਗਾਰ-ਆਧਾਰਤ ਵੀਜ਼ਾ ਪਟੀਸ਼ਨਾਂ ਨੂੰ ਅੱਗੇ ਨਹੀਂ ਵਧਾ ਸਕਦੇ। ਐੱਫ.ਐੱਲ.ਏ.ਜੀ. ਪ੍ਰਣਾਲੀ ਦੇ ਮੁੜ ਸ਼ੁਰੂ ਹੋਣ ਨਾਲ ਇਸ ਦਾ ਲਾਭ ਉਨ੍ਹਾਂ ਭਾਰਤੀਆਂ ਨੂੰ ਵੀ ਮਿਲੇਗਾ, ਜੋ ਅਮਰੀਕਾ ਜਾਣ ਲਈ ਵੀਜ਼ਾ ਅਰਜ਼ੀ ਦੇਣਗੇ। ਜ਼ਿਕਰਯੋਗ ਹੈ ਕਿ ਸਾਲ ਦੀ ਸ਼ੁਰੂਆਤ 'ਚ ਸ਼ਟਡਾਊਨ ਕਾਰਨ ਪ੍ਰਕਿਰਿਆ ਨੂੰ ਰੋਕਿਆ ਗਿਆ ਸੀ। ਇਹ ਸੰਘੀ ਫੰਡਿੰਗ ਦੀ ਸਮਾਪਤੀ ਕਾਰਨ ਹੋਇਆ ਸੀ, ਜਿਸ ਕਾਰਨ ਸਰਕਾਰ ਵੱਲੋਂ ਵੱਖ-ਵੱਖ ਕਾਰਜਾਂ 'ਤੇ ਰੋਕ ਲਗਾਈ ਗਈ ਸੀ। ਇਸ ਸਾਲ 30 ਸਤੰਬਰ ਦੇ ਆਸ-ਪਾਸ ਜਦੋਂ ਕਿਰਤ ਵਿਭਾਗ ਦੀ ਅਲਾਟਮੈਂਟ ਖ਼ਤਮ ਹੋ ਗਈ ਤਾਂ ਓ.ਐੱਫ.ਐੱਲ.ਸੀ. ਨੇ ਆਪਣੀਆਂ ਗਤੀਵਿਧੀਆਂ ਨੂੰ ਰੋਕ ਦਿੱਤਾ ਤੇ ਐੱਫ.ਐੱਲ.ਏ.ਜੀ. ਪੋਰਟਲ ਅਤੇ **SeasonalJobs.dol.gov**, ਦੋਹਾਂ ਹੀ ਆਫਲਾਈਨ ਹੋ ਗਏ।

Global Allianz
LAW FIRM LLP
ਕਾਨੂੰਨੀ ਸਲਾਹ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense


Atul Kapoor
C.E.O


Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਯੂਬਾ ਸਿਟੀ ’ਚ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ’ਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ

## ■ ਐੱਫ.ਬੀ.ਆਈ. ਤੇ ਹੋਰ ਸੈਨਾਵਾਂ ਨੇ ਸਾਰੇ ਨਗਰ ਕੀਰਤਨ ’ਤੇ ਕੰਟਰੋਲ ਰੱਖਿਆ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 46ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿਚ ਜਿੱਥੇ ਹਜ਼ਾਰਾਂ ਦੀ ਤਾਦਾਦ ਦੇ ਨਾਲ ਸੰਗਤਾਂ ਨੇ ਸਮੂਲੀਅਤ ਕੀਤੀ, ਉੱਥੇ ਨਾਲ-ਨਾਲ ਐਤਕਾਂ ਇੱਕ ਅਦਭੁੱਤ ਨਜ਼ਾਰਾ ਦੇਖਣ ਨੂੰ ਮਿਲਿਆ ਕਿ ਇਸ ਵਿਸ਼ਾਲ ਨਗਰ ਕੀਰਤਨ ਦਾ ਕੰਟਰੋਲ ਐਤਕਾਂ ਵੱਖ-ਵੱਖ ਸੈਨਾਵਾਂ, ਐੱਫ.ਬੀ.ਆਈ., ਸਵਾਤ ਟੀਮ ਸੀ.ਆਈ.ਏ., ਸੀ.ਐੱਚ.ਪੀ., ਸ਼ੈਰਿਫ ਤੇ ਸਥਾਨਕ ਪੁਲਿਸ ਵੱਲੋਂ ਕੀਤਾ ਗਿਆ। ਭਾਵੇਂ ਕਿ ਇਸ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕਈ ਮਹੀਨਿਆਂ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਪਰ ਫਿਰ ਵੀ ਜੋ ਮੁੱਖ ਸਮਾਗਮ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਤੋਂ ਸ਼ੁਰੂ ਹੋ ਕੇ ਨਗਰ ਕੀਰਤਨ ਤੱਕ ਚੱਲਿਆ। ਇਸ ਦੌਰਾਨ ਧਾਰਮਿਕ ਦੀਵਾਨਾਂ ’ਚ ਵੱਖ-ਵੱਖ ਜੱਥੇ ਤੇ ਪ੍ਰਚਾਰਕ ਪਹੁੰਚੇ, ਉਨ੍ਹਾਂ ਵਿਚ ਭਾਈ ਤਵਨੀਤ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਬਲਜੀਤ ਸਿੰਘ ਜੀ, ਭਾਈ ਕਰਨਜੀਤ ਸਿੰਘ ਜੀ ਖਾਲਸਾ ਯੂ.ਕੇ. ਵਾਲੇ, ਤੋਂ ਇਲਾਵਾ ਕਥਾਵਾਚਕ ਭਾਈ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਵਾਲੇ, ਢਾਡੀ ਭਾਈ ਗੁਰਪ੍ਰੀਤ ਸਿੰਘ ਜੀ ਲਾਂਡਰਾਂ ਵਾਲੇ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਜੋ ਵਿਸ਼ੇਸ਼ ਕੀਰਤਨ ਸਮਾਗਮ 18 ਅਕਤੂਬਰ ਤੋਂ 2 ਨਵੰਬਰ ਤੱਕ ਚਲਦੇ ਰਹੇ। ਬਾਕੀ ਸਮੇਂ-ਸਮੇਂ ’ਤੇ ਹੋਏ ਸਮਾਗਮਾਂ ਦੌਰਾਨ ਹੀ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ, ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ, ਰੈਣ ਸਬਾਈ ਕੀਰਤਨ ਤੇ ਸ਼ੁਕਰਵਾਰ ਨੂੰ ਸ਼ਾਮ ਨੂੰ ਆਤਿਸ਼ਬਾਜ਼ੀ ਹੋਈ। ਇਨ੍ਹਾਂ ਸਮਾਗਮਾਂ ਦੌਰਾਨ ਹੀ ਸ਼ਨੀਵਾਰ ਨੂੰ ਅੰਮ੍ਰਿਤ ਸੰਚਾਰ ਹੋਇਆ ਤੇ ਸ਼ਨੀਵਾਰ ਨੂੰ ਹੀ ਸਵੇਰੇ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਦੀ ਸੇਵਾ ਹੋਈ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਕੀਰਤਨ ਦਰਬਾਰ ਹੋਇਆ। ਇਸ ਤੋਂ ਉਪਰੰਤ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਭਾਰੀ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਮੁੱਖ ਤੇ ਵੱਖ-ਵੱਖ ਫਲੋਟਾਂ ਦੀ ਅਗਵਾਈ ਪੰਜਾਂ ਪਿਆਰਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਕੀਤੀ। ਸ਼ਨੀਵਾਰ ਦੇ ਭਾਰੀ ਦੀਵਾਨਾਂ ’ਚ ਸ਼ੈਰਿਫ ਚੀਫ ਜਿਮ ਰਨੀਅਨ, ਡਿਸਟ੍ਰਿਕਟ ਅਟਾਰਨੀ ਜੈਨੂਫਰ ਡੂਪਰੇ, ਸੁਪਰਵਾਈਜ਼ਰ ਸਟੀਵ ਸਮਿਥ, ਮਾਈਕ ਜਗਮਾਰ ਸੁਪਰਵਾਈਜ਼ਰ, ਜੈਫ ਬੂਨ ਸੁਪਰਵਾਈਜ਼ਰ ਸਟਰ ਕਾਊਂਟੀ ਤੋਂ ਇਲਾਵਾ ਸਾਰੇ ਕੌਂਸਲ ਮੈਂਬਰ ਇਸ ਸਮਾਗਮ ਵਿਚ ਸ਼ਾਮਿਲ ਹੋਏ। ਇਸ ਤੋਂ ਇਲਾਵਾ ਕ੍ਰਿਸ ਚੈਪਲਨ ਸੀਈਓ ਐਡਵਾਂਟੇਜ ਹੈਥ ਕੇਅਰ, ਨੀਲ ਹੇਜ ਜੋ ਡਿਸਟ੍ਰਿਕ ਕਾਊਂਟੀ ਦੇ ਬਿਲਡਿੰਗ ਵਿਭਾਗ ਦੇ ਮੁਖੀ ਹਨ, ਬਕਾਇਦਾ ਤੌਰ ’ਤੇ ਇਸ ਸਮਾਗਮ ਵਿਚ ਸ਼ਾਮਿਲ ਹੋਏ। ਉਕਤ ਸਾਰੇ ਅਹੁਦੇਦਾਰਾਂ ਤੇ ਆਫੀਸਲਜ਼ ਨੂੰ ਸਨਮਾਨਿਤ ਕੀਤਾ ਗਿਆ।

ਸਿੱਖ ਭਾਈਚਾਰੇ ਦੇ ਮੁੱਖ ਬੁਲਾਰਿਆਂ ’ਚ ਡਾਕਟਰ ਅਮਰਜੀਤ ਸਿੰਘ, ਡਾਕਟਰ ਪ੍ਰਿਤਪਾਲ ਸਿੰਘ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਧਾਮੀ ਅਕਾਲੀ ਦਲ, ਜਸਵੰਤ ਸਿੰਘ ਹੋਠੀ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਬਖਸ਼ੀਸ਼ ਸਿੰਘ ਸਿੱਖਸ ਫਾਰ ਜਸਟਿਸ ਸਰਬਜੀਤ ਸਿੰਘ ਸਾਬੀ, ਕਮਲਜੀਤ ਕਾਹਲੋਂ ਯੂਨਾਈਟਡ ਸਿੱਖਸ, ਬਸੰਤ ਸਿੰਘ ਸਿੱਖ ਯੂਥ ਆਫ ਅਮਰੀਕਾ ਨਿਊਜਰਸੀ, ਭੁਪਿੰਦਰ ਕੌਰ ਯੂਨਾਈਟਡ ਸਿੱਖਸ, ਗੁਰਿੰਦਰਜੀਤ ਸਿੰਘ ਮਾਨ੍ਹਾ ਸਿੱਖ ਫੈਡਰੇਸ਼ਨ ਆਫ ਯੂ.ਐੱਸ.ਏ., ਹਰਬੰਸ ਸਿੰਘ ਪੰਮਾ ਤੋਂ ਇਲਾਵਾ ਬਾਹਰਲੇ ਦੇਸ਼ਾਂ ਤੋਂ ਆਏ ਬੁਲਾਰਿਆਂ ਨੇ ਵੀ ਆਪਣੇ-ਆਪਣੇ ਵਿਚਾਰ ਰੱਖੇ। ਯੂਬਾ ਸਿਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ।

ਐਤਕਾਂ ਵੀ ਵੱਡੀ ਪੱਧਰ ’ਤੇ ਇੱਕ ਆਰਜੀ ਬਾਜ਼ਾਰ ’ਚ ਵੱਖ-ਵੱਖ ਦੁਕਾਨਦਾਰਾਂ ਨੇ ਆਪੋ-ਆਪਣੇ ਸਟਾਲ ਲਾਏ ਹੋਏ ਸੀ, ਜਿਸ ਤੋਂ ਸੰਗਤਾਂ ਨੇ ਭਾਰੀ ਤਾਦਾਦ ’ਚ ਸਮਾਨ ਖਰੀਦਿਆ। ਇਸ ਤੋਂ ਇਲਾਵਾ ਵੱਖ-ਵੱਖ ਧਾਰਮਿਕ ਸਿਆਸੀ ਤੇ ਬਿਜ਼ਨਸ ਸਟਾਲਾਂ ’ਚ ਲੋਕਾਂ ਨੇ ਆਪਣਾ ਪ੍ਰਚਾਰ ਕੀਤਾ। ਵਿਸ਼ੇਸ਼ ਤੌਰ ’ਤੇ ਸ਼ੈਰਿਫ ਡਿਪਾਰਟਮੈਂਟ, ਪੁਲਿਸ ਡਿਪਾਰਟਮੈਂਟ, ਆਰਮੀ ਤੇ ਸਿੱਖਾਂ ਦੀ ਸ਼ਹੀਦੀਆਂ ਤੇ ਸਿੱਖਾਂ ਦੇ ਇਤਿਹਾਸ ਨੂੰ ਦਰਸਾਉਂਦੀਆਂ ਹੋਈਆਂ ਝਲਕੀਆਂ ਵੀ ਵੱਖ-ਵੱਖ ਸਟਾਲਾਂ ਤੋਂ ਦੇਖੀਆਂ ਗਈਆਂ। ਇਸ ਉਪਰੰਤ ਜਿੱਥੇ ਸਿੱਖ ਭਾਈਚਾਰੇ ਨੇ ਵੱਡੀ ਤਾਦਾਦ ਵਿਚ ਇਸ ਵਿਸ਼ਾਲ ਨਗਰ ਕੀਰਤਨ ਵਿਚ ਸਮੂਲੀਅਤ ਕੀਤੀ, ਉਥੇ ਨਾਲ-ਨਾਲ ਅਮਰੀਕਨ ਲੋਕਾਂ ਨੇ ਲੰਗਰਾਂ ਦਾ ਆਨੰਦ ਮਾਣਿਆ। ਐਤਕਾਂ ਵੀ ਸਿਆਸੀ ਪਨਾਹ ਵਾਲੇ ਮੁੰਡਿਆਂ ਨੇ ਆਪਣੇ ਕੇਸਾਂ ’ਚ ਮਦਦ ਲਈ ਝੰਡਿਆਂ ਤੇ ਫਲੋਟਾਂ ਨਾਲ ਖੂਬ ਫੋਟੋਆਂ ਕਰਵਾਈਆਂ। ਇਸ ਵਾਰੀ ਆਈਸ ਵਲੋਂ ਫੜਨ-ਫੜਾਉਣ ਦੀ ਅਫ਼ਵਾਹ ਵੀ ਫਲਾਈ ਗਈ ਸੀ। ਇਸ ਤੋਂ ਇਲਾਵਾ ਵਿਸ਼ਵ ਭਰ ਦੇ ਮੀਡੀਏ ਨੇ ਇਸ ਸਪੈਸ਼ਲ ਨਗਰ ਕੀਰਤਨ ਨੂੰ ਕਵਰੇਜ ਕੀਤਾ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ ਅਤੇ ਸੈਕਟਰੀ ਤਜਿੰਦਰ ਸਿੰਘ ਦੋਸਾਂਝ ਨੇ ਗੱਲਬਾਤ ਦੌਰਾਨ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸ਼ਾਂਤੀਪੂਰਵਕ ਨੇਪਰੇ ਚੜ੍ਹੇ ਕਾਰਜ ਨੇ ਸਿੱਖ ਭਾਈਚਾਰੇ ਪ੍ਰਤੀ ਬਾਕੀ ਭਾਈਚਾਰਿਆਂ ਵਿਚ ਹੋਰ ਸਤਿਕਾਰ ਪੈਦਾ ਕੀਤਾ ਹੈ। ਅੱਗੋਂ ਤੋਂ ਵੀ ਸੰਗਤ ਦਾ ਇਹੀ ਸਹਿਯੋਗ ਦੀ ਆਸ ਰਹੇਗੀ। ਐਤਕਾਂ ਜਿੱਥੇ ਸਕਿਉਰਟੀ ਪੱਖੋਂ ਅਤੇ ਹੋਰ ਮੁੱਖ ਪ੍ਰਬੰਧਾਂ ਦੀ ਪ੍ਰਬੰਧਕਾਂ ਦੀ ਤਾਰੀਫ ਕਰਨੀ ਬਣਦੀ ਹੈ, ਉੱਥੇ ਦੂਸਰੇ ਪਾਸੇ ਕੁਝ ਗੱਲਾਂ ਐਤਕਾਂ ਸੰਗਤਾਂ ਨੂੰ ਰੜਕਦੀਆਂ ਰਹੀਆਂ, ਜਿਨ੍ਹਾਂ ਵਿਚ ਬੱਸਾਂ ਦਾ ਬੇਟਾਇਮ ਪ੍ਰਬੰਧ ਤੇ ਸੰਗਤਾਂ ਨੂੰ ਬੱਸਾਂ ਹੋਣ ਦੇ ਬਾਵਜੂਦ ਜ਼ਿਆਦਾ ਲਾਈਨਾਂ ’ਤੇ ਤੁਰਨ ਦੀ ਮੁਸ਼ਕਿਲ।

ਭਾਵੇਂ ਕਿ ਸੰਗਤ ਇਥੇ ਗੁਰਬਾਣੀ ਸੁਣਨ ਲਈ ਪਹੁੰਚੀ ਹੋਈ ਸੀ। ਪਰ ਉਨ੍ਹਾਂ ਵਿਚੋਂ ਕਈਆਂ ਨੂੰ

### ਸਫਾ 1 ਦਾ ਬਾਕੀ ਨਿਊਯਾਰਕ ’ਚ ਜ਼ੋਹਰਾਨ ਮਮਦਾਨੀ ...

ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਉਨ੍ਹਾਂ ਦਾ ਕਾਫ਼ੀ ਸਮਰਥਨ ਕੀਤਾ ਤੇ ਵੋਟ ਪਾ ਕੇ ਉਨ੍ਹਾਂ ਨੂੰ ਸ਼ਹਿਰ ਦਾ ਮੇਅਰ ਬਣਾਇਆ। ਜ਼ੋਹਰਾਨ ਮਮਦਾਨੀ ਨੇ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਲਈ ਬੁਨਿਆਦੀ ਤਬਦੀਲੀਆਂ ਦਾ ਸਮਰਥਨ ਕੀਤਾ ਹੈ।

ਇਸ ਤੋਂ ਇਲਾਵਾ ਅਮਰੀਕਾ ’ਚ ਵੱਖ-ਵੱਖ ਥਾਂਵਾਂ ’ਤੇ ਹੋਈਆਂ ਚੋਣਾਂ ’ਚ ਡੈਮੋਕ੍ਰੇਟਿਕ ਪਾਰਟੀ ਨੇ ਮੋਰਚਾ ਫਤਿਹ ਕਰ ਲਿਆ ਹੈ। ਨਿਊਯਾਰਕ ਸਿਟੀ ਦੇ ਮੇਅਰ ਤੋਂ ਇਲਾਵਾ ਸਮੇਤ ਅਟਲਾਂਟਾ, ਸਿਨਸਿਨਾਟੀ, ਡੈਟਰੋਇਟ, ਜਰਸੀ ਸਿਟੀ, ਮਿਨੀਐਪਲਿਸ, ਪਿਟਸਬਰਗ ਤੋਂ ਵੀ ਡੈਮਕ੍ਰੋਟਿਕ ਉਮੀਦਵਾਰ ਮੇਅਰ ਦੀਆਂ ਚੋਣਾਂ ਜਿੱਤੇ ਹਨ। ਵਰਜੀਨੀਆ ਚੋਣਾਂ ਵਿਚ ਗਰਵਨਰ, ਲੈਫਟੀਨੈਂਟ ਗਵਰਨਰ, ਅਟਾਰਨੀ ਜਨਰਲ ਅਤੇ ਹਾਊਸ ਆਫ ਡੈਲੀਗੇਟ ਦੀਆਂ ਚੋਣਾਂ ਵਿਚ ਡੈਮੋਕ੍ਰੇਟ ਦੇ ਸਾਰੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕਰ ਲਈ ਹੈ। ਨਿਊਜਰਸੀ ਤੋਂ ਵੀ ਗਵਰਨਰ ਦੀ ਚੋਣ ’ਚ ਡੈਮੋਕ੍ਰੇਟਿਕ ਉਮੀਦਵਾਰ ਦੇ ਜਿੱਤਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਕੈਲੀਫੋਰਨੀਆ ਵਿਚ ਪ੍ਰੋਪੋਜ਼ੀਸ਼ਨ-50 ਪਾਸ ਹੋ ਗਿਆ ਹੈ। ਡ੍ਰੈਮੋਕ੍ਰੇਟਿਕ ਗਵਰਨਰ ਗੈਵਿਨ ਨਿਊਸਮ ਅਤੇ ਉਨ੍ਹਾਂ ਦੀ ਪਾਰਟੀ ਕੈਲੀਫੋਰਨੀਆ ਲਈ ਇਕ ਨਵਾਂ ਕਾਂਗਰੇਸ਼ਨਲ ਜ਼ਿਲ੍ਹਾ ਨਕਸ਼ਾ ਅਪਣਾਉਣ ਦਾ ਰਾਹ ਪੱਧਰਾ ਕਰ ਚੁੱਕੇ ਹਨ। ਇਸ ਜਿੱਤ ਨਾਲ ਡੈਮੋਕ੍ਰੇਟ ਪਾਰਟੀ ਨੂੰ ਅਗਲੇ ਸਾਲ ਹੋਣ ਵਾਲੀਆਂ ਮੱਧਕਾਲੀ ਚੋਣਾਂ ਅਤੇ ਉਸ ਤੋਂ ਬਾਅਦ ਹੋਣ ਵਾਲੀਆਂ 2 ਚੋਣਾਂ ਲਈ ਡੈਮੋਕ੍ਰੇਟਸ ਦੇ ਜਿੱਤਣ ਦਾ ਰਾਹ ਪੱਧਰਾ ਹੋ ਗਿਆ ਹੈ। ਇਹ ਪ੍ਰਸਤਾਵ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਈ ਰਾਜਾਂ ਵਿਚ ਰਿਪਬਲਿਕਨਾਂ ਦੇ ਪੱਖ ਵਿਚ ਜ਼ਿਲ੍ਹਾ ਨਕਸ਼ਿਆਂ ਨੂੰ ਬਣਾਉਣ ਦੇ ਜਵਾਬ ’ਚ ਤਿਆਰ ਕੀਤਾ ਗਿਆ ਹੈ, ਜਿਵੇਂ ਕਿ GOP ਅਗਲੇ ਸਾਲ ਆਪਣੇ ਹਾਊਸ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

### ਸਫਾ 1 ਦਾ ਬਾਕੀ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ...

ਸਿੱਖਾਂ ਦੇ ਧਾਰਮਿਕ ਅਧਿਕਾਰਾਂ, ਵਿਲੱਖਣ ਅਤੇ ਨਿਆਰੇਪਣ ਦਾ ਸਤਿਕਾਰ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ।

ਇਸੇ ਤਰ੍ਹਾਂ ਇਕ ਮਹੱਤਵਪੂਰਨ ਮਤੇ ਰਾਹੀਂ ਸਿੱਖਾਂ ਦੁਆਰਾ ਭਾਰਤ ਦੀ ਆਜ਼ਾਦੀ, ਦੇਸ਼ ਦੀ ਏਕਤਾ, ਸੁਰੱਖਿਆ ਅਤੇ ਖ਼ੁਸ਼ਹਾਲੀ ਲਈ ਪਾਏ ਬੇਮਿਸਾਲ ਯੋਗਦਾਨ ਦੀ ਗੱਲ ਕਰਦਿਆਂ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਪੰਜਾਬ ਦੇ ਹੱਕਾਂ, ਹਿੱਤਾਂ ਅਤੇ ਸਿੱਖ ਕੌਮ ਦੀ ਵਾਜ਼ਿਬ ਮੰਗਾਂ ਨੂੰ ਅਣਡਿੱਠ ਨਾ ਕੀਤਾ ਜਾਵੇ। ਮਤੇ ਰਾਹੀਂ ਕਿਹਾ ਗਿਆ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ, ਜਿਸ ’ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ, ਨੂੰ ਹੋਰਨਾਂ ਰਾਜਾਂ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਜਾਣ ਤੋਂ ਰੋਕਿਆ ਜਾਵੇ ਅਤੇ ਸਤਲੁਜ ਯਮੁਨਾ ਲਿੰਕ ਨਹਿਰ ਸਬੰਧੀ ਕਾਰਵਾਈ ’ਤੇ ਵੀ ਰੋਕ ਲਗਾਈ ਜਾਵੇ। ਚੰਡੀਗੜ੍ਹ ਜੋ ਪੰਜਾਬ ਨੂੰ ਉਜਾੜ ਕੇ ਬਣਿਆ ਹੈ ਅਤੇ ਸੂਬੇ ਦੇ ਰਾਜਧਾਨੀ ਵੀ ਹੈ, ਨੂੰ ਪੂਰੀ ਤਰ੍ਹਾਂ ਪੰਜਾਬ ਦੇ ਹਵਾਲੇ ਕੀਤਾ ਜਾਵੇ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ’ਚ ਪੰਜਾਬ ਦੀ ਭਾਗੇਦਾਰੀ ਬਰਕਰਾਰ ਰੱਖੀ ਜਾਵੇ ਅਤੇ ਮਨਮਰਜ਼ੀ ਦੇ ਫੈਸਲੇ ਥੋਪਣ ਦੀਆਂ ਹਰਕਤਾਂ ਬੰਦ ਕੀਤੀਆਂ ਜਾਣ। ਪੰਜਾਬ ਦੀ ਆਰਥਿਕਤਾ ਦਾ ਆਧਾਰ ਖੇਤੀਬਾੜੀ ਸਬੰਧੀ ਫੈਸਲੇ ਕਿਸਾਨਾਂ ਅਤੇ ਰਾਜ ਦੇ ਸਲਾਹ ਨਾਲ ਕੀਤੇ ਜਾਣ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਸਰਹੱਦੀ ਸੂਬੇ ਪੰਜਾਬ ਦੇ ਸਰੋਤਾਂ, ਕਰਾਂ ਤੇ ਨੀਤੀਆਂ ਦੇ ਪੂਰੇ ਹੱਕ ਹਕੂਕ ਸੂਬੇ ਨੂੰ ਦਿੱਤੇ ਜਾਣ। ਸਿੱਖਾਂ ਦੀ ਅੱਡਰੀ ਪਛਾਣ, ਇਤਿਹਾਸ ਅਤੇ ਸਿਧਾਂਤ ਨੂੰ ਦੇਸ਼ ਅੰਦਰ ਮਿਲਦੀਆਂ ਚੁਣੌਤੀਆਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਹਰ ਰਾਜ ਸਰਕਾਰਾਂ ਨੂੰ ਆਦੇਸ਼ ਕਰੇ ਕਿ ਉਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਨ। ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਕਕਾਰਾਂ ਸਮੇਤ ਬੈਠਣ ਤੋਂ ਰੋਕਣ ਦੀਆਂ ਮੰਦਭਾਗੀਆਂ ਘਟਨਾਵਾਂ ਵੀ ਸਖ਼ਤੀ ਨਾਲ ਰੋਕੀਆਂ ਜਾਣ।

ਇਕ ਮਤੇ ’ਚ ਹਾਲ ਹੀ ਵਿਚ ਆਏ ਹੜ੍ਹਾਂ ’ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਇਸ ਲਈ ਸਿੱਧੇ ਤੌਰ ’ਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਮਤੇ ਵਿਚ ਕਿਹਾ ਗਿਆ ਕਿ ਹੜ੍ਹਾਂ ਨਾਲ ਵੱਡੀ ਪੱਧਰ ’ਤੇ ਘਰ, ਖੇਤ ਅਤੇ ਫਸਲਾਂ ਦਾ ਨੁਕਸਾਨ ਹੋਇਆ ਹੈ, ਜਿਸ ਨੇ ਪੰਜਾਬ ਦੀ ਆਰਥਿਕਤਾ ਨੂੰ ਕਈ ਸਾਲ ਪਿੱਛੇ ਧੱਕ ਦਿੱਤਾ ਹੈ। ਮਤੇ ਵਿਚ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਰਹਿਣ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਸ਼੍ਰੋਮਣੀ ਕਮੇਟੀ ਦੀਆਂ ਰਾਹਤ ਸੇਵਾਵਾਂ ਵਿਚ ਹਿੱਸਾ ਬਣਨ ਵਾਲੀਆਂ ਸੰਸਥਾਵਾਂ, ਸੰਗਤਾਂ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਮੁਲਾਜ਼ਮਾਂ ਦੇ ਯਤਨਾਂ ਦੀ ਪ੍ਰਸ਼ੰਸਾ ਵੀ ਕੀਤੀ ਗਈ। ਮਤੇ ’ਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹਾਂ ਦੌਰਾਨ ਨਿਭਾਈਆਂ ਰਾਹਤ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ ਗਈ।

ਇਸੇ ਤਰ੍ਹਾਂ ਇਕ ਹੋਰ ਮਤੇ ਰਾਹੀਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦਾ ਕੁਝ ਅਰਸੇ ਤੋਂ ਬੰਦ ਲਾਂਘਾ ਮੁੜ ਖੋਲ੍ਹਣ ਦੀ ਭਾਰਤ ਸਰਕਾਰ ਪਾਸੋਂ ਮੰਗੀ ਕੀਤੀ ਗਈ। ਮਤੇ ’ਚ ਸਰਕਾਰ ਨੂੰ ਪਾਸਪੋਰਟ ਦੀ ਸ਼ਰਤ ਖ਼ਤਮ ਕਰਨ ਅਤੇ ਪ੍ਰਕਿਰਿਆ ਸੁਖਾਲੀ ਕਰਨ ਲਈ ਵੀ ਆਖਿਆ ਗਿਆ।

# ਟਰੱਕ ਹਾਦਸਾ: ਭਾਰਤੀ ਟਰੱਕ ਡਰਾਈਵਰ ਹਾਦਸੇ ਸਮੇਂ ਨਸ਼ੇ ’ਚ ਨਹੀਂ ਸੀ; ਅਮਰੀਕੀ ਅਧਿਕਾਰੀ ਵੱਲੋਂ ਖੁਲਾਸਾ

**ਸੈਕਰਾਮੈਂਟੋ, (ਪੰਜਾਬ ਮੇਲ)**- ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਪਿਛਲੇ ਮਹੀਨੇ ਕੈਲੀਫੋਰਨੀਆ ਵਿਚ ਆਪਣੇ ਟਰੱਕ ਨਾਲ ਟੱਕਰ ਮਾਰ ਕੇ ਤਿੰਨ ਲੋਕਾਂ ਦੀ ਜਾਨ ਲੈਣ ਵਾਲਾ ਭਾਰਤੀ ਮੂਲ ਦਾ ਟਰੱਕ ਡਰਾਈਵਰ ਉਦੋਂ ਨਸ਼ੇ ਦੀ ਹਾਲਤ ਵਿਚ ਨਹੀਂ ਸੀ, ਪਰ ਇਹ ਵੱਡੀ ਅਣਗਹਿਲੀ ਕਾਰਨ ਹੋਈ ਹੱਤਿਆ ਦਾ ਮਾਮਲਾ ਬਣਿਆ ਹੋਇਆ ਹੈ। ਪਹਿਲਾਂ ਦਾਅਵਾ ਕੀਤਾ ਗਿਆ ਸੀ ਕਿ ਹਾਦਸੇ ਮੌਕੇ ਟਰੱਕ ਦਾ ਡਰਾਈਵਰ ਨਸ਼ੇ ਵਿਚ ਧੁੱਤ ਸੀ। ਯੂਬਾ ਸਿਟੀ ਨਿਵਾਸੀ 21



ਸਾਲਾ ਜਸ਼ਨਪ੍ਰੀਤ ਸਿੰਘ ਨੂੰ 21 ਅਕਤੂਬਰ ਨੂੰ ਨਸ਼ੇ ਵਿਚ ਗੱਡੀ ਚਲਾਉਣ (ਡੀ.ਯੂ.ਆਈ.) ਦੇ ਸ਼ੱਕ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਉੱਤੇ ਵੱਡੀ ਲਾਪਰਵਾਹੀ ਨਾਲ ਗੱਡੀ ਚਲਾਉਣ ਅਤੇ ਡੀ.ਯੂ.ਆਈ. ਕਾਰਨ ਕਈ ਵਾਹਨਾਂ ਦੀ ਟੱਕਰ ਵਿਚ ਸੱਟ ਮਾਰਨ ਦਾ ਦੋਸ਼ ਲਗਾਇਆ ਗਿਆ ਸੀ।

# ਹਰਜਿੰਦਰ ਸਿੰਘ ਧਾਮੀ ਲਗਾਤਾਰ 5ਵੀਂ ਵਾਰ ਬਣੇ ਐੱਸ.ਜੀ.ਪੀ.ਸੀ. ਦੇ ਪ੍ਰਧਾਨ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਕ ਵਾਰ ਫਿਰ ਐਡਵੋਕੇਟ ਹਰਜਿੰਦਰ ਸਿੰਘ ਬਣੇ ਹਨ। ਦੁਪਹਿਰ 12 ਵਜੇ ਦੇ ਕਰੀਬ ਸ੍ਰੀ ਹਰਿਮੰਦਰ ਸਾਹਿਬ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਅਰਦਾਸ ਉਪਰੰਤ ਵੋਟਿੰਗ ਸ਼ੁਰੂ ਹੋਈ ਸੀ। ਇਸ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਨਵੇਂ ਪ੍ਰਧਾਨ ਲਈ ਵੋਟਿੰਗ ਕੀਤੀ ਗਈ। ਇਸ ਦੌਰਾਨ ਐਡਵੋਕੇਟ ਧਾਮੀ ਨੇ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਹਰਾ ਕੇ ਫਿਰ ਤੋਂ ਚੋਣ ਜਿੱਤੀ ਹੈ। ਧਾਮੀ ਨੂੰ 117 ਵੋਟਾਂ ਮਿਲੀਆਂ ਹਨ, ਜਦਕਿ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ 18 ਵੋਟਾਂ ਪ੍ਰਾਪਤ ਹੋਈਆਂ। ਇੱਥੇ ਇਹ ਵੀ ਦੱਸਣਯੋਗ ਹੈ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪੰਜਵੀਂ ਵਾਰ ਪ੍ਰਧਾਨ ਬਣ ਗਏ ਹਨ।

ਦੱਸ ਦੇਈਏ ਕਿ ਜਨਰਲ ਇਜਲਾਸ ਦੌਰਾਨ ਹੋਈ ਚੋਣ ਮੌਕੇ ਕੁੱਲ 136 ਵੋਟਾਂ ਪਈਆਂ, ਜਿਸ ’ਚੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ 117 ਵੋਟਾਂ ਪਈਆਂ ਅਤੇ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਸਿਰਫ਼ 18 ਵੋਟਾਂ ਮਿਲੀਆਂ। ਇਨ੍ਹਾਂ ਵੋਟਾਂ ’ਚੋਂ ਇਕ ਵੋਟ ਰੱਦ ਕੀਤੀ ਗਈ। ਵਰਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਕੁੱਲ 148 ਮੈਂਬਰ ਸਨ। ਜਿਥੇ ਇਕ ਪਾਸੇ ਅਕਾਲੀ ਦਲ ਵੱਲੋਂ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਦੂਜੇ ਪਾਸੇ ਬਾਗੀ ਧੜੇ ਵੱਲੋਂ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਪ੍ਰਧਾਨ ਦੇ ਅਹੁਦੇ ਲਈ ਚੋਣ ਲੜੀ ਹੈ।

**ਜਨਰਲ ਇਜਲਾਸ ਦੌਰਾਨ ਚੁਣੇ ਗਏ ਅਹੁਦੇਦਾਰ ਤੇ ਅੰਤ੍ਰਿੰਗ ਮੈਂਬਰ ਸਾਹਿਬਾਨ ਦੀਆਂ ਤਸਵੀਰਾਂ**



1. ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, 2. ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, 3. ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, 4. ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, 5. ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, 6. ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, 7.ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਕੰਗ, 8. ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, 9. ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, 10. ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, 11. ਅੰਤ੍ਰਿੰਗ ਮੈਂਬਰ ਸ. ਬਲਦੇਵ ਸਿੰਘ ਕਾਇਮਪੁਰ, 12. ਅੰਤ੍ਰਿੰਗ ਮੈਂਬਰ ਸ. ਮੇਜਰ ਸਿੰਘ ਢਿੱਲੋਂ, 13. ਅੰਤ੍ਰਿੰਗ ਮੈਂਬਰ ਸ. ਮੰਗਵਿੰਦਰ ਸਿੰਘ ਖਾਪੜਖੇੜੀ, 14. ਅੰਤ੍ਰਿੰਗ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ 15. ਅੰਤ੍ਰਿੰਗ ਮੈਂਬਰ ਸ. ਮਿੱਠੂ ਸਿੰਘ ਕਾਹਨੇਕੇ।

# ਤੁਲਸੀ ਗੈਬਾਰਡ ਵੱਲੋਂ ਦੂਜੇ ਦੇਸ਼ਾਂ 'ਚ ਸੱਤਾ ਤਬਦੀਲੀ ਕਰਨ ਦੀ ਅਮਰੀਕਾ ਨੀਤੀ ਖੁੱਲ੍ਹ ਕੇ ਸਵੀਕਾਰ

**■ ਕਿਹਾ: ਦੂਜੇ ਦੇਸ਼ਾਂ ਦੀਆਂ ਸਰਕਾਰਾਂ ਡੇਗਣ 'ਚ ਅਮਰੀਕਾ ਦਿੰਦੈ ਦਖਲ**



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਟਰੰਪ ਪ੍ਰਸ਼ਾਸਨ 'ਚ ਖੁਫੀਆ ਵਿਭਾਗ ਦੀ ਡਾਇਰੈਕਟਰ ਤੁਲਸੀ ਗੈਬਾਰਡ ਨੇ ਦੂਜੇ ਦੇਸ਼ਾਂ ਵਿਚ ਸੱਤਾ ਤਬਦੀਲੀ ਕਰਨ ਦੀ ਨੀਤੀ ਨੂੰ ਖੁੱਲ੍ਹ ਕੇ ਸਵੀਕਾਰ ਕੀਤਾ ਹੈ। ਉਨ੍ਹਾਂ ਸਵੀਕਾਰ ਕੀਤਾ ਕਿ ਦਹਾਕਿਆਂ ਤੋਂ ਅਮਰੀਕੀ ਸਰਕਾਰ ਦੂਜੇ ਦੇਸ਼ਾਂ ਵਿਚ ਦਖਲਅੰਦਾਜ਼ੀ ਕਰ ਕੇ ਸੱਤਾ ਤਬਦੀਲੀ ਕਰਵਾਉਂਦੀ ਆ ਰਹੀ ਹੈ ਪਰ ਇਸ ਨੀਤੀ ਨੇ ਵਿਸ਼ਵਵਿਆਪੀ ਸੁਰੱਖਿਆ ਨੂੰ ਵਧਾਉਣ ਦੀ ਥਾਂ ਅਮਰੀਕਾ ਦੇ ਦੁਸ਼ਮਣਾਂ ਦੀ ਗਿਣਤੀ ਵਧਾ ਦਿੱਤੀ ਹੈ। ਤੁਲਸੀ ਨੇ ਆਈ.ਐੱਸ.ਆਈ.ਐੱਸ. ਅਤੇ ਅਲਕਾਇਦਾ ਨੂੰ ਅਮਰੀਕਾ ਦੀ ਇਸ ਦਖਲਅੰਦਾਜ਼ੀ ਵਾਲੀ ਨੀਤੀ ਦਾ ਹੀ ਨਤੀਜਾ ਮੰਨਿਆ। ਹਾਲਾਂਕਿ, ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਅਧੀਨ ਇਸ ਨੀਤੀ ਦੇ ਖਾਤਮੇ ਦਾ ਵੀ ਐਲਾਨ ਕੀਤਾ ਹੈ। ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟ੍ਰੈਟੇਜਿਕ ਸਟੱਡੀਜ਼ ਵੱਲੋਂ ਆਯੋਜਿਤ ਮਨਾਮਾ ਡਾਇਲਾਗ 'ਚ ਆਪਣੀ ਗੱਲ ਰੱਖਦੇ ਹੋਏ ਗੈਬਾਰਡ ਨੇ ਕਿਹਾ ਕਿ ਅਮਰੀਕਾ ਦੀ ਇਹ ਦਖਲਅੰਦਾਜ਼ੀ ਨੀਤੀ ਅਕਸਰ ਵਾਸ਼ਿੰਗਟਨ 'ਤੇ ਉਲਟੀ ਪੈਂਦੀ ਸੀ। ਗੈਬਾਰਡ ਨੇ ਕਿਹਾ ਕਿ ਕਈ ਦਹਾਕਿਆਂ ਤੋਂ ਸਾਡੀ ਵਿਦੇਸ਼ ਨੀਤੀ ਦੂਜੇ ਦੇਸ਼ਾਂ ਦੇ ਸ਼ਾਸਨ ਨੂੰ ਬਦਲਣ ਅਤੇ ਫਿਰ ਉਸ ਰਾਸ਼ਟਰ ਨੂੰ ਬਣਾਉਣ ਦੀ ਕੋਸ਼ਿਸ਼ ਦੇ ਇਕ ਵਿਅਰਥ ਅਤੇ ਬੇਅੰਤ ਚੱਕਰ ਵਿਚ ਫਸੀ ਹੋਈ ਸੀ। ਇਹ ਕਿਸੇ ਦੇਸ਼ ਦੇ ਸ਼ਾਸਨ ਨੂੰ ਪੁੱਟ ਸੁੱਟਣ ਅਤੇ ਉਸ 'ਤੇ ਆਪਣੀ ਸਰਕਾਰ ਦੀ ਪ੍ਰਣਾਲੀ ਥੋਪਣ ਦੀ ਕੋਸ਼ਿਸ਼ ਕਰਨ ਦਾ ਸੰਘਰਸ਼ ਕਰਨਾ ਸਾਡੇ 'ਤੇ ਹੀ ਉਲਟਾ ਪੈਂਦਾ ਸੀ। ਇਸਦੇ ਕਾਰਨ ਅਸੀਂ ਆਪਣੇ ਸਹਿਯੋਗੀਆਂ ਤੋਂ ਜ਼ਿਆਦਾ ਦੁਸ਼ਮਣਾਂ ਨੂੰ ਵਧਾ ਲਿਆ ਹੈ।

ਟਰੰਪ ਪ੍ਰਸ਼ਾਸਨ ਦੀ ਅਹਿਮ ਮੈਂਬਰ ਤੁਲਸੀ ਗੈਬਾਰਡ ਨੇ ਸਵੀਕਾਰ ਕੀਤਾ ਕਿ ਇਸ ਨੀਤੀ ਦੇ ਨਤੀਜੇ ਬਹੁਤ ਹੀ ਵਿਨਾਸ਼ਕਾਰੀ ਸਨ। ਉਨ੍ਹਾਂ ਕਿਹਾ ਕਿ ਇਸ ਨੀਤੀ ਦੇ ਨਤੀਜੇ ਵਜੋਂ ਅਣਗਿਣਤ ਜਾਨਾਂ ਗਈਆਂ ਹਨ ਅਤੇ ਬਹੁਤ ਸਾਰੇ ਮਾਮਲਿਆਂ ਵਿਚ ਹੋਰ ਵੀ ਵੱਡੇ ਅਤੇ ਗੰਭੀਰ ਸੁਰੱਖਿਆ ਖਤਰੇ ਹੋ ਗਏ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਜ਼ਨ ਦੀ ਪ੍ਰਸ਼ੰਸਾ ਕਰਦੇ ਹੋਏ ਗੈਬਾਰਡ ਨੇ ਕਿਹਾ ਕਿ ਟਰੰਪ ਦੇ ਦੂਜੇ ਕਾਰਜਕਾਲ ਵਿਚ ਸੰਯੁਕਤ ਸੂਬਾ ਅਮਰੀਕਾ ਦੀ ਨੀਤੀ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਆਰਥਿਕ ਖੁਸ਼ਹਾਲੀ ਅਤੇ ਖੇਤਰੀ ਸਥਿਰਤਾ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਹੈ।

ਗੈਬਾਰਡ ਟਰੰਪ ਦੀ ਅਗਵਾਈ ਹੇਠ ਅਮਰੀਕਾ ਦੀ ਇਹ ਨੀਤੀ ਹਾਲ ਹੀ ਵਿਚ ਗਾਜ਼ਾ ਜੰਗਬੰਦੀ ਦੌਰਾਨ ਵੀ ਦੇਖੀ ਗਈ ਸੀ। ਇਸ ਵਿਚ ਗਾਜ਼ਾ ਵਿਚ ਜਾਰੀ ਜੰਗ ਦੀ ਸਮਾਪਤੀ ਅਤੇ ਈਰਾਨ ਦੇ ਪ੍ਰਮਾਣੂ ਕੇਂਦਰਾਂ 'ਤੇ ਅਮਰੀਕਾ ਵੱਲੋਂ ਕੀਤੇ ਗਏ ਹਮਲੇ ਸ਼ਾਮਲ ਹਨ, ਜਿਸਦੇ ਕਾਰਨ ਇਜ਼ਰਾਈਲ ਅਤੇ ਈਰਾਨ ਦਾ ਸੰਘਰਸ਼ ਖਤਮ ਹੋਇਆ। ਗੈਬਾਰਡ ਨੇ ਗਾਜ਼ਾ ਵਿਚ ਜਾਰੀ ਜੰਗਬੰਦੀ ਨੂੰ ਅਜੇ ਵੀ ਨਾਜ਼ੁਕ ਹਾਲਾਤ ਵਿਚ ਦੱਸਿਆ।

## ਅਮਰੀਕਾ 'ਚ ਮਨੁੱਖੀ ਤਸਕਰੀ ਦੇ ਦੋਸ਼ ਹੇਠ ਭਾਰਤੀ ਜੋੜੇ 'ਤੇ ਲੱਗੀ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਤੋਂ ਇਕ ਹੈਰਾਨੀਜਨਕ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਵੱਖ-ਵੱਖ ਮਹਾਂਦੀਪਾਂ ਤੋਂ ਲੋਕਾਂ ਦੀ ਸਮੱਗਲਿੰਗ ਕਰਕੇ ਅਮਰੀਕਾ ਲਿਆਉਣ ਵਾਲੇ ਇਕ ਭਾਰਤੀ ਨਾਗਰਿਕ, ਉਸ ਦੀ ਪਤਨੀ, ਉਸ ਦੇ ਸੰਗਠਨ ਅਤੇ ਘੱਟ-ਘੱਟ 16 ਕੰਪਨੀਆਂ 'ਤੇ ਅਮਰੀਕੀ ਸੰਘੀ ਅਥਾਰਿਟੀਆਂ ਨੇ ਪਾਬੰਦੀ ਲਾ ਦਿੱਤੀ ਹੈ।

ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਵਿਕ੍ਰਾਂਤ ਭਾਰਦਵਾਜ ਅਤੇ ਮੈਕਸੀਕੋ ਸਥਿਤ ਉਸ ਦੇ ਅੰਤਰਰਾਸ਼ਟਰੀ ਅਪਰਾਧਕ ਸੰਗਠਨ 'ਭਾਰਦਵਾਜ ਹਿਊਮਨ ਸਮਲਿੰਗ ਆਰਗੇਨਾਈਜ਼ੇਸ਼ਨ' ਨੇ ਆਵਾਜਾਈ ਦੇ ਵੱਖ-ਵੱਖ ਸਾਧਨਾਂ ਰਾਹੀਂ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਨੂੰ ਅਮਰੀਕਾ 'ਚ ਦਾਖਲਾ ਦਿਵਾਇਆ, ਜਿਸ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਹੋਇਆ।

ਭਾਰਦਵਾਜ, ਉਸ ਦੇ ਸੰਗਠਨ, ਤਿੰਨ ਹੋਰ ਵਿਅਕਤੀਆਂ ਅਤੇ 16 ਕੰਪਨੀਆਂ ਨੂੰ ਉਨ੍ਹਾਂ ਅਪਰਾਧਕ ਸਰਗਰਮੀਆਂ ਨਾਲ ਲਾਭ ਹੋਇਆ, ਜਿਨ੍ਹਾਂ 'ਤੇ ਅਮਰੀਕਾ ਦੇ ਵਿਦੇਸ਼ੀ ਜਾਇਦਾਦ ਕੰਟਰੋਲ ਸਬੰਧੀ ਵਿੱਤ ਦਫ਼ਤਰ (ਓ.ਐੱਫ.ਏ.ਸੀ.) ਨੇ ਪਾਬੰਦੀਆਂ ਲਾਈਆਂ ਹੋਈਆਂ ਹਨ।

## ਅਮਰੀਕੀ ਅਦਾਲਤ ਵੱਲੋਂ ਪੋਰਟਲੈਂਡ 'ਚ ਫੌਜ ਤਾਇਨਾਤ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਫੈਸਲੇ 'ਤੇ ਰੋਕ

**ਪੋਰਟਲੈਂਡ, (ਪੰਜਾਬ ਮੇਲ)**- ਓਰੇਗਨ ਦੇ ਇੱਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੂੰ ਪੋਰਟਲੈਂਡ ਵਿਚ ਸ਼ੁੱਕਰਵਾਰ ਤੱਕ ਨੈਸ਼ਨਲ ਗਾਰਡ ਤਾਇਨਾਤ ਕਰਨ ਤੋਂ ਰੋਕ ਦਿੱਤਾ ਹੈ ਅਤੇ ਕਿਹਾ ਕਿ ਉਸ ਨੂੰ "ਕੋਈ ਭਰੋਸੇਯੋਗ ਸਬੂਤ" ਨਹੀਂ ਮਿਲਿਆ, ਜਿਸ ਨਾਲ ਇਹ ਸਾਬਤ ਹੋ ਸਕੇ ਕਿ ਇਸ ਸਾਲ ਦੇ ਸ਼ੁਰੂ ਵਿਚ ਸ਼ਹਿਰ ਵਿਚ ਹੋਏ ਵਿਰੋਧ ਪ੍ਰਦਰਸ਼ਨ ਕਾਬੂ ਤੋਂ ਬਾਹਰ ਹੋ ਗਏ ਸਨ, ਜਿਸ ਕਾਰਨ ਰਾਸ਼ਟਰਪਤੀ ਨੂੰ ਫੌਜ ਤਾਇਨਾਤ ਕਰਨੀ ਪਈ। ਸ਼ਹਿਰ ਅਤੇ ਰਾਜ ਨੇ ਸਤੰਬਰ ਵਿਚ ਇਸ ਤਾਇਨਾਤੀ ਨੂੰ ਰੋਕਣ ਲਈ ਮੁਕੱਦਮਾ ਦਾਇਰ ਕੀਤਾ ਸੀ।

ਜੱਜ ਦਾ ਇਹ ਫੈਸਲਾ ਪੋਰਟਲੈਂਡ, ਸ਼ਿਕਾਗੋ ਅਤੇ ਹੋਰ ਅਮਰੀਕੀ ਸ਼ਹਿਰਾਂ ਵਿਚ ਹਫ਼ਤਿਆਂ ਦੀਆਂ ਕਾਨੂੰਨੀ ਲੜਾਈਆਂ ਦੇ ਵਿਚਕਾਰ ਆਇਆ ਹੈ, ਜਿੱਥੇ ਟਰੰਪ ਪ੍ਰਸ਼ਾਸਨ ਨੇ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਨੈਸ਼ਨਲ ਗਾਰਡ ਕਰਮਚਾਰੀਆਂ ਨੂੰ ਤਾਇਨਾਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਟਰੰਪ ਦੁਆਰਾ ਨਿਯੁਕਤ ਕੀਤੀ ਗਈ ਜ਼ਿਲ੍ਹਾ ਅਦਾਲਤ ਦੀ ਜੱਜ ਕੈਰਿਨ ਇਮਰਗੁਟ ਇਹ ਹੁਕਮ ਤਿੰਨ ਦਿਨਾਂ ਦੀ ਸੁਣਵਾਈ ਤੋਂ ਬਾਅਦ ਜਾਰੀ ਕੀਤਾ।

ਸੁਣਵਾਈ ਦੌਰਾਨ, ਦੋਵਾਂ ਧਿਰਾਂ ਨੇ ਇਸ ਮੁੱਦੇ 'ਤੇ ਬਹਿਸ ਕੀਤੀ ਕਿ ਕੀ ਸ਼ਹਿਰ ਦੇ ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਇਮਾਰਤ ਵਿਚ ਹੋਏ ਪ੍ਰਦਰਸ਼ਨਾਂ ਦੌਰਾਨ ਫੌਜ ਤਾਇਨਾਤ ਕਰਨਾ ਸੰਘੀ ਕਾਨੂੰਨ ਦੀ ਪਾਲਣਾ ਕਰਦਾ ਹੈ ਜਾਂ ਨਹੀਂ। ਐਤਵਾਰ ਦੇਰ ਰਾਤ ਜਾਰੀ ਕੀਤੇ ਗਏ 16 ਪੰਨਿਆਂ ਦੇ ਹੁਕਮ ਵਿਚ, ਇਮਰਗੁਟ ਨੇ ਕਿਹਾ ਕਿ ਉਹ ਸ਼ੁੱਕਰਵਾਰ ਨੂੰ ਅੰਤਿਮ ਫੈਸਲਾ ਜਾਰੀ ਕਰੇਗੀ ਕਿਉਂਕਿ ਸੁਣਵਾਈ ਦੌਰਾਨ 750 ਤੋਂ ਵੱਧ ਗਵਾਹ ਸਮੇਤ ਵੱਡੀ ਗਿਣਤੀ ਵਿਚ ਸਬੂਤ ਪੇਸ਼ ਕੀਤੇ ਗਏ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL
SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਅਮਰੀਕੀ 'ਚ ਭਾਰਤੀ ਬਿਜ਼ਨੈੱਸਮੈਨ 'ਤੇ 500 ਮਿਲੀਅਨ ਡਾਲਰ ਦੇ ਘੁਟਾਲੇ ਦਾ ਦੋਸ਼

**ਵਾਸ਼ਿੰਗਟਨ, (ਪੰਜਾਬ ਮੇਲ)**– ਅਮਰੀਕਾ 'ਚ ਭਾਰਤੀ ਮੂਲ ਦੇ ਟੈਲੀਕਾਮ ਕੰਪਨੀ ਦੇ ਸੀ.ਈ.ਓ. ਬੰਕਿਮ ਬ੍ਰਹਮਭੱਟ 'ਤੇ 500 ਮਿਲੀਅਨ ਡਾਲਰ (4,000 ਕਰੋੜ ਰੁਪਏ ਤੋਂ ਵੱਧ) ਦੇ ਵੱਡੇ ਵਿੱਤੀ ਘੁਟਾਲੇ ਦਾ ਦੋਸ਼ ਲੱਗਾ ਹੈ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਅਨੁਸਾਰ, ਬ੍ਰਹਮਭੱਟ ਨੇ ਜਾਅਲੀ ਗਾਹਕ ਖਾਤੇ ਅਤੇ ਮਾਲੀਆ ਦਸਤਾਵੇਜ਼ ਬਣਾ ਕੇ ਅਮਰੀਕੀ ਬੈਂਕਾਂ ਤੋਂ ਕਾਫ਼ੀ ਕਰਜ਼ੇ ਪ੍ਰਾਪਤ ਕੀਤੇ। ਬ੍ਰਹਮਭੱਟ ਬ੍ਰੌਡਬੈਂਡ ਟੈਲੀਕਾਮ ਅਤੇ ਬ੍ਰਿਜਵੌਇਸ ਨਾਮਕ ਕੰਪਨੀਆਂ ਦੇ ਮਾਲਕ ਹਨ। ਰਿਪੋਰਟ ਅਨੁਸਾਰ, ਉਸਨੇ ਕਈ ਨਿਵੇਸ਼ਕਾਂ ਨੂੰ ਇਹ ਵਿਸ਼ਵਾਸ ਕਰਨ ਲਈ ਗੁੰਮਰਾਹ ਕੀਤਾ ਕਿ ਉਸਦੇ ਕਾਰੋਬਾਰਾਂ ਵਿਚ ਮਜ਼ਬੂਤ ਆਮਦਨ

**■ ਕੰਪਨੀ ਨੇ ਦੀਵਾਲੀਆਪਨ ਲਈ ਦਾਇਰ ਕੀਤੀ ਪਟੀਸ਼ਨ**

ਅਤੇ ਗਾਹਕ ਅਧਾਰ ਹਨ, ਜਦੋਂਕਿ ਅਸਲੀਅਤ ਵਿਚ ਉਹ ਕਈ ਗੈਰ-ਮੌਜੂਦ ਗਾਹਕਾਂ ਅਤੇ ਜਾਅਲੀ ਲੈਣ-ਦੇਣ 'ਤੇ ਆਧਾਰਿਤ ਸਨ।

ਇਸ ਘੁਟਾਲੇ ਵਿਚ ਪ੍ਰਮੁੱਖ ਨਿਵੇਸ਼ ਫਰਮ ਐੱਚ.ਪੀ.ਐੱਸ. ਇਨਵੈਸਟਮੈਂਟ ਪਾਰਟਨਰਜ਼ ਅਤੇ ਗਲੋਬਲ ਐਸੇਟ ਮੈਨੇਜਮੈਂਟ ਦਿੱਗਜ ਬਲੈਕਰੌਕ ਦੁਆਰਾ ਸਮਰਥਤ ਫੰਡ ਵੀ ਸ਼ਾਮਲ ਸਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲੈਣਦਾਰਾਂ ਨੇ ਅਗਸਤ 2024 ਵਿਚ ਮੁਕੱਦਮਾ ਦਾਇਰ ਕੀਤਾ, ਜਿਸ ਵਿਚ ਦੋਸ਼ ਲਗਾਇਆ ਗਿਆ ਕਿ ਬ੍ਰਹਮਭੱਟ ਨੇ ਗੈਰ-ਮੌਜੂਦ ਮਾਲੀਆ ਸਰੋਤਾਂ ਨੂੰ ਕਰਜ਼ਾ ਗਾਰੰਟੀ ਵਜੋਂ ਵਾਅਦਾ ਕੀਤਾ ਸੀ।

ਐੱਚ.ਪੀ.ਐੱਸ. ਨੇ ਸਤੰਬਰ 2020 ਵਿਚ ਬ੍ਰਹਮਭੱਟ ਦੀਆਂ ਕੰਪਨੀਆਂ ਵਿਚੋਂ ਇੱਕ ਨੂੰ ਕਰਜ਼ਾ ਦੇਣਾ ਸ਼ੁਰੂ ਕੀਤਾ ਅਤੇ ਇਹ ਰਕਮ ਹੌਲੀ-ਹੌਲੀ 2021 ਦੇ ਸ਼ੁਰੂ ਵਿਚ $385 ਮਿਲੀਅਨ ਅਤੇ ਅਗਸਤ 2024 ਤੱਕ $430 ਮਿਲੀਅਨ ਹੋ ਗਈ। ਇਨ੍ਹਾਂ ਕਰਜ਼ਿਆਂ ਵਿਚੋਂ ਲਗਭਗ ਅੱਧੇ ਬੀ.ਐੱਨ.ਪੀ. ਪਰਿਬਾਸ ਬੈਂਕ ਦੁਆਰਾ ਵਿੱਤ ਕੀਤੇ ਗਏ ਸਨ। ਉਸ ਦੀਆਂ ਕੰਪਨੀਆਂ ਨੇ ਹੁਣ ਅਧਿਆਇ 11 ਦੀਵਾਲੀਆਪਨ ਸੁਰੱਖਿਆ ਲਈ ਅਰਜ਼ੀ ਦਿੱਤੀ ਹੈ, ਜੋ ਕੰਪਨੀਆਂ ਨੂੰ ਅਮਰੀਕੀ ਕਾਨੂੰਨ ਦੇ ਤਹਿਤ ਪੁਨਰਗਠਨ ਕਰਨ ਦੀ ਆਗਿਆ ਦਿੰਦੀ ਹੈ।

# ਅਮਰੀਕਾ 'ਚ ਸ਼ੱਟਡਾਊਨ ਕਾਰਨ ਹਵਾਈ ਆਵਾਜਾਈ ਪ੍ਰਭਾਵਿਤ

**ਵਾਸ਼ਿੰਗਟਨ, (ਪੰਜਾਬ ਮੇਲ)**– ਅਮਰੀਕੀ ਸਰਕਾਰ ਦੇ ਸ਼ੱਟਡਾਊਨ ਕਾਰਨ ਪੂਰੇ ਦੇਸ਼ ਦੇ ਹਵਾਈ ਆਵਾਜਾਈ ਕੰਟਰੋਲ ਕੇਂਦਰ ਤਨਖਾਹਾਂ ਤੇ ਸਟਾਫ ਦੀ ਘਾਟ ਦੇ ਨਾਲ ਹੀ ਵਿੱਤੀ ਸੰਕਟ ਨਾਲ ਵੀ ਜੂਝ ਰਹੇ ਹਨ। ਇਸ ਕਾਰਨ ਸ਼ੁੱਕਰਵਾਰ ਹਵਾਈ ਅੱਡਿਆਂ 'ਤੇ ਉਡਾਣਾਂ 'ਚ ਦੇਰੀ ਹੋਈ। ਸਰਕਾਰੀ ਫੰਡਾਂ ਦੀ ਘਾਟ ਕਾਰਨ ਮੌਜੂਦਾ ਸ਼ੱਟਡਾਊਨ ਨੂੰ ਇਕ ਮਹੀਨਾ ਹੋ ਗਿਆ ਹੈ।

ਅਮਰੀਕੀ ਆਵਾਜਾਈ ਸਕੱਤਰ ਸ਼ੌਨ ਡਫੀ ਨੇ ਚਿਤਾਵਨੀ ਦਿੱਤੀ ਹੈ ਕਿ ਮੁਸਾਫਰਾਂ ਨੂੰ ਉਡਾਣਾਂ 'ਚ ਹੋਰ ਦੇਰੀ ਹੋਣ ਜਾਂ ਉਨ੍ਹਾਂ ਦੇ ਰੱਦ ਹੋਣ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ 1 ਅਕਤੂਬਰ ਤੋਂ ਸ਼ੁਰੂ ਹੋਏ ਸ਼ੱਟਡਾਊਨ ਦੌਰਾਨ ਦੇਸ਼ ਦੇ 'ਕੰਟਰੋਲਰ' ਬਿਨਾਂ ਤਨਖਾਹ ਤੋਂ ਕੰਮ ਕਰ ਰਹੇ ਹਨ।

ਡਫੀ ਨੇ ਅਮਰੀਕੀ ਸਫਰ 'ਤੇ ਬੰਦ ਦੇ ਅਸਰ ਬਾਰੇ ਚਰਚਾ ਕਰਨ ਲਈ ਉਪ ਰਾਸ਼ਟਰਪਤੀ ਜੇ. ਡੀ. ਵੇਂਸ ਅਤੇ ਹਵਾਬਾਜ਼ੀ ਉਦਯੋਗ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ। ਸ਼ੱਟਡਾਊਨ ਉਦੋਂ ਹੁੰਦਾ ਹੈ, ਜਦੋਂ ਸਰਕਾਰੀ ਫੰਡਿੰਗ ਖਤਮ ਹੋ ਜਾਂਦੀ ਹੈ। ਪੈਕੇਜ ਨੂੰ ਸੰਸਦ ਵੱਲੋਂ ਮਨਜ਼ੂਰੀ ਦੇਣੀ ਪੈਂਦੀ ਹੈ। ਜੇ ਅਜਿਹਾ ਨਹੀਂ ਕੀਤਾ ਜਾਂਦਾ ਹੈ, ਤਾਂ ਸ਼ੱਟਡਾਊਨ ਲਾਇਆ ਜਾਂਦਾ ਹੈ।

# ਟਰੰਪ ਦੇ ਕੈਨੇਡਾ 'ਤੇ ਟੈਰਿਫ ਲਾਉਣ ਦੇ ਅਧਿਕਾਰ ਨੂੰ ਖਤਮ ਕਰਨ ਨਾਲ ਸੰਬੰਧਤ ਬਿੱਲ ਪਾਸ

**ਵਾਸ਼ਿੰਗਟਨ, (ਪੰਜਾਬ ਮੇਲ)**– ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੈਨੇਟ 'ਚ ਇਕ ਹੋਰ ਝਟਕਾ ਲੱਗਾ ਹੈ। ਦਰਅਸਲ, ਸੰਸਦ (ਕਾਂਗਰਸ) ਦੇ ਉੱਪਰੀ ਹਾਊਸ ਦੇ ਮੈਂਬਰਾਂ ਨੇ ਟਰੰਪ ਪ੍ਰਸ਼ਾਸਨ ਦੇ ਉਸ ਫੈਸਲੇ ਖਿਲਾਫ 50-46 ਦੇ ਫਰਕ ਨਾਲ ਵੋਟਿੰਗ ਕੀਤੀ, ਜਿਸ ਦੇ ਤਹਿਤ ਉਨ੍ਹਾਂ ਨੇ ਕੈਨੇਡਾ 'ਤੇ ਭਾਰੀ ਇੰਪੋਰਟ ਡਿਊਟੀ (ਟੈਰਿਫ) ਲਾਏ ਸਨ। ਟਰੰਪ ਨੇ ਹਾਲ 'ਚ ਕੈਨੇਡਾ 'ਤੇ 10 ਫੀਸਦੀ ਵਾਧੂ ਟੈਰਿਫ ਇਸ ਲਈ ਵਧਾ ਦਿੱਤੇ ਸਨ, ਕਿਉਂਕਿ ਉੱਥੋਂ ਦੇ ਇਕ ਟੈਲੀਵਿਜ਼ਨ ਇਸ਼ਤਿਹਾਰ 'ਚ ਉਨ੍ਹਾਂ ਦੀਆਂ ਵਪਾਰ ਨੀਤੀਆਂ ਦੀ ਆਲੋਚਨਾ ਕੀਤੀ ਗਈ ਸੀ। ਰਿਪਬਲਿਕਨ ਪਾਰਟੀ ਦੇ 4 ਸੈਨੇਟਰ-ਸੂਸਾਨ ਕਾਲਿਨਸ (ਮੇਨ), ਮਿਸ਼ੇਲ ਮੈਕਕੋਨੇਲ (ਕੇਂਟਕੀ), ਲਿਸਾ ਮੁਰਕੋਵਸਕੀ (ਅਲਾਸਕਾ) ਅਤੇ ਰੈਂਡ ਪਾਲ (ਕੇਂਟਕੀ) ਨੇ ਡੈਮੋਕ੍ਰੇਟਿਕ ਸੈਨੇਟਰ ਨਾਲ ਮਿਲ ਕੇ ਮਤੇ ਦਾ ਸਮਰਥਨ ਕੀਤਾ, ਜਿਸ ਨਾਲ ਟਰੰਪ ਦੇ ਟੈਰਿਫ ਲਾਉਣ ਦੇ ਅਧਿਕਾਰ ਨੂੰ ਖਤਮ ਕੀਤਾ ਜਾ ਸਕੇ। ਸੈਨੇਟ ਨੇ ਇਸ ਤੋਂ ਪਹਿਲਾਂ ਵੀ 2 ਅਪ੍ਰੈਲ ਨੂੰ ਇਹੀ ਮਤਾ ਪਾਸ ਕੀਤਾ ਸੀ ਪਰ ਉਦੋਂ ਰਿਪਬਲਿਕਨ ਪਾਰਟੀ ਦੇ ਕੰਟਰੋਲ ਵਾਲੇ ਹਾਊਸ ਨੇ ਇਸ ਨੂੰ ਅੱਗੇ ਨਹੀਂ ਵਧਾਇਆ ਸੀ। ਇਸ ਮਤੇ ਨੂੰ ਡੈਮੋਕ੍ਰੇਟਿਕ ਪਾਰਟੀ ਦੇ ਸੀਨੇਟਰ ਟਿਮ ਕੇਨ (ਵਰਜੀਨੀਆ) ਨੇ ਦੁਬਾਰਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਟਰੰਪ ਦਾ ਕੈਨੇਡਾ 'ਤੇ ਟੈਰਿਫ ਲਾਉਣਾ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਕਾਨੂੰਨ ਤਹਿਤ ਸਹੀ ਨਹੀਂ ਹੈ।

# ਇਮੀਗ੍ਰੇਸ਼ਨ ਨੀਤੀਆਂ 'ਤੇ ਭਾਰਤੀ ਮੂਲ ਦੀ ਔਰਤ ਨੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੂੰ ਦਿੱਤੀ ਖੁੱਲ੍ਹੀ ਚੁਣੌਤੀ



**ਵਾਸ਼ਿੰਗਟਨ, (ਪੰਜਾਬ ਮੇਲ)**– ਮਿਸੀਸਿਪੀ ਯੂਨੀਵਰਸਿਟੀ ਵਿਚ ਇੱਕ ਜਨਤਕ ਸਮਾਗਮ ਦੌਰਾਨ, ਇੱਕ ਭਾਰਤੀ ਮੂਲ ਦੀ ਔਰਤ ਨੇ ਇਮੀਗ੍ਰੇਸ਼ਨ ਨੀਤੀਆਂ 'ਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੂੰ ਖੁੱਲ੍ਹ ਕੇ ਚੁਣੌਤੀ ਦਿੱਤੀ। ਉਸਨੇ ਡੋਨਾਲਡ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ 'ਤੇ ਸਵਾਲ ਉਠਾਉਂਦੇ ਹੋਏ ਪੁੱਛਿਆ, "ਨਿਯਮਾਂ ਅਨੁਸਾਰ, ਸਖ਼ਤ ਮਿਹਨਤ ਅਤੇ ਪੈਸੇ ਨਾਲ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਹੁਣ ਕੱਢੇ ਜਾਣ ਦੀ ਗੱਲ ਕਿਉਂ ਕੀਤੀ ਜਾ ਰਹੀ ਹੈ?" ਪੂਰੀ ਘਟਨਾ ਕੈਮਰੇ ਵਿਚ ਕੈਦ ਹੋ ਗਈ ਅਤੇ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

ਜਦੋਂ ਸਵਾਲ-ਜਵਾਬ ਸ਼ੁਰੂ ਹੋਇਆ, ਤਾਂ ਭਾਰਤੀ ਮੂਲ ਦੀ ਔਰਤ ਨੇ ਖੜ੍ਹੀ ਹੋ ਕੇ ਕਿਹਾ, "ਜਦੋਂ ਤੁਸੀਂ ਕਹਿੰਦੇ ਹੋ ਕਿ ਇੱਥੇ ਬਹੁਤ ਜ਼ਿਆਦਾ ਪ੍ਰਵਾਸੀ ਹਨ, ਤਾਂ ਇਹ 'ਬਹੁਤ ਜ਼ਿਆਦਾ' ਦੀ ਸੀਮਾ ਕਿਸਨੇ ਨਿਰਧਾਰਤ ਕੀਤੀ? ਤੁਸੀਂ ਸਾਨੂੰ ਇੱਥੇ ਆਉਣ ਲਈ ਕਿਹਾ, ਸਾਡੀ ਜਵਾਨੀ, ਸਾਡੀ ਮਿਹਨਤ, ਇਸ ਦੇਸ਼ ਵਿਚ ਸਾਡਾ ਪੈਸਾ ਲਗਾਇਆ ਅਤੇ ਹੁਣ ਤੁਸੀਂ ਕਹਿੰਦੇ ਹੋ ਕਿ ਅਸੀਂ ਇੱਥੇ ਨਹੀਂ ਰਹਿ ਸਕਦੇ?"

ਵੈਂਸ ਨੇ ਕਿਹਾ, "ਘੱਟ ਲੋਕ ਆਉਣੇ ਚਾਹੀਦੇ ਹਨ, ਤਾਂ ਜੋ ਦੇਸ਼ ਦਾ ਸਮਾਜਿਕ ਢਾਂਚਾ ਸੁਰੱਖਿਅਤ ਰਹੇ।"

ਜੇ.ਡੀ. ਵੈਂਸ ਨੇ ਜਵਾਬ ਦਿੱਤਾ ਕਿ ਸੰਯੁਕਤ ਰਾਜ ਅਮਰੀਕਾ ਨੂੰ ਸਿਰਫ਼ ਸੀਮਤ ਗਿਣਤੀ 'ਚ ਕਾਨੂੰਨੀ ਪ੍ਰਵਾਸੀਆਂ ਨੂੰ ਹੀ ਸਵੀਕਾਰ ਕਰਨਾ ਚਾਹੀਦਾ ਹੈ। ਉਸਨੇ ਦਲੀਲ ਦਿੱਤੀ ਕਿ "ਬੇਕਾਬੂ ਇਮੀਗ੍ਰੇਸ਼ਨ ਦੇਸ਼ ਦੇ ਸਮਾਜਿਕ ਏਕਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।" ਵੈਂਸ ਨੇ ਕਿਹਾ, "ਜੇਕਰ 100 ਲੋਕ ਗੈਰ-ਕਾਨੂੰਨੀ ਤੌਰ 'ਤੇ ਆਉਂਦੇ ਹਨ ਅਤੇ ਦੇਸ਼ ਵਿਚ ਯੋਗਦਾਨ ਪਾਉਂਦੇ ਹਨ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਹੁਣ ਹਰ ਸਾਲ 10 ਲੱਖ ਜਾਂ 1 ਕਰੋੜ ਲੋਕਾਂ ਨੂੰ ਆਉਣ ਦੀ ਆਗਿਆ ਦੇਣੀ ਚਾਹੀਦੀ ਹੈ।"

ਔਰਤ ਨੇ ਪੁੱਛਿਆ, "ਜਦੋਂ ਤੁਸੀਂ ਰਸਤਾ ਦਿਖਾਇਆ, ਤਾਂ ਤੁਸੀਂ ਹੁਣ ਸਾਨੂੰ ਕਿਉਂ ਰੋਕ ਰਹੇ ਹੋ?"




# ਟਰੰਪ ਵੱਲੋਂ ਅਮਰੀਕੀ ਕੰਪਨੀਆਂ 'ਤੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦਾ ਗਲਤ ਇਸਤੇਮਾਲ ਕਰਨ ਦਾ ਦੋਸ਼

**■ ਐੱਚ-1ਬੀ ਵੀਜ਼ਾ ਦੇ 72 ਫ਼ੀਸਦੀ ਅਪਰੂਵਲ ਭਾਰਤੀ ਨਾਗਰਿਕਾਂ ਨੂੰ ਮਿਲਣ ਦਾ ਕੀਤਾ ਦਾਅਵਾ**




**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਕਿਰਤ ਵਿਭਾਗ (ਯੂ.ਐੱਸ. ਡਿਪਾਰਟਮੈਂਟ ਆਫ ਲੇਬਰ) ਨੇ ਸੋਸ਼ਲ ਮੀਡੀਆ 'ਤੇ ਇੱਕ ਨਵਾਂ ਵਿਗਿਆਪਨ ਜਾਰੀ ਕਰਕੇ ਕੰਪਨੀਆਂ 'ਤੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦਾ ਗਲਤ ਇਸਤੇਮਾਲ ਕਰਨ ਅਤੇ ਅਮਰੀਕੀ ਨੌਜਵਾਨਾਂ ਦੀਆਂ ਨੌਕਰੀਆਂ ਵਿਦੇਸ਼ੀ ਕਰਮਚਾਰੀਆਂ ਨਾਲ ਬਦਲਣ ਦਾ ਦੋਸ਼ ਲਗਾਇਆ ਹੈ। ਵੀਡੀਓ ਵਿਚ ਭਾਰਤ ਨੂੰ ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਲਾਭਪਾਤਰੀ ਵਜੋਂ ਉਜਾਗਰ ਕੀਤਾ ਗਿਆ ਹੈ। ਲੇਬਰ ਵਿਭਾਗ ਨੇ ਆਪਣੀ ਐਕਸ ਪੋਸਟ ਵਿਚ ਕਿਹਾ ਕਿ "ਐੱਚ-1ਬੀ ਵੀਜ਼ਾ ਦੀ ਬੇਤਹਾਸ਼ਾ ਦੁਰਵਰਤੋਂ ਕਾਰਨ ਨੌਜਵਾਨ ਅਮਰੀਕੀਆਂ ਦਾ ਅਮਰੀਕਨ ਡ੍ਰੀਮ ਉਨ੍ਹਾਂ ਤੋਂ ਖੋਹ ਲਿਆ ਗਿਆ ਹੈ, ਕਿਉਂਕਿ ਉਨ੍ਹਾਂ ਦੀਆਂ ਨੌਕਰੀਆਂ ਵਿਦੇਸ਼ੀ ਵਰਕਰਾਂ ਨੂੰ ਦੇ ਦਿੱਤੀਆਂ ਗਈਆਂ ਹਨ।"

ਵਿਭਾਗ ਨੇ ਲਿਖਿਆ, ਪ੍ਰਧਾਨ ਮੰਤਰੀ ਡੋਨਾਲਡ ਟਰੰਪ ਅਤੇ ਮੰਤਰੀ ਲੋਰੀ ਚਾਵੇਜ਼-ਡੀਰਿਮਰ ਦੀ ਅਗਵਾਈ ਹੇਠ ਹੁਣ ਅਸੀਂ ਕੰਪਨੀਆਂ ਨੂੰ ਜਵਾਬਦੇਹ ਬਣਾ ਰਹੇ ਹਾਂ ਅਤੇ ਅਮਰੀਕੀ ਲੋਕਾਂ ਲਈ ਅਮਰੀਕਨ ਡ੍ਰੀਮ ਵਾਪਸ ਲੈ ਰਹੇ ਹਾਂ। ਇਹ ਮੁਹਿੰਮ "ਪ੍ਰੋਜੈਕਟ ਫਾਇਰਵਾਲ" ਦੇ ਤਹਿਤ ਚਲਾਈ ਜਾ ਰਹੀ ਹੈ, ਜੋ ਕਿ 2025 ਦੇ ਸਤੰਬਰ ਵਿਚ ਸ਼ੁਰੂ ਹੋਈ ਸੀ। ਇਸ ਮੁਹਿੰਮ ਦਾ ਉਦੇਸ਼ ਕੰਪਨੀਆਂ ਨੂੰ ਤਕਨੀਕੀ ਅਤੇ ਇੰਜੀਨੀਅਰਿੰਗ ਭੂਮਿਕਾਵਾਂ ਵਿਚ ਅਮਰੀਕੀ ਕਰਮਚਾਰੀਆਂ ਨੂੰ ਘੱਟ ਤਨਖਾਹ ਵਾਲੇ ਵਿਦੇਸ਼ੀ ਪੇਸ਼ੇਵਰਾਂ ਨਾਲ ਬਦਲਣ ਤੋਂ ਰੋਕਣਾ ਹੈ।

51 ਸਕਿੰਟਾਂ ਦੇ ਇਸ ਵਿਗਿਆਪਨ ਵਿਚ 1950 ਦੇ ਦਹਾਕੇ ਦੀਆਂ ਅਮਰੀਕਨ ਡ੍ਰੀਮ ਦੀਆਂ ਤਸਵੀਰਾਂ ਦੀ ਆਧੁਨਿਕ ਅੰਕੜਿਆਂ ਨਾਲ ਤੁਲਨਾ ਕੀਤੀ ਗਈ ਹੈ। ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਐੱਚ-1ਬੀ ਵੀਜ਼ਾ ਦੇ 72 ਫ਼ੀਸਦੀ ਅਪਰੂਵਲ ਭਾਰਤੀ ਨਾਗਰਿਕਾਂ ਨੂੰ ਮਿਲਦੇ ਹਨ। ਵੀਡੀਓ ਵਿਚ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਅਮਰੀਕਨ ਨੌਜਵਾਨਾਂ ਲਈ ਨਵਾਂ ਮੌਕਾ ਲੈ ਕੇ ਆ ਰਿਹਾ ਹੈ ਅਤੇ ਕੰਪਨੀਆਂ ਨੂੰ ਅਮਰੀਕੀਆਂ ਨੂੰ ਤਰਜੀਹ ਦੇਣ ਲਈ ਮਜਬੂਰ ਕਰ ਰਿਹਾ ਹੈ।

ਇਹ ਐਡ ਟਰੰਪ ਸਰਕਾਰ ਦੇ ਦੂਜੇ ਕਾਰਜਕਾਲ ਦੇ "ਅਮਰੀਕਾ ਫਸਟ" ਏਜੰਡੇ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਪ੍ਰਸ਼ਾਸਨ ਵੱਲੋਂ ਘੋਸ਼ਣਾ ਕੀਤੀ ਗਈ ਹੈ ਕਿ "ਪ੍ਰੋਜੈਕਟ ਫਾਇਰਵਾਲ" ਤਹਿਤ ਉਨ੍ਹਾਂ ਕੰਪਨੀਆਂ ਦੀ ਵਿਆਪਕ ਆਡਿਟ ਕੀਤੀ ਜਾਵੇਗੀ, ਜੋ ਐੱਚ-1ਬੀ ਵੀਜ਼ਾ ਪ੍ਰਣਾਲੀ ਰਾਹੀਂ ਘੱਟ ਤਨਖਾਹਾਂ 'ਤੇ ਵਿਦੇਸ਼ੀ ਮਜ਼ਦੂਰਾਂ ਨੂੰ ਭਰਤੀ ਕਰਦੀਆਂ ਹਨ ਜਾਂ ਅਮਰੀਕੀ ਕਰਮਚਾਰੀਆਂ ਨੂੰ ਹਟਾਉਂਦੀਆਂ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਅਮਰੀਕੀ ਪ੍ਰਸ਼ਾਸਨ ਵਿਦੇਸ਼ੀਆਂ ਲਈ ਵਰਕ ਪਰਮਿਟਾਂ ਦੀ ਆਟੋਮੈਟਿਕ ਮਿਆਦ ਨੂੰ ਹੋਰ ਨਹੀਂ ਵਧਾਏਗਾ

**■ ਵੱਡੀ ਗਿਣਤੀ 'ਚ ਭਾਰਤੀ ਪ੍ਰਵਾਸੀਆਂ ਅਤੇ ਵਰਕਰਾਂ 'ਤੇ ਫੈਸਲੇ ਦਾ ਅਸਰ ਪੈਣ ਦੀ ਸੰਭਾਵਨਾ**

**ਨਵੀਂ ਦਿੱਲੀ, (ਪੰਜਾਬ ਮੇਲ)**- ਅਮਰੀਕਾ 'ਚ ਰਹਿ ਰਹੇ ਭਾਰਤੀ ਪ੍ਰਵਾਸੀਆਂ ਅਤੇ ਵਰਕਰਾਂ ਲਈ ਇਹ ਇੱਕ ਵੱਡਾ ਝਟਕਾ ਹੈ, ਕਿਉਂਕਿ ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀ.ਐੱਚ.ਐੱਸ.) ਨੇ ਇੱਕ ਅੰਤਰਿਮ ਨਿਯਮ ਰਾਹੀਂ ਐਲਾਨ ਕੀਤਾ ਹੈ ਕਿ ਉਹ ਹੁਣ ਤੋਂ ਵਿਦੇਸ਼ੀਆਂ ਲਈ ਵਰਕ ਪਰਮਿਟਾਂ ਦੀ ਆਟੋਮੈਟਿਕ ਮਿਆਦ ਨੂੰ ਹੋਰ ਨਹੀਂ ਵਧਾਏਗਾ। ਇਸ ਫੈਸਲੇ ਦਾ ਅਸਰ ਵੱਡੀ ਗਿਣਤੀ ਵਿਚ ਭਾਰਤੀ ਪ੍ਰਵਾਸੀਆਂ ਅਤੇ ਵਰਕਰਾਂ 'ਤੇ ਪੈਣ ਦੀ ਸੰਭਾਵਨਾ ਹੈ।

ਇਸ ਨਵੇਂ ਨਿਯਮ ਨਾਲ ਹਜ਼ਾਰਾਂ ਭਾਰਤੀ ਐੱਚ-1ਬੀ ਵੀਜ਼ਾ ਧਾਰਕਾਂ, ਐੱਚ-4 ਨਿਰਭਰ ਜੀਵਨ ਸਾਥੀਆਂ, ਐੱਸ.ਟੀ.ਈ.ਐੱਮ. ਓ.ਪੀ.ਟੀ. (STEM OPT) ਐਕਸਟੈਂਸ਼ਨਾਂ 'ਤੇ ਵਿਦਿਆਰਥੀਆਂ, ਅਤੇ ਗ੍ਰੀਨ ਕਾਰਡ ਬਿਨੈਕਾਰਾਂ ਨੂੰ ਪ੍ਰਭਾਵਿਤ ਕਰਨ ਦੀ ਉਮੀਦ ਹੈ, ਜਿਨ੍ਹਾਂ ਦੀਆਂ ਰੀਨਿਊਅਲ ਅਰਜ਼ੀਆਂ ਪੈਂਡਿੰਗ ਹਨ। ਉਹ ਵਿਦੇਸ਼ੀ ਜਿਹੜੇ 30 ਅਕਤੂਬਰ, 2025 ਨੂੰ ਜਾਂ ਉਸ ਤੋਂ ਬਾਅਦ ਆਪਣੇ ਰੁਜ਼ਗਾਰ ਅਧਿਕਾਰ ਦਸਤਾਵੇਜ਼ (ਈ.ਏ.ਡੀ.ਐੱਸ.) ਨੂੰ ਰੀਨਿਊ ਕਰਨ ਲਈ ਫਾਈਲ ਕਰਨਗੇ, ਉਨ੍ਹਾਂ ਨੂੰ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਹੁਣ ਨਹੀਂ ਮਿਲੇਗੀ। ਡੀ.ਐੱਚ.ਐੱਸ. ਨੇ ਸਪੱਸ਼ਟ ਕੀਤਾ ਹੈ ਕਿ ਇਹ ਛੋਟ ਸਿਰਫ਼ ਕੁਝ ਖਾਸ ਮਾਨਵਤਾਵਾਦੀ ਮਾਮਲਿਆਂ 'ਤੇ ਹੀ ਲਾਗੂ ਹੋਵੇਗੀ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਇਹ ਕਦਮ ਭਾਰਤੀ ਪੇਸ਼ੇਵਰਾਂ ਲਈ ਇੱਕ ਵੱਡਾ ਝਟਕਾ ਹੈ। ਆਟੋਮੈਟਿਕ ਐਕਸਟੈਂਸ਼ਨ ਇੱਕ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਿਵਸਥਾ ਸੀ, ਜੋ ਵਿਅਕਤੀਆਂ ਨੂੰ ਰੀਨਿਊਅਲ ਲਈ ਅਰਜ਼ੀ ਦੇਣ ਤੋਂ ਬਾਅਦ 180 ਦਿਨਾਂ ਤੱਕ ਕੰਮ ਕਰਨਾ ਜਾਰੀ ਰੱਖਣ ਦੀ ਇਜਾਜ਼ਤ ਦਿੰਦੀ ਸੀ। ਇਸ ਵਿਵਸਥਾ ਦੇ ਖਤਮ ਹੋਣ ਨਾਲ ਹਜ਼ਾਰਾਂ ਲੋਕਾਂ ਨੂੰ ਮਜਬੂਰਨ ਤਨਖਾਹ ਤੋਂ ਬਿਨਾਂ ਛੁੱਟੀ ਲੈਣੀ ਪੈ ਸਕਦੀ ਹੈ ਜਾਂ ਉਹ ਆਪਣੀਆਂ ਨੌਕਰੀਆਂ ਗੁਆ ਸਕਦੇ ਹਨ।

ਇਸ ਫੈਸਲੇ ਦਾ ਸਭ ਤੋਂ ਵੱਧ ਪ੍ਰਭਾਵ ਉਨ੍ਹਾਂ ਐੱਚ-4 ਵੀਜ਼ਾ ਧਾਰਕਾਂ (ਐੱਚ-1ਬੀ ਵਰਕਰਾਂ ਦੇ ਜੀਵਨ ਸਾਥੀਆਂ) 'ਤੇ ਪਵੇਗਾ ਜੋ ਰੁਜ਼ਗਾਰ ਲਈ ਈ.ਏ.ਡੀ.ਐੱਸ. 'ਤੇ ਨਿਰਭਰ ਕਰਦੇ ਹਨ। ਬਹੁਤ ਸਾਰੇ ਭਾਰਤੀ ਪਰਿਵਾਰ ਦੋਹਰੀ ਆਮਦਨ 'ਤੇ ਨਿਰਭਰ ਕਰਦੇ ਹਨ, ਅਤੇ ਇਸ ਰੁਕਾਵਟ ਕਾਰਨ ਉਨ੍ਹਾਂ 'ਤੇ ਗੰਭੀਰ ਵਿੱਤੀ ਤਣਾਅ ਪੈਦਾ ਹੋ ਸਕਦਾ ਹੈ। ਇਹ ਖਾਸ ਤੌਰ 'ਤੇ ਤਕਨਾਲੋਜੀ, ਸਿਹਤ ਸੰਭਾਲ ਅਤੇ ਵਿੱਤ ਵਰਗੇ ਉਦਯੋਗਾਂ ਨੂੰ ਪ੍ਰਭਾਵਿਤ ਕਰੇਗਾ, ਜਿੱਥੇ ਵੱਡੀ ਗਿਣਤੀ ਵਿਚ ਭਾਰਤੀ ਕਰਮਚਾਰੀ ਹਨ। ਅਧਿਕਾਰੀਆਂ ਨੇ ਕਿਹਾ ਕਿ ਨਵੇਂ ਨਿਯਮ ਦਾ ਉਦੇਸ਼ ਅਮਰੀਕਾ ਵਿਚ ਰੁਜ਼ਗਾਰ ਦੀ ਇਜਾਜ਼ਤ ਮੰਗਣ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਵਧੇਰੇ ਅਕਸਰ ਜਾਂਚ ਦੀ ਆਗਿਆ ਦੇਣਾ ਹੈ। ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੇ ਡਾਇਰੈਕਟਰ ਜੋਸੇਫ ਐਡਲੋਅ ਨੇ ਕਿਹਾ ਕਿ ਇਹ ਤਬਦੀਲੀ ਧੋਖਾਧੜੀ ਦਾ ਪਤਾ ਲਗਾਉਣ ਅਤੇ "ਸੰਭਾਵੀ ਤੌਰ 'ਤੇ ਨੁਕਸਾਨਦੇਹ ਇਰਾਦਿਆਂ ਵਾਲੇ ਵਿਦੇਸ਼ੀਆਂ" ਦੀ ਪਛਾਣ ਕਰਨ ਵਿਚ ਮਦਦ ਕਰੇਗੀ। ਯੂ.ਐੱਸ.ਸੀ.ਆਈ.ਐੱਸ. ਨੇ ਵਿਦੇਸ਼ੀ ਵਰਕਰਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀਆਂ ਰੀਨਿਊਅਲ ਅਰਜ਼ੀਆਂ ਮਿਆਦ ਪੁੱਗਣ ਤੋਂ 180 ਦਿਨ ਪਹਿਲਾਂ ਤੱਕ ਦਾਖਲ ਕਰ ਦੇਣ। ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਇਹ ਨਵਾਂ ਨਿਯਮ ਦੇਸ਼ ਨੂੰ ਸੁਰੱਖਿਅਤ ਰੱਖਣ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਲਈ ਮਜ਼ਬੂਤ ਜਾਂਚ 'ਤੇ ਕੇਂਦ੍ਰਿਤ ਹੈ। ਇਹ ਫੈਸਲਾ ਸਾਬਕਾ ਰਾਸ਼ਟਰਪਤੀ ਬਾਇਡਨ ਦੇ ਪ੍ਰਸ਼ਾਸਨ ਦੇ ਅਧੀਨ ਲਾਗੂ ਕੀਤੀ ਗਈ ਪਿਛਲੀ ਨੀਤੀ ਨੂੰ ਖਤਮ ਕਰਦਾ ਹੈ। ਬਾਇਡਨ ਪ੍ਰਸ਼ਾਸਨ ਦੀ ਨੀਤੀ ਤਹਿਤ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਪੁੱਗਣ ਤੋਂ ਬਾਅਦ ਵੀ 540 ਦਿਨਾਂ ਤੱਕ ਕੰਮ ਜਾਰੀ ਰੱਖਣ ਦੀ ਇਜਾਜ਼ਤ ਮਿਲ ਜਾਂਦੀ ਸੀ, ਬਸ਼ਰਤੇ ਉਨ੍ਹਾਂ ਨੇ ਸਮੇਂ ਸਿਰ ਨਵੀਨੀਕਰਨ ਲਈ ਅਰਜ਼ੀ ਦਿੱਤੀ ਹੋਵੇ।



# ਬੀ.ਬੀ.ਐੱਮ.ਬੀ. ਮੁੱਦਾ: ਕੇਂਦਰੀ ਤਜਵੀਜ਼ ਖਿਲਾਫ਼ ਆਵਾਜ਼ ਉਠਾਏਗਾ ਪੰਜਾਬ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐੱਮ.ਬੀ.) ਵਿਚ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਤੋਂ ਦੋ ਨਵੇਂ ਮੈਂਬਰ ਨਿਯੁਕਤ ਕਰਨ ਦੀ ਕੇਂਦਰੀ ਤਜਵੀਜ਼ ਖ਼ਿਲਾਫ਼ ਆਵਾਜ਼ ਉੱਤਰੀ ਜ਼ੋਨਲ ਕੌਂਸਲ ਦੀ ਆਗਾਮੀ ਮੀਟਿੰਗ 'ਚ ਉਠਾਏਗੀ। ਉੱਤਰੀ ਜ਼ੋਨਲ ਕੌਂਸਲ ਦੀ ਅਗਲੀ ਮੀਟਿੰਗ 17 ਨਵੰਬਰ ਨੂੰ ਹੋ ਰਹੀ ਹੈ, ਜਿਸ 'ਚ ਪੰਜਾਬ ਬੀ.ਬੀ.ਐੱਮ.ਬੀ. 'ਚ ਪੰਜਾਬ ਦੇ ਹੱਕਾਂ ਨੂੰ ਕਮਜ਼ੋਰ ਕੀਤੇ ਜਾਣ ਦੀ ਸਾਜ਼ਿਸ਼ ਦਾ ਮੁੱਦਾ ਚੁੱਕੇਗਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਕੇਂਦਰੀ ਤਜਵੀਜ਼ ਨੂੰ ਸੰਘੀ ਢਾਂਚੇ ਨੂੰ ਢਾਹ ਲਾਉਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਇਸ ਮਾਮਲੇ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਖਲ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਬਾਰੇ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਪੰਜਾਬ ਸਰਕਾਰ ਦੀ ਭਾਵਨਾ ਤੋਂ ਜਾਣੂ ਕਰਵਾ ਦਿੱਤਾ ਹੈ ਅਤੇ ਕਿਹਾ ਕਿ ਉਹ ਪੰਜਾਬ ਨਾਲ ਧੱਕੇਸ਼ਾਹੀ ਦਾ ਮਾਮਲਾ ਹਰ ਮੰਚ 'ਤੇ ਚੁੱਕਣਗੇ। ਦੱਸਣਯੋਗ ਹੈ ਕਿ ਕੇਂਦਰੀ ਬਿਜਲੀ ਮੰਤਰਾਲੇ ਨੇ 10 ਅਕਤੂਬਰ ਨੂੰ ਬੀ.ਬੀ.ਐੱਮ.ਬੀ. 'ਚ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਨੂੰ ਬਤੌਰ ਮੈਂਬਰ ਲੈਣ



ਦੀ ਤਜਵੀਜ਼ 'ਤੇ ਹਿੱਸੇਦਾਰ ਸੂਬਿਆਂ ਦੀ ਟਿੱਪਣੀ ਮੰਗੀ ਸੀ, ਜਦਕਿ ਪੰਜਾਬ ਲੰਘੇ ਸਮੇਂ ਤੋਂ ਬੀ.ਬੀ.ਐੱਮ.ਬੀ. 'ਚ ਪੰਜਾਬ ਦੀ ਸਥਾਈ ਪ੍ਰਤੀਨਿਧਤਾ ਦੀ ਮੰਗ ਉਠਾਉਂਦਾ ਆ ਰਿਹਾ ਹੈ।

ਕੇਂਦਰ ਸਰਕਾਰ ਬੀ.ਬੀ.ਐੱਮ.ਬੀ. 'ਚ ਸਾਰੇ ਸੂਬਿਆਂ ਨੂੰ ਮੈਂਬਰ ਬਣਾਉਣ ਦੀ ਤਜਵੀਜ਼ 'ਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ ਬੀ.ਬੀ.ਐੱਮ.ਬੀ. 'ਚ ਮੈਂਬਰਾਂ ਦੀ ਗਿਣਤੀ ਵਧਾਉਣ ਲਈ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79(2) (ਏ) ਵਿਚ ਸੋਧਾਂ ਦਾ ਪ੍ਰਸਤਾਵ ਰੱਖਿਆ ਹੈ। ਮੁੱਖ ਮੰਤਰੀ ਨੇ ਹੁਣ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਗ੍ਰਹਿ ਮੰਤਰਾਲਾ ਬੀ.ਬੀ.ਐੱਮ.ਬੀ. 'ਚ ਰੈਗੂਲਰ ਮੈਂਬਰਾਂ ਦੀਆਂ ਵਾਧੂ ਅਸਾਮੀਆਂ ਦਾ ਨਿਰਮਾਣ ਨਾ ਕਰਨ ਦੀ ਸਲਾਹ ਬਿਜਲੀ ਮੰਤਰਾਲੇ ਨੂੰ ਦੇਵੇ। ਉਨ੍ਹਾਂ ਇਹ ਵੀ ਕਿਹਾ ਕਿ ਪੁਰਾਣੀ ਵਿਵਸਥਾ ਅਨੁਸਾਰ ਬੀ.ਬੀ.ਐੱਮ.ਬੀ. 'ਚ ਮੈਂਬਰ (ਪਾਵਰ) ਪੰਜਾਬ 'ਚੋਂ ਅਤੇ ਮੈਂਬਰ (ਸਿੰਜਾਈ) ਹਰਿਆਣਾ ਤੋਂ ਲਗਾ ਸਕਦਾ ਹੈ।

ਕੇਂਦਰ ਸਰਕਾਰ ਨੇ ਮੁਢਲੇ ਪੜਾਅ 'ਤੇ ਬੀ.ਬੀ.ਐੱਮ.ਬੀ. 'ਚੋਂ ਪੰਜਾਬ ਤੇ ਹਰਿਆਣਾ ਦੀ ਸਥਾਈ ਪ੍ਰਤੀਨਿਧਤਾ ਖ਼ਤਮ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਦਾ ਮਾਮਲਾ ਪੰਜਾਬ ਸਰਕਾਰ ਨੇ ਹਰ ਪਲੇਟਫ਼ਾਰਮ 'ਤੇ ਉਠਾਇਆ। ਇਸ ਵੇਲੇ ਵੀ ਪੰਜਾਬ ਤੇ ਹਰਿਆਣਾ ਦੇ ਅਧਿਕਾਰੀਆਂ ਨੂੰ ਬੀ.ਬੀ.ਐੱਮ.ਬੀ. 'ਚ ਮੈਂਬਰ ਪਾਵਰ ਤੇ ਸਿੰਜਾਈ ਦਾ ਵਾਧੂ ਚਾਰਜ ਦਿੱਤਾ ਹੋਇਆ ਹੈ। ਮੁੱਖ ਮੰਤਰੀ ਨੇ ਪੱਤਰ 'ਚ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 79 ਦੇ ਉਪਬੰਧਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਦੋ ਤੋਂ ਵੱਧ ਰੈਗੂਲਰ ਮੈਂਬਰ ਨਹੀਂ ਹੋ ਸਕਦੇ।

ਮੁੱਖ ਮੰਤਰੀ ਨੇ ਕਿਹਾ ਹੈ ਕਿ ਪੰਜਾਬ ਪਹਿਲਾਂ ਹੀ 2007 ਦੇ ਸਿਵਲ ਮੁਕੱਦਮਾ ਨੰਬਰ 2 ਰਾਹੀਂ ਪੰਜਾਬ ਪੁਨਰਗਠਨ ਐਕਟ-1966 ਦੀਆਂ ਧਾਰਾਵਾਂ 78 ਅਤੇ 79 ਦੇ ਸੰਵਿਧਾਨਕ ਨਿਯਮਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਚੁੱਕਾ ਹੈ ਅਤੇ ਇਹ ਮਾਮਲਾ ਹਾਲੇ ਬਕਾਇਆ ਹੈ। ਮਾਮਲਾ ਅਦਾਲਤ 'ਚ ਹੋਣ ਕਰਕੇ ਮੈਂਬਰਾਂ ਦੀ ਗਿਣਤੀ 'ਚ ਵਾਧੇ ਬਾਰੇ ਸੋਚਿਆ ਨਹੀਂ ਜਾਣਾ ਚਾਹੀਦਾ ਸੀ। ਪੰਜਾਬ ਲਈ ਇਹ ਭਾਵਨਾਤਮਕ ਮੁੱਦਾ ਹੈ। ਉਨ੍ਹਾਂ ਲਿਖਿਆ ਕਿ ਪੰਜਾਬ ਪੁਨਰਗਠਨ ਐਕਟ ਨੇ ਸ਼ੁਰੂ ਵਿਚ ਭਾਖੜਾ ਪ੍ਰਬੰਧਨ ਬੋਰਡ ਬਣਾਇਆ ਜੋ ਮੌਜੂਦਾ ਭਾਖੜਾ-ਨੰਗਲ ਪ੍ਰਾਜੈਕਟ ਦੇ ਪ੍ਰਬੰਧਨ 'ਤੇ ਕੇਂਦਰਿਤ ਸੀ। 1976 ਵਿਚ ਪੰਜਾਬ ਪੁਨਰਗਠਨ ਐਕਟ ਵਿਚ ਸੋਧ ਜ਼ਰੀਏ ਬਿਆਸ ਪ੍ਰਾਜੈਕਟ ਨੂੰ ਉਸੇ ਕੇਂਦਰੀ ਪ੍ਰਬੰਧਨ ਪ੍ਰਣਾਲੀ ਅਧੀਨ ਲਿਆਂਦਾ ਗਿਆ ਅਤੇ ਬੋਰਡ ਦਾ ਨਾਮ ਬਦਲ ਕੇ 'ਭਾਖੜਾ ਬਿਆਸ ਪ੍ਰਬੰਧਨ ਬੋਰਡ' ਰੱਖਿਆ ਗਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕਈ ਵਰ੍ਹਿਆਂ ਤੋਂ ਬੀ.ਬੀ.ਐੱਮ.ਬੀ. 'ਤੇ ਪੰਜਾਬ ਦੇ ਕੰਟਰੋਲ ਨੂੰ ਕਮਜ਼ੋਰ ਕਰਨ ਦਾ ਮਾਮਲਾ ਉਠਾਉਂਦੀ ਰਹੀ ਹੈ ਅਤੇ ਪੰਜਾਬ ਨੇ ਹਮੇਸ਼ਾ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਨੂੰ ਬੀ.ਬੀ.ਐੱਮ.ਬੀ. 'ਚ ਬਰਾਬਰ ਦੀ ਪ੍ਰਤੀਨਿਧਤਾ ਦਿੱਤੇ ਜਾਣ ਦਾ ਵਿਰੋਧ ਕੀਤਾ ਹੈ ਕਿਉਂਕਿ ਬੀ.ਬੀ.ਐੱਮ.ਬੀ. 'ਚ 58 ਫ਼ੀਸਦੀ ਹਿੱਸੇਦਾਰੀ ਪੰਜਾਬ ਦੀ ਹੈ ਅਤੇ ਬੋਰਡ ਦਾ ਸਭ ਤੋਂ ਵੱਧ ਖਰਚਾ ਪੰਜਾਬ ਚੁੱਕਦਾ ਹੈ। ਚੇਤੇ ਰਹੇ ਕਿ ਕੁੱਝ ਦਿਨ ਪਹਿਲਾਂ ਹੀ ਕੇਂਦਰੀ ਬਲਾਂ ਨੇ ਡੈਮਾਂ ਦੀ ਸੁਰੱਖਿਆ ਦਾ ਚਾਰਜ ਸੰਭਾਲਿਆ ਹੈ।

# ਪੰਜਾਬ ਰਾਜਪਾਲ ਵੱਲੋਂ ਵਿਜੀਲੈਂਸ ਨੂੰ ਬਿਕਰਮ ਮਜੀਠੀਆ 'ਤੇ ਕੇਸ ਚਲਾਉਣ ਦੀ ਪ੍ਰਵਾਨਗੀ

**ਚੰਡੀਗੜ੍ਹ, (ਪੰਜਾਬ ਮੇਲ)-** ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲ ਹੋਰ ਵੱਧ ਗਈਆਂ ਹਨ ਕਿਉਂਕਿ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਗਏ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਮਜੀਠੀਆ 'ਤੇ ਕੇਸ ਚਲਾਉਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਪੰਜਾਬ ਕੈਬਨਿਟ ਵੱਲੋਂ 8 ਸਤੰਬਰ ਨੂੰ ਇਸ ਸਬੰਧੀ ਸਿਫ਼ਾਰਸ਼ ਕੀਤੇ ਜਾਣ ਤੋਂ ਬਾਅਦ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 19 ਤਹਿਤ ਜਾਰੀ ਕੀਤੀ ਗਈ ਹੈ। ਦੱਸਣਯੋਗ ਹੈ ਕਿ ਮਜੀਠੀਆ 'ਤੇ 700 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਬਣਾਉਣ ਦਾ ਦੋਸ਼ ਹੈ, ਜੋ ਉਨ੍ਹਾਂ ਦੀ ਐਲਾਨੀ ਆਮਦਨ ਨਾਲੋਂ ਲਗਭਗ 1,200 ਫੀਸਦੀ ਜ਼ਿਆਦਾ ਹੈ। ਇਹ ਜਾਇਦਾਦ ਕਥਿਤ ਤੌਰ 'ਤੇ 2013 ਦੇ ਡਰੱਗ ਤਸਕਰੀ ਨੈੱਟਵਰਕ ਨਾਲ ਜੁੜੇ 540 ਕਰੋੜ ਰੁਪਏ ਦੀ ਮਨੀ ਲਾਂਡਰਿੰਗ ਰਾਹੀਂ ਹਾਸਲ ਕੀਤੀ ਗਈ। ਸਰਕਾਰੀ ਸੂਤਰਾਂ ਨੇ ਰਾਜਪਾਲ ਦੀ ਇਸ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਹੈ।



ਅਕਾਲੀ ਆਗੂ ਬਿਕਰਮ ਮਜੀਠੀਆ ਨੂੰ 25 ਜੂਨ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੀ ਰਿਹਾਇਸ਼ ਅਤੇ 25 ਹੋਰ ਥਾਵਾਂ 'ਤੇ ਸਵੇਰੇ ਕੀਤੀ ਗਈ ਛਾਪੇਮਾਰੀ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕਾਰਵਾਈ ਦੌਰਾਨ ਵਿਜੀਲੈਂਸ ਬਿਊਰੋ ਨੇ ਡਿਜੀਟਲ ਉਪਕਰਨ, ਜਾਇਦਾਦ ਦੇ ਦਸਤਾਵੇਜ਼ ਅਤੇ ਵਿੱਤੀ ਰਿਕਾਰਡ ਜ਼ਬਤ ਕੀਤੇ ਸਨ। ਯਾਦ ਰਹੇ ਕਿ ਵਿਜੀਲੈਂਸ ਨੇ 22 ਅਗਸਤ ਨੂੰ 40,000 ਤੋਂ ਵੱਧ ਪੰਨਿਆਂ ਦੇ ਸਬੂਤਾਂ ਅਤੇ 200 ਤੋਂ ਵੱਧ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਇਕ ਵਿਸਤ੍ਰਿਤ ਚਾਰਜਸ਼ੀਟ ਦਾਖਲ ਕੀਤੀ। ਇਹ ਜਾਂਚ 2013 ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਸਾਬਕਾ ਡੀ.ਐੱਸ.ਪੀ. ਜਗਦੀਸ਼ ਸਿੰਘ ਭੋਲਾ ਦੀ ਅਗਵਾਈ ਵਾਲੇ 6,000 ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਰੈਕੇਟ ਦੀ ਜਾਂਚ ਤੋਂ ਸ਼ੁਰੂ ਹੋਈ ਸੀ, ਜਿਸ ਨੇ ਕਥਿਤ ਤੌਰ 'ਤੇ ਪੁੱਛਗਿੱਛ ਦੌਰਾਨ ਮਜੀਠੀਆ ਦਾ ਨਾਮ ਲਿਆ ਸੀ।

# ਬੇਅਦਬੀ ਖਿਲਾਫ਼ ਬਿੱਲ: ਤ੍ਰਿਪਤ ਰਾਜਿੰਦਰ ਬਾਜਵਾ ਵੱਲੋਂ ਅਸਤੀਫ਼ਾ

**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਫਤਿਹਗੜ੍ਹ ਚੂੜੀਆਂ ਤੋਂ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਸਬੰਧੀ ਬਿੱਲ-2025' ਸਬੰਧੀ ਬਣਾਈ 15 ਮੈਂਬਰੀ ਸਿਲੈਕਟ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਸ਼੍ਰੀ ਬਾਜਵਾ ਨੇ ਅਸਤੀਫ਼ਾ ਕੁਝ ਸਮੇਂ ਪਹਿਲਾਂ ਦਿੱਤਾ ਸੀ, ਜਿਸ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ।

ਬਾਜਵਾ ਨੇ ਕਿਹਾ ਕਿ ਉਨ੍ਹਾਂ ਪਿਛਲੇ ਦਿਨੀਂ ਗੋਡਿਆਂ ਦਾ ਅਪਰੇਸ਼ਨ ਕਰਵਾਇਆ ਸੀ, ਜਿਸ ਕਰਕੇ ਡਾਕਟਰਾਂ ਨੇ ਉਸ ਨੂੰ ਤੁਰਨ ਫਿਰਨ ਅਤੇ ਲੱਤਾਂ ਲਟਕਾ ਕੇ ਬੈਠਣ ਤੋਂ ਮਨਾਂ ਕੀਤਾ ਹੈ। ਅਜਿਹੇ ਹਾਲਾਤ ਵਿਚ ਉਹ ਮੀਟਿੰਗਾਂ ਵਿਚ ਸ਼ਾਮਲ ਨਹੀਂ ਹੋ ਸਕਦੇ, ਜਿਸ ਕਰਕੇ ਉਨ੍ਹਾਂ ਨੇ ਸਿਲੈਕਟ ਕਮੇਟੀ ਤੋਂ ਅਸਤੀਫ਼ਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨਾਲ



ਜੁੜੇ ਮਾਮਲੇ ਵਿਚ ਕਿਸੇ ਵੀ ਕਿਸਮ ਦੀ ਢਿੱਲ ਨਹੀਂ ਵਰਤਣਾ ਚਾਹੁੰਦੇ ਹਨ, ਪਰ ਬਹੁਤਾ ਤੁਰ ਫਿਰ ਨਾ ਸਕਣ ਕਰਕੇ ਉਨ੍ਹਾਂ ਨੇ ਸਿਲੈਕਟ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿਚ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ-2025' ਲਿਆਂਦਾ ਗਿਆ ਸੀ, ਜਿਸ ਨੂੰ ਅਮਲੀ ਰੂਪ ਦੇਣ ਲਈ ਪੰਜਾਬ ਵਿਧਾਨ ਸਭਾ ਨੇ ਜੁਲਾਈ ਮਹੀਨੇ ਵਿਚ ਸਾਬਕਾ ਮੰਤਰੀ ਡਾ. ਇੰਦਰਬੀਰ ਨਿੱਝਰ ਦੀ ਅਗਵਾਈ ਹੇਠ 15 ਮੈਂਬਰੀ ਸਿਲੈਕਟ ਕਮੇਟੀ ਬਣਾ ਦਿੱਤੀ ਸੀ। ਇਸ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਸ ਵਿਚ 'ਆਪ' ਦੇ 11, ਕਾਂਗਰਸ ਦੇ ਦੋ, ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਇਕ-ਇਕ ਵਿਧਾਇਕ ਸ਼ਾਮਲ ਕੀਤਾ ਗਿਆ ਸੀ। ਇਸ ਕਮੇਟੀ ਵੱਲੋਂ ਛੇ ਮਹੀਨਿਆਂ ਵਿਚ ਆਪਣੀ ਰਿਪੋਰਟ ਸੌਂਪਣੀ ਹੈ।

# '84 ਸਿੱਖ ਕਤਲੇਆਮ: 41 ਸਾਲਾਂ ਬਾਅਦ ਵੀ ਪੀੜਤਾਂ ਨੂੰ ਨਹੀਂ ਮਿਲਿਆ ਇਨਸਾਫ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਵਿਚ 1984 ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਇਨ੍ਹਾਂ ਦੰਗਿਆਂ ਦੇ ਪੀੜਤਾਂ ਨੂੰ 41 ਸਾਲਾਂ ਬਾਅਦ ਵੀ ਇਨਸਾਫ ਨਾ ਮਿਲਿਆ। ਕੌਮੀ ਰਾਜਧਾਨੀ 'ਚ ਸਿੱਖਾਂ ਦੇ ਘਰਾਂ ਅਤੇ ਗੁਰਦੁਆਰਿਆਂ ਨੂੰ ਅੱਗ ਲਗਾ ਦਿੱਤੀ ਗਈ ਸੀ। ਸਰਕਾਰੀ ਰਿਕਾਰਡ ਮੁਤਾਬਕ ਦਿੱਲੀ 'ਚ 2,733 ਸਿੱਖ ਮਾਰੇ ਗਏ ਸਨ, ਜਦਕਿ ਪੀੜਤਾਂ ਦਾ ਦਾਅਵਾ ਹੈ ਕਿ ਮ੍ਰਿਤਕਾਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਜ਼ਿਆਦਾ ਹੈ। ਸਿੱਖਾਂ ਨੂੰ ਹਾਲੇ ਤੱਕ ਇਨਸਾਫ਼ ਦੀ ਉਡੀਕ ਹੈ ਅਤੇ ਜ਼ਿਆਦਾਤਰ ਦੋਸ਼ੀ ਖੁੱਲ੍ਹੇਆਮ ਘੁੰਮ ਰਹੇ ਹਨ। ਸਿੱਖ ਕਤਲੇਆਮ ਦੇ 650 ਕੇਸ ਦਰਜ ਹੋਏ ਸਨ ਪਰ 362 ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਗਈ ਅਤੇ ਸਿਰਫ਼ 39 ਮਾਮਲਿਆਂ 'ਚ ਸਜ਼ਾ ਹੋਈ ਹੈ। ਗਵਾਹਾਂ ਤੇ ਸਬੂਤਾਂ ਦੀ ਘਾਟ ਕਾਰਨ ਕਰੀਬ 300 ਕੇਸ ਰਫ਼ਾ-ਦਫ਼ਾ ਹੋ ਗਏ। ਸਿੱਖ ਕਤਲੇਆਮ ਲਈ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ 'ਤੇ ਦੋਸ਼ ਲੱਗੇ ਸਨ। ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਦਿੱਲੀ ਛਾਉਣੀ ਦੇ ਰਾਜ ਨਗਰ 'ਚ ਪੰਜ ਸਿੱਖਾਂ ਦੀ ਹੱਤਿਆ ਦੇ ਮਾਮਲੇ 'ਚ ਦਸੰਬਰ 2018 'ਚ ਸਜ਼ਾ ਸੁਣਾਈ ਗਈ। ਉਸ ਦੀ ਅਪੀਲ 'ਤੇ ਦਿੱਲੀ ਹਾਈ ਕੋਰਟ 'ਚ 19 ਨਵੰਬਰ ਨੂੰ ਸੁਣਵਾਈ ਹੋਣੀ ਹੈ। ਉਹ ਇਸ ਵੇਲੇ ਤਿਹਾੜ ਜੇਲ੍ਹ 'ਚ ਬੰਦ ਹੈ।

# ਡੀ.ਆਈ.ਜੀ. ਭੁੱਲਰ ਕੇਸ; ਸੀ.ਬੀ.ਆਈ. ਵੱਲੋਂ ਪਟਿਆਲਾ 'ਚ ਬੀ.ਐੱਚ. ਪ੍ਰਾਪਰਟੀਜ਼ ਦੇ ਮਾਲਕ ਦੇ ਘਰ 'ਤੇ ਛਾਪਾ

**ਪਟਿਆਲਾ, (ਪੰਜਾਬ ਮੇਲ)-** ਰੋਪੜ ਰੇਂਜ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਬਾਰੇ ਕੁਝ ਅਹਿਮ ਜਾਣਕਾਰੀ ਮਿਲਣ ਤੋਂ ਬਾਅਦ ਸੀ.ਬੀ.ਆਈ. ਦੀ ਇੱਕ ਟੀਮ ਨੇ ਪਟਿਆਲਾ ਵਿਚ ਬੀ.ਐੱਚ. ਪ੍ਰਾਪਰਟੀਜ਼ ਦੇ ਮਾਲਕ ਭੁਪਿੰਦਰ ਸਿੰਘ ਦੇ ਘਰ ਛਾਪਾ ਮਾਰਿਆ ਹੈ। ਭੁੱਲਰ ਪਹਿਲਾਂ ਹੀ ਸੀ.ਬੀ.ਆਈ. ਦੀ ਗ੍ਰਿਫ਼ਤ ਵਿਚ ਹੈ। ਜਾਣਕਾਰੀ ਅਨੁਸਾਰ ਸੀ.ਬੀ.ਆਈ. ਦੀ ਟੀਮ ਭੁਪਿੰਦਰ ਸਿੰਘ ਦੇ ਘਰ ਪਹੁੰਚੀ ਤੇ ਉਥੇ ਤਲਾਸ਼ੀ ਲਈ। ਇਸ ਦੌਰਾਨ ਟੀਮ ਨੇ ਕਿਸੇ ਨੂੰ ਵੀ ਅੰਦਰ ਜਾਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਸੂਤਰਾਂ ਦਾ ਕਹਿਣਾ ਹੈ ਕਿ ਭੁੱਲਰ ਤੋਂ ਲਗਾਤਾਰ ਪੁੱਛਗਿੱਛ ਅਤੇ ਸੀ.ਬੀ.ਆਈ. ਨੂੰ ਮਿਲੇ ਕੁਝ ਦਸਤਾਵੇਜ਼ਾਂ ਵਿਚ ਬੀ.ਐੱਚ. ਪ੍ਰਾਪਰਟੀਜ਼ ਦਾ ਨਾਮ ਸਾਹਮਣੇ ਆਇਆ, ਹਾਲਾਂਕਿ ਅਧਿਕਾਰੀ ਇਸ ਮਾਮਲੇ 'ਤੇ ਚੁੱਪ ਹਨ।

ਸੀ.ਬੀ.ਆਈ. ਦੀਆਂ ਟੀਮਾਂ ਨੇ ਪਟਿਆਲਾ ਦੇ ਮੋਤੀ ਬਾਗ ਸਥਿਤ ਭੁਪਿੰਦਰ ਦੇ ਘਰ ਦਸਤਕ ਦਿੱਤੀ। ਬੀ.ਐੱਚ. ਪ੍ਰਾਪਰਟੀਜ਼ ਇੱਕ ਜਾਣਿਆ-ਪਛਾਣਿਆ ਪ੍ਰਾਪਰਟੀ ਸਲਾਹਕਾਰ ਅਤੇ ਡੀਲਰ ਹੈ, ਜੋ ਪਟਿਆਲਾ ਅਤੇ ਮੁਹਾਲੀ ਵਿਚ ਕਈ ਰੀਅਲ ਅਸਟੇਟ ਪ੍ਰੋਜੈਕਟਾਂ ਦਾ ਮਾਲਕ ਹੈ। ਉਸ ਦੇ ਪਟਿਆਲਾ ਅਤੇ ਚੰਡੀਗੜ੍ਹ ਵਿਚ ਤਾਇਨਾਤ ਕਈ ਚੋਟੀ ਦੇ ਆਗੂਆਂ, ਅਧਿਕਾਰੀਆਂ ਅਤੇ ਪੁਲਿਸ ਮੁਲਾਜ਼ਮਾਂ ਨਾਲ ਨੇੜਲੇ ਸਬੰਧ ਹਨ। ਇਹ ਛਾਪਾ ਅਜਿਹੇ ਮੌਕੇ ਮਾਰਿਆ ਗਿਆ ਹੈ, ਜਦੋਂ ਅਜੇ ਇਕ ਦਿਨ ਪਹਿਲਾਂ ਮੁਹਾਲੀ ਕੋਰਟ ਨੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰੋਪੜ ਰੇਂਜ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਪੇਸ਼ਗੀ ਵਾਰੰਟ ਜਾਰੀ ਕਰਨ ਸਬੰਧੀ ਅਰਜ਼ੀ ਨੂੰ 'ਬੇਅਰਥ' ਦੱਸਿਆ ਹੈ। ਸੀ.ਬੀ.ਆਈ. ਨੇ ਕੋਰਟ ਦੇ ਇਸ ਫੈਸਲੇ ਨੂੰ 'ਆਪਣੀ ਜਾਂਚ ਨੂੰ ਨਿਰਾਸ਼ ਕਰਨ ਦੀ ਕੋਸ਼ਿਸ਼' ਕਿਹਾ ਸੀ। ਭੁੱਲਰ ਨੂੰ 31 ਅਕਤੂਬਰ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਵਿਜੀਲੈਂਸ ਬਿਊਰੋ ਵੱਲੋਂ 'ਰਸਮੀ ਤੌਰ 'ਤੇ ਗ੍ਰਿਫ਼ਤਾਰ' ਦਿਖਾਇਆ ਗਿਆ ਸੀ, ਜਦੋਂਕਿ ਉਸ ਵੇਲੇ ਉਹ ਸੀ.ਬੀ.ਆਈ. ਦੀ 'ਨਿਆਂਇਕ ਹਿਰਾਸਤ' ਵਿਚ ਸੀ।

ਸੀ.ਬੀ.ਆਈ. ਨੇ ਭੁੱਲਰ ਨੂੰ 16 ਅਕਤੂਬਰ ਨੂੰ ਦਲਾਲ ਕ੍ਰਿਸ਼ਨੂ ਸ਼ਾਰਦਾ ਜ਼ਰੀਏ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਮਗਰੋਂ ਭੁੱਲਰ ਦੇ ਚੰਡੀਗੜ੍ਹ ਸਥਿਤ ਘਰ ਤੇ ਹੋਰਨਾਂ ਥਾਵਾਂ 'ਤੇ ਮਾਰੇ ਛਾਪੇ ਦੌਰਾਨ ਸੀ.ਬੀ.ਆਈ. ਦੀ ਟੀਮ ਨੇ 7.5 ਕਰੋੜ ਰੁਪਏ ਦੀ ਨਗਦੀ, 2.5 ਕਿਲੋ ਸੋਨੇ ਦੇ ਗਹਿਣੇ, 26 ਲਗਜ਼ਰੀ ਘੜੀਆਂ, ਦੋ ਮਹਿੰਗੀਆਂ ਕਾਰਾਂ, 100 ਲਿਟਰ ਸ਼ਰਾਬ ਅਤੇ 50 ਅਚੱਲ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼ ਬਰਾਮਦ ਕੀਤੇ ਸਨ। ਭੁੱਲਰ ਦੇ ਵਕੀਲ ਨੇ ਹਾਲਾਂਕਿ ਇਨ੍ਹਾਂ ਜ਼ਬਤੀਆਂ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ, ਇਹ ਜੱਦੀ ਜਾਇਦਾਦ ਨਾਲ ਸਬੰਧਤ ਹਨ। ਪਿਛਲੇ ਪੰਦਰਵਾੜੇ ਦੌਰਾਨ, ਡੀ.ਆਈ.ਜੀ. ਵਿਰੁੱਧ ਚਾਰ ਕੇਸ- ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ, ਆਬਕਾਰੀ ਕਾਨੂੰਨ ਅਤੇ ਆਮਦਨ ਤੋਂ ਵੱਧ ਜਾਇਦਾਦ ਨਾਲ ਸਬੰਧਤ ਦੋ ਵੱਖ-ਵੱਖ ਐੱਫ.ਆਈ.ਆਰ. (ਪਹਿਲਾਂ ਸੀ.ਬੀ.ਆਈ. ਅਤੇ ਫਿਰ ਵਿਜੀਲੈਂਸ ਬਿਊਰੋ ਵੱਲੋਂ) ਦਰਜ ਕੀਤੇ ਗਏ ਹਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# 2023 ਦੌਰਾਨ ਦਿੱਲੀ 'ਚ ਹਵਾ ਪ੍ਰਦੂਸ਼ਣ ਕਾਰਨ ਹੋਈਆਂ 15 ਫੀਸਦੀ ਮੌਤਾਂ : ਰਿਪੋਰਟ

**ਨਵੀਂ ਦਿੱਲੀ, (ਪੰਜਾਬ ਮੇਲ)**– ਤਾਜ਼ਾ ਗਲੋਬਲ ਬਰਡਨ ਆਫ਼ ਡਿਜ਼ੀਜ਼ (ਜੀ.ਬੀ.ਡੀ.) ਡਾਟਾ ਦੇ ਵਿਸ਼ਲੇਸ਼ਣ ਅਨੁਸਾਰ ਦਿੱਲੀ ਵਿਚ ਲੋਕਾਂ ਲਈ ਹਵਾ ਪ੍ਰਦੂਸ਼ਣ ਸਭ ਤੋਂ ਵੱਡਾ ਸਿਹਤ ਜੋਖਮ ਬਣਿਆ ਹੋਇਆ ਹੈ। ਸਾਲ 2023 ਵਿਚ ਹੋਈਆਂ ਕੁੱਲ ਮੌਤਾਂ ਵਿਚੋਂ ਲਗਪਗ 15 ਫੀਸ ਮੌਤਾਂ ਪ੍ਰਦੂਸ਼ਣ ਕਾਰਨ ਹੋਈਆਂ ਹਨ।

ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ (ਆਈ.ਐੱਚ.ਐੱਮ.ਈ.) ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿਚ ਜਾਰੀ ਕੀਤੇ ਗਏ ਜੀ.ਬੀ.ਡੀ. 2023 ਡਾਟਾ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਅੰਬੀਐਂਟ ਪਾਰਟੀਕੁਲੇਟ ਮੈਟਰ ਪ੍ਰਦੂਸ਼ਣ ਦੇ ਸੰਪਰਕ ਵਿਚ ਆਉਣ ਕਾਰਨ 2023 'ਚ ਦਿੱਲੀ ਵਿਚ ਅੰਦਾਜ਼ਨ 17,188 ਮੌਤਾਂ ਹੋਈਆਂ।

ਇਸਦਾ ਮਤਲਬ ਹੈ ਕਿ ਸ਼ਹਿਰ ਵਿਚ ਹਰ ਸੱਤ ਮੌਤਾਂ ਵਿਚੋਂ ਇੱਕ ਪ੍ਰਦੂਸ਼ਿਤ ਹਵਾ ਨਾਲ ਜੁੜੀ ਹੋਈ ਸੀ। ਹਾਲਾਂਕਿ, ਕੇਂਦਰ ਸਰਕਾਰ ਨੇ ਇਹ ਕਾਇਮ ਰੱਖਿਆ ਹੈ ਕਿ ਹਵਾ ਪ੍ਰਦੂਸ਼ਣ ਅਤੇ ਮੌਤਾਂ ਵਿਚਕਾਰ ਸਿੱਧੇ ਸਬੰਧ ਨੂੰ ਸਥਾਪਤ ਕਰਨ ਲਈ ਕੋਈ ਨਿਰਣਾਇਕ ਡਾਟਾ ਉਪਲਬਧ ਨਹੀਂ ਹੈ।



ਨਵੀਂ ਦਿੱਲੀ 'ਚ ਪ੍ਰਦੂਸ਼ਣ ਕਾਰਨ ਦਿਨ ਵੇਲੇ ਵਾਹਨਾਂ ਦੀਆਂ ਲਾਈਟਾਂ ਜਗਾ ਕੇ ਆਪਣੀ ਮੰਜ਼ਿਲ ਵੱਲ ਵਧਦੇ ਹ ਏ ਰਾਹਗੀਰ।

ਜੀ.ਬੀ.ਡੀ. ਅਧਿਐਨ ਦੁਨੀਆਂ ਦੇ ਸਭ ਤੋਂ ਵਿਆਪਕ ਖੋਜ ਪ੍ਰੋਜੈਕਟਾਂ ਵਿਚੋਂ ਇੱਕ ਹੈ, ਜੋ ਇਹ ਮਾਪਦਾ ਹੈ ਕਿ ਸਾਰੇ ਦੇਸ਼ਾਂ, ਉਮਰ ਸਮੂਹਾਂ ਅਤੇ ਕਾਰਨਾਂ ਵਿਚ ਲੋਕ ਕਿਵੇਂ ਮਰਦੇ ਹਨ ਅਤੇ ਕਿਸ ਕਾਰਨ ਬਿਮਾਰ ਹੁੰਦੇ ਹਨ।

ਹਵਾ ਪ੍ਰਦੂਸ਼ਣ ਤੋਂ ਬਾਅਦ 2023 ਵਿਚ ਦਿੱਲੀ ਵਿਚ ਮੌਤਾਂ ਵਿਚ ਯੋਗਦਾਨ ਪਾਉਣ ਵਾਲੇ ਹੋਰ ਮੁੱਖ ਜੋਖਮ ਕਾਰਕ ਸਨ: ਉੱਚ ਸਿਸਟੋਲਿਕ ਬਲੱਡ ਪ੍ਰੈਸ਼ਰ (14,874 ਮੌਤਾਂ ਜਾਂ 12.5 ਪ੍ਰਤੀਸ਼ਤ), ਉੱਚ ਫਾਸਟਿੰਗ ਪਲਾਜ਼ਮਾ ਗਲੂਕੋਜ਼ ਜਾਂ ਡਾਇਬੀਟੀਜ਼ (10,653 ਮੌਤਾਂ ਜਾਂ 9 ਪ੍ਰਤੀਸ਼ਤ), ਉੱਚ ਕੋਲੈਸਟ੍ਰੋਲ (7,267 ਮੌਤਾਂ ਜਾਂ 6 ਪ੍ਰਤੀਸ਼ਤ), ਅਤੇ ਉੱਚ ਬਾਡੀ-ਮਾਸ ਇੰਡੈਕਸ (6,698 ਮੌਤਾਂ ਜਾਂ 5.6 ਪ੍ਰਤੀਸ਼ਤ)।

ਜੀ.ਬੀ.ਡੀ. ਡਾਟਾ ਦਾ ਵਿਸ਼ਲੇਸ਼ਣ ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (ਸੀ.ਆਰ.ਈ.ਏ.) ਦੇ ਖੋਜਕਰਤਾਵਾਂ ਨੇ ਕਿਹਾ ਕਿ ਸਾਲ-ਦਰ-ਸਾਲ ਦੇ ਉਤਰਾਅ-ਚੜ੍ਹਾਅ ਦੇ ਬਾਵਜੂਦ, ਪਾਰਟੀਕੁਲੇਟ ਮੈਟਰ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਲਗਾਤਾਰ ਵੱਧ ਰਹੀਆਂ। ਜੋ ਅਕਸਰ ਹਾਈਪਰਟੈਂਸ਼ਨ ਜਾਂ ਡਾਇਬੀਟੀਜ਼ ਨਾਲ ਜੁੜੀਆਂ ਮੌਤਾਂ ਨਾਲੋਂ ਵੱਧ ਹਨ।

ਸੀ.ਆਰ.ਈ.ਏ. ਦੇ ਵਿਸ਼ਲੇਸ਼ਕ ਮਨੋਜ ਕੁਮਾਰ ਨੇ ਕਿਹਾ, "ਹਵਾ ਪ੍ਰਦੂਸ਼ਣ ਸਿਰਫ ਇੱਕ ਵਾਤਾਵਰਣ ਦਾ ਮੁੱਦਾ ਨਹੀਂ ਹੈ; ਇਹ ਇੱਕ ਜਨਤਕ ਸਿਹਤ ਸੰਕਟ ਹੈ, ਜਿਸ ਲਈ ਅਸਲ ਅਤੇ ਮਾਪਣਯੋਗ ਪ੍ਰਦੂਸ਼ਣ ਘਟਾਉਣ ਲਈ ਪ੍ਰਦੂਸ਼ਣ ਫੈਲਾਉਣ ਵਾਲੇ ਖੇਤਰਾਂ ਵਿਚ ਵਿਗਿਆਨ-ਆਧਾਰਿਤ ਕਾਰਵਾਈ ਦੀ ਲੋੜ ਹੈ।"

# ਰਾਜਸਥਾਨ ਹਾਈਕੋਰਟ ਵੱਲੋਂ ਆਸਾਰਾਮ ਨੂੰ ਮੈਡੀਕਲ ਆਧਾਰ 'ਤੇ 6 ਮਹੀਨੇ ਲਈ ਅੰਤਰਿਮ ਜ਼ਮਾਨਤ

**ਜੈਪੁਰ, (ਪੰਜਾਬ ਮੇਲ)**– ਜਬਰ-ਜਨਾਹ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਆਸਾਰਾਮ ਨੂੰ ਰਾਜਸਥਾਨ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਆਸਾਰਾਮ ਨੂੰ ਮੈਡੀਕਲ ਆਧਾਰ 'ਤੇ ਛੇ ਮਹੀਨਿਆਂ ਲਈ ਅੰਤਰਿਮ ਜ਼ਮਾਨਤ ਦੇ ਦਿੱਤੀ। ਇਸ ਵਾਰ ਜਮਾਨਤ ਵਿਚ ਆਸਾਰਾਮ ਦੀ ਸਿਹਤ ਸਥਿਤੀ ਨੂੰ ਵੇਖਦੇ ਹੋਏ ਜਮਾਨਤ ਮਿਆਦ ਵਿਚ ਉਸ ਦੇ ਨਾਲ ਤਿੰਨ ਪੁਲਿਸ ਮੁਲਾਜਮ ਰੱਖਣ ਦੀ ਸ਼ਰਤ ਹਟਾਈ ਗਈ ਹੈ, ਜਿਸ ਕਾਰਨ ਆਸਾਰਾਮ ਨਾਲ ਹੁਣ ਜਮਾਨਤ ਦੌਰਾਨ ਪੁਲਿਸ ਨਾਲ ਨਹੀਂ ਰਹੇਗੀ। ਕਾਰਜਕਾਰੀ ਚੀਫ਼ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ ਦੀ ਅਗਵਾਈ ਵਾਲੀ ਡਿਵੀਜ਼ਨ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਆਸਾਰਾਮ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ। ਆਸਾਰਾਮ ਇਸ ਵੇਲੇ ਇੱਕ ਨਿੱਜੀ ਹਸਪਤਾਲ ਵਿਚ ਇਲਾਜ ਅਧੀਨ ਹੈ। ਖਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ ਆਸਾਰਾਮ ਨੇ ਰੈਗੂਲਰ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ। ਉਹ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਜਨਵਰੀ ਦੇ ਸ਼ੁਰੂ ਵਿਚ ਸੁਪਰੀਮ ਕੋਰਟ ਨੇ ਆਸਾਰਾਮ ਨੂੰ 2013 ਦੇ ਬਲਾਤਕਾਰ ਦੇ ਮਾਮਲੇ ਵਿਚ ਮੈਡੀਕਲ ਆਧਾਰ 'ਤੇ ਮਾਰਚ ਦੇ ਅੰਤ ਤੱਕ ਅੰਤਰਿਮ ਜ਼ਮਾਨਤ ਦਿੱਤੀ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਫਿਰ ਨੋਟ ਕੀਤਾ ਕਿ ਆਸਾਰਾਮ ਨੂੰ ਉਮਰ ਨਾਲ ਸਬੰਧਤ ਕਈ ਸਿਹਤ ਸਮੱਸਿਆਵਾਂ ਹਨ ਅਤੇ ਉਸ ਨੂੰ ਦੋ ਦਿਲ ਦੇ ਦੌਰੇ ਪਏ ਹਨ।



ਆਸਾਰਾਮ ਅਗਸਤ 2013 ਤੋਂ ਇੱਕ ਸਕੂਲੀ ਵਿਦਿਆਰਥਣ ਨਾਲ ਬਲਾਤਕਾਰ ਦੇ ਦੋਸ਼ ਵਿਚ ਜੇਲ੍ਹ ਵਿਚ ਹੈ। ਉਸ ਨੂੰ 16 ਸਾਲ ਦੀ ਕੁੜੀ ਦੀ ਸ਼ਿਕਾਇਤ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਦੋ ਮਹੀਨੇ ਬਾਅਦ ਆਸਾਰਾਮ ਅਤੇ ਉਸਦੇ ਪੁੱਤਰ ਨਾਰਾਇਣ ਸਾਈਂ 'ਤੇ ਗੁਜਰਾਤ ਦੇ ਸੂਰਤ ਸਥਿਤ ਆਪਣੇ ਆਸ਼ਰਮ ਵਿਚ ਦੋ ਭੈਣਾਂ ਨਾਲ ਬਲਾਤਕਾਰ ਕਰਨ ਦਾ ਦੋਸ਼ ਲਗਾਇਆ ਗਿਆ।

# ਡੀ.ਆਈ.ਜੀ. ਭੁੱਲਰ ਮਾਮਲਾ: ਮੁਹਾਲੀ ਅਦਾਲਤ ਵੱਲੋਂ ਵਿਜੀਲੈਂਸ ਬਿਊਰੋ ਦੀ ਪ੍ਰੋਡਕਸ਼ਨ ਵਾਰੰਟ ਪਟੀਸ਼ਨ

**ਮੁਹਾਲੀ, (ਪੰਜਾਬ ਮੇਲ)**– ਮੁਹਾਲੀ ਦੀ ਇਕ ਅਦਾਲਤ ਨੇ ਸਾਬਕਾ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਪ੍ਰੋਡਕਸ਼ਨ ਵਾਰੰਟ ਦੀ ਮੰਗ ਕਰਨ ਵਾਲੀ ਅਰਜ਼ੀ ਖਾਰਜ ਕਰ ਦਿੱਤੀ ਹੈ। ਇਸ ਵੇਲੇ ਹਰਚਰਨ ਭੁੱਲਰ ਮਾਡਲ ਜੇਲ੍ਹ, ਚੰਡੀਗੜ੍ਹ ਵਿਚ ਨਿਆਂਇਕ ਹਿਰਾਸਤ ਵਿਚ ਹੈ। ਇਸ ਤੋਂ ਇਲਾਵਾ ਪੰਜਾਬ ਵਿਜੀਲੈਂਸ ਨੇ ਭੁੱਲਰ ਨੂੰ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ 'ਚ 31 ਅਕਤੂਬਰ ਨੂੰ ਮਾਡਲ ਜੇਲ੍ਹ ਚੰਡੀਗੜ੍ਹ ਵਿਚ ਗ੍ਰਿਫਤਾਰ ਦਿਖਾਇਆ ਹੋਇਆ ਹੈ। ਅਦਾਲਤ ਨੇ ਕਿਹਾ ਕਿ ਦੋ ਜਾਂਚ ਏਜੰਸੀਆਂ ਵਿਜੀਲੈਂਸ ਬਿਊਰੋ ਅਤੇ ਸੀ.ਬੀ.ਆਈ. ਨੂੰ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ ਦੀ ਲੋੜ ਹੈ। ਸੀ.ਬੀ.ਆਈ. ਦੀ ਜਾਂਚ ਮੁਕੰਮਲ ਹੋਣ ਤੋਂ ਬਾਅਦ ਜਾਂ ਵਿਜੀਲੈਂਸ ਬਿਊਰੋ ਨੂੰ ਵਿਸ਼ੇਸ਼ ਅਦਾਲਤ, ਚੰਡੀਗੜ੍ਹ ਵਲੋਂ ਦਿੱਤੇ ਗਏ ਪੁਲਿਸ ਰਿਮਾਂਡ ਦੀ ਮਿਆਦ ਖਤਮ ਹੋਣ ਤੋਂ ਬਾਅਦ ਜਾਂਚ ਕਰਨ ਦੀ ਆਗਿਆ ਦੇ ਕੇ ਇਸ ਦਾ ਹੱਲ ਕੀਤਾ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਇਸ ਕਰਕੇ ਪੰਜਾਬ ਵਿਜੀਲੈਂਸ ਬਿਊਰੋ ਦੀ ਅਰਜ਼ੀ ਖਾਰਜ ਕੀਤੀ ਜਾਂਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਦਿੱਤੀ ਅੰਗਹੀਣ ਵਿਅਕਤੀਆਂ ਨੂੰ ਸਹਾਇਤਾ ਰਾਸ਼ੀ।



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 52 ਅੰਗਹੀਣ ਵਿਅਕਤੀਆਂ ਨੂੰ 39000 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ-ਵੱਖ ਬੀਮਾਰੀਆਂ ਤੋਂ ਵੀ ਪੀੜਤ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ



ਡਾ. ਐੱਸ.ਪੀ. ਸਿੰਘ ਓਬਰਾਏ।

ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ। ਪਿਛਲੇ ਲੰਮੇ ਸਮੇਂ ਤੋਂ ਸਾਡੀਆਂ ਤਕਲੀਫਾਂ ਅਤੇ ਸਾਡੇ ਹਾਲਾਤਾਂ ਨੂੰ ਵੇਖਦਿਆਂ ਸਾਡੀ ਮਦਦ ਕਰ ਰਹੇ ਹਨ, ਸਹਾਇਤਾ ਰਾਸ਼ੀ ਦੇ ਨਾਲ-ਨਾਲ ਸਾਨੂੰ ਦਵਾਈਆਂ ਖਰੀਦਣ ਲਈ ਵੀ ਸਹਾਇਤਾ ਰਾਸ਼ੀ ਦਿੰਦੇ ਰਹਿੰਦੇ ਹਨ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ ਹਰਭਗਵਾਨ ਖੱਪਿਆਂਵਾਲ਼ੀ, ਬਰਨੇਕ ਸਿੰਘ ਰਿਟਾ. ਲੈਕਚਰਾਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹੜ੍ਹ ਪ੍ਰਭਾਵਿਤ ਖੇਤਰ ਦੀਆਂ ਲੜਕੀਆਂ ਦੇ ਆਪਣੇ ਖਰਚੇ 'ਤੇ ਕਰੇਗਾ ਵਿਆਹ : ਡਾ. ਓਬਰਾਏ

### ■ ਜ਼ਿਲ੍ਹਾ ਟੀਮਾਂ ਨੂੰ ਲਿਸਟਾਂ ਬਣਾਉਣ ਦਾ ਹੁਕਮ

**ਸ਼੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)** - ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਇਸ ਸਾਲ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਲੋਕਾਂ ਦੀ ਜ਼ਿੰਦਗੀ ਨੂੰ ਆਮ ਵਾਂਗ ਬਣਾਉਣ ਲਈ ਲੋਕਾਂ ਨੂੰ ਸੁੱਕਾ ਰਾਸ਼ਣ, ਪਸ਼ੂਆਂ ਦੀ ਫੀਡ, ਤਰਪਾਲਾਂ, ਮੱਛਰਦਾਨੀਆਂ, ਪਾਣੀ ਅਤੇ ਹੋਰ ਜੋ ਵੀ ਪ੍ਰਭਾਵਿਤ ਲੋਕਾਂ ਨੇ ਮੰਗਿਆ, ਵੱਡੀ ਗਿਣਤੀ ਵਿਚ ਮੁਹੱਈਆ



ਡਾ. ਐੱਸ.ਪੀ. ਸਿੰਘ ਓਬਰਾਏ।

ਕਰਵਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਹੁਣ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੇ ਫੈਸਲਾ ਕੀਤਾ ਹੈ ਕਿ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀਆਂ ਧੀਆਂ ਦੇ ਵਿਆਹ (ਜੋ ਵਿਆਹ ਕਰਨੇ ਤਹਿ ਸਨ, ਪਰ ਹੜ੍ਹਾਂ ਦੀ ਮਾਰ ਪੈਣ ਕਰਕੇ ਉਹ ਅਸਮਰੱਥ ਹਨ) ਟਰੱਸਟ ਆਪਣੇ ਖਰਚੇ 'ਤੇ ਕਰੇਗਾ। ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਪ੍ਰਭਾਵਿਤ ਖੇਤਰਾਂ ਦੇ ਜ਼ਿਲ੍ਹਾ ਪ੍ਰਧਾਨਾਂ ਨੂੰ ਲਿਸਟਾਂ ਬਣਾਉਣ ਦੇ ਹੁਕਮ ਦਿੱਤੇ ਗਏ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਵਿਆਹ ਵਾਲੇ ਨਵੇਂ ਵਿਆਹੇ ਜੋੜਿਆਂ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਲੋੜੀਂਦਾ ਸਮਾਨ ਵੀ ਦਿੱਤਾ ਜਾਵੇਗਾ। ਟਰੱਸਟ ਦੀ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

# ਪੰਜਾਬੀ ਨੌਜਵਾਨ ਸਣੇ 2 ਨੌਜਵਾਨਾਂ ਦਾ ਡੌਂਕਰਾਂ ਵੱਲੋਂ ਬੇਰਿਹਮੀ ਨਾਲ ਕਤਲ

### ■ 2024 'ਚ ਚੰਗੇ ਭਵਿੱਖ ਖਾਤਿਰ ਅਮਰੀਕਾ ਲਈ ਨਿਕਲੇ ਸਨ

**ਹੁਸ਼ਿਆਰਪੁਰ, (ਪੰਜਾਬ ਮੇਲ)**- ਅਮਰੀਕਾ ਤੋਂ ਬੇਹੱਦ ਹੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਥੋਂ ਦੇ ਗੋਹਾਟਾ ਮਾਲਾ ਵਿਚ ਪੰਜਾਬੀ ਨੌਜਵਾਨ ਸਣੇ 2 ਨੌਜਵਾਨਾਂ ਫਿਰੌਤੀ ਨਾ ਮਿਲਣ ਕਰਕੇ ਡੌਂਕਰਾਂ ਨੇ ਬੇਰਿਹਮੀ ਨਾਲ ਕਤਲ ਕਰ ਦਿੱਤਾ। ਇਕ ਨੌਜਵਾਨ ਹੁਸ਼ਿਆਰਪੁਰ ਦੇ ਪਿੰਡ ਮੋਰੀਆਂ ਨਾਲ ਸਬੰਧਤ ਹੈ, ਜਦਕਿ ਇਕ ਹਰਿਆਣਾ ਨਾਲ ਸਬੰਧਤ ਹੈ। ਮ੍ਰਿਤਕਾਂ ਦੀ ਪਛਾਣ ਸਾਹਿਬ ਸਿੰਘ ਵਾਸੀ ਦਸੂਹਾ ਪਿੰਡ ਮੋਰੀਆਂ ਅਤੇ ਨੌਜਵਾਨ ਯੁਵਰਾਜ ਸਿੰਘ ਵਾਸੀ ਹਰਿਆਣਾ ਵਜੋਂ ਹੋਈ ਹੈ। ਦੋਵੇਂ ਨੌਜਵਾਨ ਅਕਤੂਬਰ 2024 ਵਿਚ ਚੰਗੇ ਭਵਿੱਖ ਖਾਤਿਰ ਅਮਰੀਕਾ ਲਈ ਨਿਕਲੇ ਸਨ। ਸਾਹਿਬ ਦੇ ਪਿਤਾ ਨੇ ਉਸ ਨੂੰ ਅਮਰੀਕਾ ਭੇਜਣ ਲਈ ਆਪਣੀ ਸਾਰੀ ਜ਼ਮੀਨ, ਪਸ਼ੂ ਅਤੇ ਘਰੇਲੂ ਗਹਿਣੇ ਵੇਚ ਦਿੱਤੇ।

ਜਾਣਕਾਰੀ ਦਿੰਦੇ ਹੋਏ ਸਾਹਿਬ ਦੇ ਜੀਜਾ ਗੁਰਦੀਪ ਸਿੰਘ ਨੇ ਦੱਸਿਆ ਕਿ ਜਦੋਂ ਸਾਹਿਬ ਗੋਵਾਟਾ ਮਾਲਾ ਨੇੜੇ ਪਹੁੰਚੇ ਤਾਂ ਉਨ੍ਹਾਂ ਨੂੰ ਅਤੇ ਹੋਰ ਨੌਜਵਾਨਾਂ ਨੂੰ ਮਨੁੱਖੀ ਤਸਕਰਾਂ ਨੇ ਫੜ ਲਿਆ ਅਤੇ ਉਨ੍ਹਾਂ ਨੇ ਉਨ੍ਹਾਂ ਦੀ ਕੁੱਟਮਾਰ ਦੀ ਵੀਡੀਓ ਬਣਾਈ ਅਤੇ 20 ਹਜ਼ਾਰ ਡਾਲਰ ਫਿਰੌਤੀ ਵਸੂਲਣ ਲਈ ਉਨ੍ਹਾਂ ਨੂੰ ਭੇਜ ਦਿੱਤੀ। ਪੈਸੇ ਨਾ ਮਿਲਣ ਕਾਰਨ ਉਨ੍ਹਾਂ ਨੇ ਸਾਹਿਬ ਅਤੇ ਉਸ ਦੇ ਨਾਲ ਹੋਰ ਨੌਜਵਾਨ ਯੁਵਰਾਜ ਦਾ ਕਤਲ ਕਰ ਦਿੱਤਾ। ਸਾਨੂੰ ਕੁਝ ਦਿਨ ਪਹਿਲਾਂ ਹੀ ਇਸ ਗੱਲ ਦੀ ਜਾਣਕਾਰੀ ਮਿਲੀ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਨੂੰ ਬਣਾ ਕੇ ਦਿੱਤੇ ਮੁਫ਼ਤ ਮਕਾਨ ਦਾ ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਉਦਘਾਟਨ

## 1725 ਮਕਾਨ ਬਣਾਏ ਜਾ ਚੁੱਕੇ ਹਨ : ਡਾ. ਓਬਰਾਏ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਸੰਨੀ ਓਬਰਾਏ ਆਵਾਸ ਯੋਜਨਾ ਤਹਿਤ ਲੋੜਵੰਦਾਂ ਨੂੰ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੀ ਰਹਿਨੁਮਾਈ ਹੇਠ ਵੱਡੀ ਗਿਣਤੀ ਵਿਚ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ। ਇਸ ਲੜੀ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬੂੜਾ ਗੁੱਜਰ ਵਿਚ ਇੱਕ ਬਹੁਤ ਹੀ ਲੋੜਵੰਦ ਪੁੱਤਰ ਗਵਾ ਚੁੱਕੀ ਵਿਧਵਾ ਨੂੰ ਟਰੱਸਟ ਵੱਲੋਂ ਮਕਾਨ ਬਣਾ ਕੇ ਦਿੱਤਾ ਗਿਆ ਹੈ, ਜਿਸ ਦਾ ਉਦਘਾਟਨ ਮਾਨਯੋਗ ਜ਼ਿਲ੍ਹਾ ਸੈਸ਼ਨ ਜੱਜ ਸ਼੍ਰੀ ਰਾਜ ਕੁਮਾਰ ਅਤੇ ਸ਼੍ਰੀ ਹਿਮਾਂਸ਼ੂ ਅਰੋੜਾ ਸੀਨੀਅਰ ਸਿਵਲ ਜੱਜ ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇੱਕ ਬਹੁਤ ਹੀ ਲੋੜਵੰਦ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਮਕਾਨ ਬਣਾਉਣ ਲਈ ਡਾਕਟਰ ਓਬਰਾਏ ਨੂੰ ਬੇਨਤੀ ਕੀਤੀ ਗਈ ਸੀ। ਡਾ. ਓਬਰਾਏ ਨੇ ਤੁਰੰਤ ਹੀ ਪੈਸੇ ਜਾਰੀ ਕੀਤੇ ਅਤੇ ਮਕਾਨ ਪੂਰਾ ਹੋਣ ਉਪਰੰਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਸਾਹਿਬ ਵੱਲੋਂ ਲੋੜਵੰਦ ਦੇ ਹਵਾਲੇ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਮੁਤਾਬਕ ਹੁਣ ਤੱਕ 1725 ਦੇ ਕਰੀਬ ਲੋੜਵੰਦਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਚੁੱਕੇ ਹਨ। ਲੋੜਵੰਦ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ



ਡਾ. ਐੱਸ.ਪੀ. ਸਿੰਘ ਓਬਰਾਏ।

ਕਿਹਾ ਕਿ ਡਾ ਓਬਰਾਏ ਦੇ ਉਪਰਾਲੇ ਨਾਲ ਮੈਂ ਰਹਿੰਦੀ ਉਮਰ ਨਵੇਂ ਮਕਾਨ ਵਿਚ ਵਧੀਆ ਢੰਗ ਨਾਲ ਗੁਜ਼ਾਰ ਲਵਾਂਗੀ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਚਰਨਜੀਤ ਸਿੰਘ, ਜੀਵਨ ਕੁਮਾਰ ਸਿੰਗਲਾ ਸੀਨੀਅਰ ਸਹਾਇਕ, ਵਿਸ਼ਵਜੀਤ ਸਿੰਘ ਪੀ.ਐੱਲ.ਵੀ., ਸੂਰਤ ਸਿੰਘ ਰਿਟਾ. ਇੰਸਪੈਕਟਰ, ਮੇਜਰ ਸਿੰਘ ਰਿਟਾ. ਇੰਸਪੈਕਟਰ ਅਤੇ ਮੈਂਬਰ ਪੰਚਾਇਤ, ਗੁਰਚਰਨ ਸਿੰਘ, ਹਰਦੀਪ ਸਿੰਘ, ਸੋਹਣ ਸਿੰਘ, ਅਰਸ਼ਦੀਪ ਸਿੰਘ ਚਹਿਲ, ਨਵਤੇਜ ਸਿੰਘ, ਬਿੰਦਰ ਸਿੰਘ ਗਰੇਵਾਲ ਅਤੇ ਹਰਦੀਪ ਸਿੰਘ ਦੀਪਾ ਆਦਿ ਹਾਜ਼ਰ ਸਨ।


## NAME CHANGE

I Vikas S/o Ramesh Puri, H.No.262 Mohalla Bagh Wala PO and PS Shahkot, Jalandhar Pin : 144702, Punjab, India, Now R/o 5124 CANADA HILLS DR ANTIOCH CA 94531, USA have changed my name to Vikas Puri. 878

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰ ਜਾਂ ਸਮਾਰਟ TV ਦੀ HDMI Port 'ਚ Google TV Dongle ਲਾ ਕੇ eBaba ਡਾਊਨਲੋਡ ਕਰਕੇ ਫ਼ਿਲਮ ਟੀਵੀ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ਼੍ਰੀ 'ਚ ਵੇਖ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹ ।




ਇਸ ਲਈ ਜਲਦੀ ਤ 'ਜਲਦੀ ਇਹ App Download ਕਰ ਅਤੇ ਆਪਣੇ ਦ ਸਤਾਂ ਨਾਲ ਵੀ ਇਹ ਜਾਣਕਾਰੀ Share ਕਰ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਦਿੱਤੇ ਵਿੱਤੀ ਸਹਾਇਤਾ ਦੇ ਚੈੱਕ

**ਗੁਰਪੁਰਬ ਦੀ ਵਧਾਈ ਵੀ ਦਿੱਤੀ**



ਰੋਪੜ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਆਰਥਿਕ ਤੌਰ 'ਤੇ ਕਮਜ਼ੋਰ, ਪੜ੍ਹਾਈ ਵਿਚ ਹੁਸ਼ਿਆਰ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਬਹੁਤ ਹੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਤਾਂ ਜੋ ਇਹ ਵਿਦਿਆਰਥੀ ਆਪਣਾ ਪੜ੍ਹਨ ਦਾ ਸੁਪਨਾ ਪੂਰਾ ਕਰ ਸਕਣ। ਇਸ ਲੜੀ ਤਹਿਤ ਰੋਪੜ ਵਿਖੇ ਬਹੁਤ ਹੀ ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਰਹਿਨੁਮਾਈ ਹੇਠ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ। ਜਿਸ ਵਿਚ ਬੇਲਾ ਕਾਲਜ ਦੇ 75 ਵਿਦਿਆਰਥੀਆਂ ਨੂੰ ਅਤੇ ਸਰਕਾਰੀ ਕਾਲਜ ਰੋਪੜ ਦੇ 50 ਵਿਦਿਆਰਥੀਆਂ ਨੂੰ ਅੱਗੇ ਪੜ੍ਹਾਈ ਕਰਨ ਲਈ ਸਹਾਇਤਾ ਰਾਸ਼ੀ ਦੇ ਚੈੱਕ ਹਰ ਮਹੀਨੇ ਦਿੱਤੇ ਜਾਂਦੇ ਹਨ।



ਡਾ. ਐੱਸ.ਪੀ. ਸਿੰਘ ਓਬਰਾਏ।

ਇਨ੍ਹਾਂ ਵਿਚੋਂ ਰਾਜਵੀਰ ਸਿੰਘ ਪੁੱਤਰ ਗੁਰਪਾਲ ਸਿੰਘ ਸਰਕਾਰੀ ਕਾਲਜ ਰੋਪੜ ਨੂੰ 6 ਹਜ਼ਾਰ ਦਾ ਚੈੱਕ, ਸਿਮਰਤ ਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ਸਰਕਾਰੀ ਕਾਲਜ ਰੋਪੜ ਨੂੰ 6 ਹਜ਼ਾਰ ਦਾ ਚੈੱਕ, ਹਰਮਨਜੋਤ ਕੌਰ ਪੁੱਤਰੀ ਬਲਵੀਰ ਸਿੰਘ ਸਰਕਾਰੀ ਕਾਲਜ ਰੋਪੜ ਨੂੰ 4 ਹਜ਼ਾਰ ਦਾ ਚੈੱਕ, ਯਸ਼ਮੀਨ ਪੁੱਤਰੀ ਪਰਮਜੀਤ ਸੈਨੀ ਸ਼ਿਵਾਲਿਕ ਕਾਲਜ ਆਫ ਫਾਰਮੇਸੀ ਨੰਗਲ ਨੂੰ 8 ਹਜ਼ਾਰ ਦਾ ਚੈੱਕ, ਕਮਲਪ੍ਰੀਤ ਕੌਰ ਪੁੱਤਰੀ ਮੱਘਰ ਸਿੰਘ ਸਰਕਾਰੀ ਕਾਲਜ ਰੋਪੜ ਨੂੰ 7 ਹਜ਼ਾਰ ਦਾ ਚੈੱਕ, ਗੁਰ ਸਿਮਰਨ ਸਿੰਘ ਪੁੱਤਰ ਬਲਜਿੰਦਰ ਸਿੰਘ ਦੁਆਬਾ ਗਰੁੱਪ ਆਫ ਕਾਲਜ ਰੋਪੜ ਨੂੰ 9 ਹਜ਼ਾਰ ਦਾ ਚੈੱਕ, ਗਗਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਸਰਕਾਰੀ ਕਾਲਜ ਰੋਪੜ ਨੂੰ 6 ਹਜ਼ਾਰ ਦਾ ਚੈੱਕ ਦਿਤਾ ਗਿਆ। ਜ਼ਿਲ੍ਹਾ ਪ੍ਰਧਾਨ ਸ਼੍ਰੀ ਜੇ.ਕੇ. ਜੱਗੀ ਜੀ ਨੇ ਦੱਸਿਆ ਕਿ ਇਹ ਵਿਦਿਆਰਥੀ ਪੜ੍ਹਾਈ ਵਿਚ ਹੁਸ਼ਿਆਰ ਹਨ, ਪੜ੍ਹਾਈ ਜਾਰੀ ਰੱਖਣਾ ਚਾਹੁੰਦੇ ਹਨ ਪਰ ਘਰ ਦੇ ਹਾਲਾਤ ਇਸਦੀ ਇਜਾਜ਼ਤ ਨਹੀਂ ਦੇ ਰਹੇ ਸਨ, ਤਾਂ ਇਸ ਵਿਦਿਆਰਥੀਆਂ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਇਕਾਈ ਰੋਪੜ ਟੀਮ ਰਾਹੀਂ ਆਰਥਿਕ ਮਦਦ ਦੀ ਬੇਨਤੀ ਕੀਤੀ ਗਈ, ਤਾਂ ਡਾਕਟਰ ਓਬਰਾਏ ਵੱਲੋਂ ਤੁਰੰਤ ਰਾਸ਼ੀ ਭੇਜੀ ਗਈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਹਰ ਮਹੀਨੇ ਹੀ ਪੜ੍ਹਾਈ ਜਾਰੀ ਰੱਖਣ ਲਈ ਆਰਥਿਕ ਮਦਦ ਦਿੱਤੀ ਜਾਂਦੀ ਹੈ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਜੇ.ਕੇ. ਜੱਗੀ ਨੇ ਸਾਰਿਆਂ ਨੂੰ ਗੁਰਪੂਰਬ ਦੀ ਲੱਖ-ਲੱਖ ਵਧਾਈ ਦਿੱਤੀ।

# ਸਾਬਕਾ ਕ੍ਰਿਕਟਰ ਗੀਤਇੰਦਰ ਸਿੰਘ ਸੋਢੀ ਵੱਲੋਂ ਲੁਧਿਆਣਾ 'ਚ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ



**ਲੁਧਿਆਣਾ, (ਪੰਜਾਬ ਮੇਲ)**- ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਖਿਡਾਰੀ ਗੀਤਇੰਦਰ ਸਿੰਘ ਸੋਢੀ ਨੇ ਲੁਧਿਆਣਾ 'ਚ ਆਪਣੀ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ ਗੋਲਫ ਲਿੰਕ ਹੰਬੜਾਂ ਰੋਡ ਲੁਧਿਆਣਾ ਵਿਖੇ ਕੀਤੀ ਹੈ। ਇਸ ਕ੍ਰਿਕਟ ਅਕੈਡਮੀ ਵਿਖੇ ਅੰਡਰ 19 ਵਰਗ ਦਾ ਟੂਰਨਾਮੈਂਟ ਲੁਧਿਆਣਾ ਕ੍ਰਿਕਟ ਦੀ ਉੱਘੀ ਅਤੇ ਕੱਦਵਾਰ ਸ਼ਖ਼ਸੀਅਤ ਵਿਨੋਦ ਚਿਤਕਾਰਾ ਅਤੇ ਵਰੁਣ ਚਿਤਕਾਰਾ ਦੀ ਦੇਖ-ਰੇਖ 'ਚ ਕਰਵਾਇਆ ਗਿਆ।

ਮੈਚ ਦੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਖੇਡ ਪ੍ਰੇਮੀ ਸਮਾਜ ਸੇਵਕ ਅਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਮਿਤ ਕਪੂਰ ਨੇ ਕੀਤੀ।

ਇਸ ਮੌਕੇ 'ਤੇ ਪਰਮ ਹੋਮਿਓਪੈਥਿਕ ਕੇਅਰ ਮਾਡਲ ਟਾਊਨ ਲੁਧਿਆਣਾ ਤੋਂ ਪਰਮਪ੍ਰੀਤ ਸਿੰਘ ਨੇ ਮੁੱਖ ਮਹਿਮਾਨ, ਸ਼੍ਰੀ ਅਮਿਤ ਕਪੂਰ ਨੂੰ ਕਪੂਰ ਸਾਹਿਬ ਦੀ ਤਸਵੀਰ ਦਾ ਖ਼ੂਬਸੂਰਤ ਹੱਥੀਂ ਤਿਆਰ ਕੀਤਾ ਪੈਨਸਿਲ ਸਕੈਚ ਦੇ ਕੇ ਸਨਮਾਨਿਤ ਕੀਤਾ। ਮੌਕੇ 'ਤੇ ਮੌਜੂਦ ਰਹੇ ਗੌਰਮੈਂਟ ਕਾਲਜ ਲੁਧਿਆਣਾ ਦੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਆਰ.ਪੀ. ਸਿੰਘ ਸੋਖੀ ਲੁਧਿਆਣਾ ਕ੍ਰਿਕਟ ਦੀ ਉੱਘੀ ਨਾਮਵਰ ਸ਼ਖ਼ਸੀਅਤ ਵਿਨੋਦ ਚਿਤਕਾਰਾ, ਵਰੁਣ ਚਿਤਕਾਰਾ ਅਤੇ ਹੋਰ ਸਨਮਾਨਿਤ ਸ਼ਖ਼ਸੀਅਤਾਂ ਮੌਜੂਦ ਰਹੀਆਂ।

# ਮੇਹੁਲ ਚੋਕਸੀ ਵੱਲੋਂ ਭਾਰਤ ਹਵਾਲਗੀ ਵਿਰੁੱਧ ਬੈਲਜੀਅਮ ਦੀ ਸੁਪਰੀਮ ਕੋਰਟ 'ਚ ਚੁਣੌਤੀ



**ਨਵੀਂ ਦਿੱਲੀ, (ਪੰਜਾਬ ਮੇਲ)**- ਭਗੌੜੇ ਹੀਰਾ ਵਪਾਰੀ ਮੇਹੁਲ ਚੋਕਸੀ ਨੇ ਬੈਲਜੀਅਮ ਦੀ ਸੁਪਰੀਮ ਕੋਰਟ ਵਿਚ ਆਪਣੀ ਹਵਾਲਗੀ ਨੂੰ ਚੁਣੌਤੀ ਦਿੱਤੀ ਹੈ। ਚੋਕਸੀ ਨੇ ਐਂਟਵਰਪ ਕੋਰਟ ਆਫ਼ ਅਪੀਲਜ਼ ਦੇ 17 ਅਕਤੂਬਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ ਨੇ ਭਾਰਤ ਦੀ ਹਵਾਲਗੀ ਬੇਨਤੀ ਨੂੰ ਬਰਕਰਾਰ ਰੱਖਿਆ ਅਤੇ ਇਸ ਨੂੰ "ਲਾਗੂ ਕਰਨ ਯੋਗ" ਐਲਾਨਿਆ। ਇਹ ਜਾਣਕਾਰੀ ਅਧਿਕਾਰੀਆਂ ਨੇ ਸੋਮਵਾਰ ਨੂੰ ਦਿੱਤੀ। ਐਂਟਵਰਪ ਕੋਰਟ ਆਫ਼ ਅਪੀਲ ਦੇ ਸਰਕਾਰੀ ਵਕੀਲ ਨੇ ਕਿਹਾ ਕਿ ਚੋਕਸੀ ਨੇ 30 ਅਕਤੂਬਰ ਨੂੰ ਕੋਰਟ ਆਫ਼ ਕੇਸੇਸ਼ਨ ਵਿਚ ਅਪੀਲ ਦਾਇਰ ਕੀਤੀ ਸੀ। ਇਹ ਅਪੀਲ ਕਾਨੂੰਨੀ ਪਹਿਲੂਆਂ ਤੱਕ ਸੀਮਤ ਹੈ ਅਤੇ ਇਸ ਸਮੇਂ ਦੌਰਾਨ ਹਵਾਲਗੀ ਦੀ ਕਾਰਵਾਈ 'ਤੇ ਰੋਕ ਲੱਗੇਗੀ। ਕੋਰਟ ਆਫ਼ ਕੇਸੇਸ਼ਨ ਬੈਲਜੀਅਮ ਦੀ ਸਭ ਤੋਂ ਉੱਚੀ ਅਦਾਲਤ ਹੈ। 17 ਅਕਤੂਬਰ ਨੂੰ ਐਂਟਵਰਪ ਅਪੀਲ ਅਦਾਲਤ ਦੇ ਚਾਰ ਮੈਂਬਰੀ ਬੈਂਚ ਨੇ ਜ਼ਿਲ੍ਹਾ ਅਦਾਲਤ ਦੇ 29 ਨਵੰਬਰ, 2024 ਦੇ ਪ੍ਰੀ-ਟ੍ਰਾਇਲ ਚੈਂਬਰ ਦੇ ਹੁਕਮ ਨੂੰ ਬਰਕਰਾਰ ਰੱਖਿਆ, ਜਿਸ ਨੇ ਮੁੰਬਈ ਦੀ ਵਿਸ਼ੇਸ਼ ਅਦਾਲਤ ਦੁਆਰਾ ਮਈ 2018 ਅਤੇ ਜੂਨ 2021 ਵਿਚ ਜਾਰੀ ਕੀਤੇ ਗਏ ਗ੍ਰਿਫ਼ਤਾਰੀ ਵਾਰੰਟਾਂ ਨੂੰ ਲਾਗੂ ਕਰਨ ਯੋਗ ਐਲਾਨਿਆ ਸੀ ਅਤੇ ਚੋਕਸੀ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਸੀ। ਅਪੀਲ ਅਦਾਲਤ ਨੇ ਕਿਹਾ ਕਿ 13,000 ਕਰੋੜ ਰੁਪਏ ਦੇ ਪੀ.ਐੱਨ.ਬੀ. ਘੁਟਾਲੇ ਦੇ ਮੁੱਖ ਦੋਸ਼ੀ ਅਤੇ ਭਗੌੜੇ ਚੋਕਸੀ ਨੂੰ ਭਾਰਤ ਹਵਾਲੇ ਕੀਤੇ ਜਾਣ 'ਤੇ ਨਿਰਪੱਖ ਮੁਕੱਦਮੇ ਤੋਂ ਇਨਕਾਰ ਕੀਤੇ ਜਾਣ ਜਾਂ ਦੁਰਵਿਵਹਾਰ ਦਾ ਕੋਈ ਖ਼ਤਰਾ ਨਹੀਂ ਹੈ।

# ਸੁਪਰੀਮ ਕੋਰਟ ਵੱਲੋਂ ਬੀ.ਸੀ.ਆਈ. ਨੂੰ ਪੰਜਾਬ ਤੇ ਹਰਿਆਣਾ ਬਾਰ ਕੌਂਸਲਾਂ ਦੀਆਂ ਚੋਣਾਂ 31 ਦਸੰਬਰ ਤੱਕ ਕਰਵਾਉਣ ਦੇ ਹੁਕਮ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਬਾਰ ਕੌਂਸਲ ਆਫ਼ ਇੰਡੀਆ (ਬੀ.ਸੀ.ਆਈ.) ਨੂੰ ਪੰਜਾਬ ਅਤੇ ਹਰਿਆਣਾ ਬਾਰ ਕੌਂਸਲਾਂ ਦੀਆਂ ਚੋਣਾਂ ਦਸ ਦਿਨਾਂ ਅੰਦਰ ਨੋਟੀਫਾਈ ਕਰਨ ਅਤੇ 31 ਦਸੰਬਰ, 2025 ਤੱਕ ਚੋਣਾਂ ਕਰਵਾਉਣ ਦੇ ਹੁਕਮ ਦਿੱਤੇ ਹਨ।

ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਸਿਖਰਲੀ ਬਾਰ ਸੰਸਥਾ ਬਾਰ ਕੌਂਸਲ ਆਫ਼ ਇੰਡੀਆ ਨੂੰ 31 ਜਨਵਰੀ, 2026 ਤੱਕ ਉੱਤਰ ਪ੍ਰਦੇਸ਼ ਬਾਰ ਕੌਂਸਲ ਦੀਆਂ ਚੋਣਾਂ ਕਰਵਾਉਣ ਅਤੇ ਵੋਟਰਾਂ ਦੀਆਂ ਅਸਲ ਅਤੇ ਸੱਚੀਆਂ ਸ਼ਿਕਾਇਤਾਂ ਦਾ ਹੱਲ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ।

ਸਿਖਰਲੀ ਅਦਾਲਤ ਨੇ ਇਹ ਨਿਰਦੇਸ਼ ਉਦੋਂ ਦਿੱਤੇ, ਜਦੋਂ ਉਸ ਨੂੰ ਇਹ ਦੱਸਿਆ ਗਿਆ ਕਿ ਪੰਜਾਬ ਅਤੇ ਹਰਿਆਣਾ ਬਾਰ ਕੌਂਸਲਾਂ ਦੀਆਂ ਚੋਣਾਂ ਨੂੰ ਨੋਟੀਫਾਈ ਨਹੀਂ ਕੀਤਾ ਗਿਆ ਹੈ ਅਤੇ ਉੱਤਰ ਪ੍ਰਦੇਸ਼ ਵਿਚ ਵੋਟਰ ਸੂਚੀ ਵੈੱਬਸਾਈਟ 'ਤੇ ਅਪਲੋਡ ਨਹੀਂ ਕੀਤੀ ਜਾ ਰਹੀ ਹੈ। ਸੀਨੀਅਰ ਵਕੀਲ ਮਨਨ ਕੁਮਾਰ ਮਿਸ਼ਰਾ, ਜੋ ਬਾਰ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਨਿਯਮਾਂ ਅਨੁਸਾਰ ਚੋਣਾਂ ਕਰਵਾਉਣ ਅਤੇ ਇਸ ਦੀ ਸੂਚਨਾ ਦੇਣ ਵਿਚਕਾਰ 180 ਦਿਨ ਦਾ ਅੰਤਰ ਹੋਣਾ ਚਾਹੀਦਾ ਹੈ ਅਤੇ ਪੰਜਾਬ ਅਤੇ ਹਰਿਆਣਾ ਦੇ ਮਾਮਲੇ ਵਿਚ ਉਨ੍ਹਾਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜਸਟਿਸ ਕਾਂਤ ਨੇ ਮਿਸ਼ਰਾ ਨੂੰ ਵੱਖ-ਵੱਖ ਰਾਜਾਂ ਲਈ ਬਾਰ ਕੌਂਸਲ ਚੋਣਾਂ ਕਰਵਾਉਣ ਲਈ ਸੇਵਾਮੁਕਤ ਹਾਈ ਕੋਰਟ ਜੱਜ ਦੀ ਅਗਵਾਈ 'ਚ ਇੱਕ ਕਮੇਟੀ ਬਣਾਉਣ ਲਈ ਕਿਹਾ ਹੈ। ਮਿਸ਼ਰਾ ਨੇ ਕੋਰਟ ਨੂੰ ਦੱਸਿਆ ਕਿ ਇਹ ਹੋ ਗਿਆ ਹੈ ਅਤੇ ਇੱਕ ਸੇਵਾਮੁਕਤ ਹਾਈ ਕੋਰਟ ਜੱਜ ਦੀ ਅਗਵਾਈ ਵਿਚ ਪੈਨਲ ਬਣਾਇਆ ਗਿਆ ਹੈ। ਸਿਖਰਲੀ ਅਦਾਲਤ ਨੇ ਮਿਸ਼ਰਾ ਨੂੰ ਕਿਹਾ ਕਿ ਪੰਜਾਬ ਅਤੇ ਹਰਿਆਣਾ ਬਾਰ ਕੌਂਸਲਾਂ ਵਿਚ ਚੋਣਾਂ ਕਰਵਾਉਣ ਲਈ ਬੀ.ਸੀ.ਆਈ. ਨੂੰ ਇੱਕ ਸੇਵਾਮੁਕਤ ਹਾਈ ਕੋਰਟ ਜੱਜ ਦੀ ਅਗਵਾਈ ਵਿਚ ਇੱਕ ਹੋਰ ਪੈਨਲ ਨਿਯੁਕਤ ਕਰਨਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿ ਉਹ 31 ਦਸੰਬਰ, 2025 ਤੱਕ ਚੋਣਾਂ ਕਰਵਾਉਣ ਦੀ ਕੋਸ਼ਿਸ਼ ਕਰੇ ਅਤੇ ਕੋਈ ਵੀ ਮੁਸ਼ਕਲ ਆਉਂਦੀ ਹੈ, ਤਾਂ ਉਸ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com






# ਕੈਨੇਡਾ 'ਚ ਕਤਲ ਕੇਸ ਵਿਚ ਭਾਰਤੀ ਮੂਲ ਦੇ ਵਿਅਕਤੀ ਨੂੰ 25 ਸਾਲ ਦੀ ਕੈਦ

**ਓਟਾਵਾ, (ਪੰਜਾਬ ਮੇਲ)**- ਇੱਕ ਕੈਨੇਡੀਅਨ ਅਦਾਲਤ ਨੇ 2022 ਦੇ ਇੱਕ ਕਤਲ ਕੇਸ ਵਿਚ ਭਾਰਤੀ ਮੂਲ ਦੇ ਵਿਅਕਤੀ ਨੂੰ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਰਿਪੋਰਟ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਜਿਊਰੀ ਨੇ ਬਲਰਾਜ ਬਸਰਾ ਨੂੰ ਪਹਿਲੀ ਡਿਗਰੀ ਕਤਲ ਅਤੇ ਅੱਗਜ਼ਨੀ ਦਾ ਦੋਸ਼ੀ ਠਹਿਰਾਇਆ।

ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐੱਚ.ਆਈ.ਟੀ.) ਦਾ ਕਹਿਣਾ ਹੈ ਕਿ ਬਸਰਾ 2022 ਵਿਚ 17 ਅਕਤੂਬਰ ਨੂੰ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਇੱਕ



ਗੋਲਫ ਕਲੱਬ ਵਿਚ ਵਿਸ਼ਾਲ ਵਾਲੀਆ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਤੀਜਾ ਵਿਅਕਤੀ ਹੈ। ਹੋਰ ਦੋ ਦੋਸ਼ੀ ਇਕਬਾਲ ਕੰਗ ਅਤੇ ਡੀਐਂਡਰੇ ਬੈਪਟਿਸਟ ਨੂੰ ਪਹਿਲਾਂ ਹੀ ਸਜ਼ਾ ਸੁਣਾਈ ਜਾ ਚੁੱਕੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿੱਥੇ ਕੰਗ ਨੂੰ 17 ਸਾਲ ਦੀ ਕੈਦ ਅਤੇ ਅੱਗਜ਼ਨੀ ਲਈ ਵਾਧੂ ਪੰਜ ਸਾਲ ਦੀ ਸੁਣਾਈ ਗਈ ਸੀ, ਉੱਥੇ ਬੈਪਟਿਸਟ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਵਿਚ 17 ਸਾਲਾਂ ਤੱਕ ਕੋਈ ਪੈਰੋਲ ਦੀ ਯੋਗਤਾ ਨਹੀਂ ਹੈ। ਰਿਪੋਰਟ ਅਨੁਸਾਰ ਤਿੰਨਾਂ ਦੋਸ਼ੀਆਂ ਨੇ 38 ਸਾਲਾ ਵਿਸ਼ਾਲ ਵਾਲੀਆ ਨੂੰ ਗੋਲੀ ਮਾਰ ਕੇ ਕਤਲ ਕਰਨ ਤੋਂ ਬਾਅਦ ਇੱਕ ਵਾਹਨ ਨੂੰ ਅੱਗ ਲਗਾ ਦਿੱਤੀ ਸੀ। ਵੈਨਕੂਵਰ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਤੁਰੰਤ ਉਨ੍ਹਾਂ ਸ਼ੱਕੀ ਵਿਅਕਤੀਆਂ ਦੀ ਪਛਾਣ ਕਰ ਲਈ ਜੋ ਇੱਕ ਹੋਰ ਵਾਹਨ ਵਿਚ ਮੌਕੇ ਤੋਂ ਫਰਾਰ ਹੋ ਗਏ ਸਨ।

# ਅਮਰੀਕਾ ਤੋਂ ਬਾਅਦ ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਝਟਕਾ!

**ਟੋਰਾਂਟੋ, (ਪੰਜਾਬ ਮੇਲ)**- ਅਮਰੀਕਾ ਨਾਲ ਟੈਰਿਫ ਤਣਾਅ ਦੇ ਵਿਚਕਾਰ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਕੰਮ ਕਰ ਰਹੇ ਹਨ। ਇਸ ਦੌਰਾਨ ਕੈਨੇਡਾ ਨੇ ਉਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਝਟਕਾ ਦਿੱਤਾ ਹੈ, ਜੋ ਵੀਜ਼ਾ ਪ੍ਰਾਪਤ ਕਰਨ ਦੀ ਦੌੜ ਵਿਚ ਸਨ। ਸਰਕਾਰੀ ਅੰਕੜਿਆਂ ਅਨੁਸਾਰ, ਚਾਰ ਵਿਚੋਂ ਤਿੰਨ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਹ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਕੈਨੇਡਾ ਦੀਆਂ ਸਖ਼ਤ ਪਾਬੰਦੀਆਂ ਦਾ ਨਕਾਰਾਤਮਕ ਪ੍ਰਭਾਵ ਹੈ। ਕੈਨੇਡਾ ਪਹਿਲਾਂ ਭਾਰਤੀ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਸਥਾਨ ਹੁੰਦਾ ਸੀ, ਪਰ ਹੁਣ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਆਪਣੀ ਪ੍ਰਸਿੱਧੀ ਗੁਆ ਰਿਹਾ ਹੈ।

ਕੈਨੇਡਾ ਨੇ ਇਹ ਝਟਕਾ ਚੀਨ ਅਤੇ ਭਾਰਤ ਸਮੇਤ ਹੋਰ ਦੇਸ਼ਾਂ ਨੂੰ ਦਿੱਤਾ ਹੈ, ਪਰ ਚੀਨੀ ਅਰਜ਼ੀਆਂ ਲਈ ਰੱਦ ਕਰਨ ਦੀ ਦਰ ਭਾਰਤ ਨਾਲੋਂ ਘੱਟ ਹੈ। ਅੰਕੜੇ ਦਰਸਾਉਂਦੇ ਹਨ ਕਿ

- **ਅਗਸਤ 2025 'ਚ ਲਗਭਗ 74 ਪ੍ਰਤੀਸ਼ਤ ਭਾਰਤੀ ਅਰਜ਼ੀਆਂ ਕੀਤੀਆਂ ਰੱਦ**

ਕੈਨੇਡਾ ਨੇ ਅਗਸਤ 2025 ਵਿਚ ਲਗਭਗ 24% ਚੀਨੀ ਅਧਿਐਨ ਪਰਮਿਟ ਰੱਦ ਕਰ ਦਿੱਤੇ ਸਨ। ਦਰਅਸਲ, ਅਸਥਾਈ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਅਤੇ ਵਿਦਿਆਰਥੀ ਵੀਜ਼ਾ ਧੋਖਾਧੜੀ ਦਾ ਮੁਕਾਬਲਾ ਕਰਨ ਦੇ ਇੱਕ ਵਿਆਪਕ ਯਤਨ ਦੇ ਹਿੱਸੇ ਵਜੋਂ, ਕੈਨੇਡਾ ਨੇ 2025 ਤੋਂ ਸ਼ੁਰੂ ਕਰਦੇ ਹੋਏ ਲਗਾਤਾਰ ਦੂਜੇ ਸਾਲ ਜਾਰੀ ਕੀਤੇ ਗਏ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਦੀ ਗਿਣਤੀ ਘਟਾ ਦਿੱਤੀ ਹੈ।

ਇੱਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਵਿਭਾਗ ਦੁਆਰਾ ਪ੍ਰਦਾਨ ਕੀਤੇ ਗਏ ਅੰਕੜਿਆਂ ਅਨੁਸਾਰ, ਅਗਸਤ 2025 ਵਿਚ ਲਗਭਗ 74 ਪ੍ਰਤੀਸ਼ਤ ਭਾਰਤੀ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ, ਜਦੋਂ ਕਿ ਦੋ ਸਾਲ ਪਹਿਲਾਂ ਅਗਸਤ 2023 ਵਿਚ ਇਹ ਗਿਣਤੀ 32 ਪ੍ਰਤੀਸ਼ਤ ਸੀ। ਇਸਦਾ ਮਤਲਬ ਹੈ ਕਿ ਤਾਜ਼ਾ ਅੰਕੜਿਆਂ ਅਨੁਸਾਰ, ਕੈਨੇਡੀਅਨ ਪੋਸਟ-ਸੈਕੰਡਰੀ ਸੰਸਥਾਵਾਂ ਵਿਚ ਪੜ੍ਹਾਈ ਕਰਨ ਲਈ ਵੀਜ਼ਾ ਮੰਗਣ ਵਾਲੇ ਹਰ ਚਾਰ ਵਿਚੋਂ ਤਿੰਨ ਭਾਰਤੀ ਵਿਦਿਆਰਥੀਆਂ ਨੂੰ ਨਿਰਾਸ਼ਾ ਹੋਈ ਹੈ। ਪਿਛਲੇ ਦਹਾਕੇ ਤੋਂ ਭਾਰਤ, ਕੈਨੇਡਾ ਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਰਿਹਾ ਹੈ। ਅਗਸਤ ਵਿਚ, ਸਟੱਡੀ-ਪਰਮਿਟ ਅਸਵੀਕਾਰ ਦਰ ਵੀ ਕਿਸੇ ਵੀ ਦੇਸ਼ ਨਾਲੋਂ ਸਭ ਤੋਂ ਵੱਧ ਸੀ, ਜਿਸ ਵਿਚ 1,000 ਤੋਂ ਵੱਧ ਪ੍ਰਵਾਨਿਤ ਬਿਨੈਕਾਰ ਸਨ। ਵਿਦਿਆਰਥੀ ਅਰਜ਼ੀ ਨਾ-ਮਨਜ਼ੂਰ ਹੋਣ ਦਰ ਵਿਚ ਇਹ ਵਾਧਾ ਅਜਿਹੇ ਸਮੇਂ ਵਿਚ ਹੋਇਆ ਹੈ, ਜਦੋਂ ਕੈਨੇਡਾ ਅਤੇ ਭਾਰਤ ਇੱਕ ਸਾਲ ਤੋਂ ਵੱਧ ਤਣਾਅ ਤੋਂ ਬਾਅਦ ਸਬੰਧਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਹ ਧਿਆਨ ਦੇਣ ਯੋਗ ਹੈ ਕਿ ਸੰਯੁਕਤ ਰਾਜ ਅਮਰੀਕਾ ਨੇ ਪਹਿਲਾਂ ਵੀ ਵਿਦਿਆਰਥੀ ਵੀਜ਼ਿਆਂ ਨੂੰ ਝਟਕਾ ਦਿੱਤਾ ਹੈ।

# ਅਮਰੀਕੀ ਪ੍ਰਸ਼ਾਸਨ ਨੇ ਡਰਾਈਵਰਾਂ ਲਈ ਨਿਯਮ ਕੀਤੇ ਹੋਰ ਸਖ਼ਤ!

**ਵਾਸ਼ਿੰਗਟਨ, (ਪੰਜਾਬ ਮੇਲ)**- ਯੂਨਾਈਟਿਡ ਸਟੇਟਸ ਡਿਪਾਰਟਮੈਂਟ ਆਫ਼ ਟਰਾਂਸਪੋਰਟੇਸ਼ਨ (ਡੀ.ਓ.ਟੀ.) ਨੇ ਇਸ ਸਾਲ 7,200 ਤੋਂ ਵੱਧ ਵਪਾਰਕ ਟਰੱਕ ਡਰਾਈਵਰਾਂ ਨੂੰ ਲਾਜ਼ਮੀ ਇੰਗਲਿਸ਼ ਮੁਹਾਰਤ ਟੈਸਟਾਂ ਵਿਚ ਫੇਲ੍ਹ ਹੋਣ ਕਾਰਨ ਅਯੋਗ ਕਰਾਰ ਦੇ ਦਿੱਤਾ ਹੈ। ਇਹ ਸਖ਼ਤ ਕਾਰਵਾਈ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੇ ਕਈ ਜਾਨਲੇਵਾ ਹਾਈਵੇ ਹਾਦਸਿਆਂ ਤੋਂ ਬਾਅਦ ਇੱਕ ਹਮਲਾਵਰ ਮੁਹਿੰਮ ਵਜੋਂ ਸਾਹਮਣੇ ਆਈ ਹੈ।

ਜਿਨ੍ਹਾਂ ਡਰਾਈਵਰਾਂ ਨੂੰ ਡਿਸਕੁਆਲੀਫਾਈ ਕੀਤਾ ਗਿਆ ਹੈ, ਉਨ੍ਹਾਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਮੂਲ ਦੇ ਟਰੱਕ ਡਰਾਈਵਰ ਸ਼ਾਮਲ ਹਨ, ਖ਼ਾਸਕਰ ਪੰਜਾਬੀ ਅਤੇ ਹਰਿਆਣਵੀ ਮੂਲ ਦੇ ਡਰਾਈਵਰ। ਨਾਰਥ ਅਮੈਰੀਕਨ ਪੰਜਾਬੀ ਟਰੱਕਰਜ਼ ਐਸੋਸੀਏਸ਼ਨ (ਐੱਨ.ਏ.ਪੀ.ਟੀ.ਏ.) ਦਾ ਅੰਦਾਜ਼ਾ ਹੈ ਕਿ ਅਮਰੀਕਾ ਵਿਚ 130,000 ਤੋਂ 150,000 ਟਰੱਕ ਡਰਾਈਵਰ ਪੰਜਾਬ ਅਤੇ ਹਰਿਆਣਾ ਤੋਂ ਆਏ ਹਨ। ਐਸੋਸੀਏਸ਼ਨ ਨੇ ਪੁਸ਼ਟੀ ਕੀਤੀ ਹੈ ਕਿ ਬਹੁਤ ਸਾਰੇ ਅਯੋਗ ਕੀਤੇ ਗਏ ਡਰਾਈਵਰ ਪੰਜਾਬੀ ਅਤੇ ਹਰਿਆਣਵੀ ਮੂਲ ਦੇ ਹਨ।

ਯੂ.ਐੱਸ. ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ 30 ਅਕਤੂਬਰ ਨੂੰ ਕਾਰਵਾਈ ਦਾ ਐਲਾਨ ਕੀਤਾ।

- **ਇਸ ਸਾਲ 7,200 ਤੋਂ ਵੱਧ ਵਪਾਰਕ ਟਰੱਕ ਡਰਾਈਵਰ ਲਾਜ਼ਮੀ ਇੰਗਲਿਸ਼ ਮੁਹਾਰਤ ਟੈਸਟਾਂ 'ਚ ਫੇਲ੍ਹ ਹੋਣ ਕਾਰਨ ਅਯੋਗ ਕਰਾਰ**
- **ਪੰਜਾਬੀ-ਹਰਿਆਣਵੀ ਹੋਣਗੇ ਸਭ ਤੋਂ ਵੱਧ ਪ੍ਰਭਾਵਿਤ**

ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐੱਫ.ਐੱਮ.ਸੀ.ਐੱਸ.ਏ.) ਦੇ ਅਸਲ-ਸਮੇਂ ਦੇ ਅੰਕੜਿਆਂ ਅਨੁਸਾਰ, 2025 ਵਿਚ ਕੁੱਲ 7,248 ਡਰਾਈਵਰਾਂ ਨੂੰ ਰੀਅਲ-ਟਾਈਮ ਰੋਡਸਾਈਡ ਇੰਗਲਿਸ਼ ਲੈਂਗੂਏਜ ਪ੍ਰੋਫੀਸ਼ੀਐਂਸੀ (ਈ.ਐੱਲ.ਪੀ.) ਟੈਸਟਾਂ ਵਿਚ ਫੇਲ੍ਹ ਹੋਣ ਕਾਰਨ ਆਊਟ ਆਫ਼ ਸਰਵਿਸ (ਡਰਾਈਵਿੰਗ ਕਰਨ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਗਿਆ) ਘੋਸ਼ਿਤ ਕੀਤਾ ਗਿਆ।

ਇਹ ਕਾਰਵਾਈ 49 ਸੀ.ਐੱਫ.ਆਰ. 391.11(ਬੀ)(2) ਨਿਯਮ ਦੇ ਮੁੜ ਲਾਗੂ ਹੋਣ ਤੋਂ ਬਾਅਦ ਆਈ ਹੈ। ਇਸ ਨਿਯਮ ਤਹਿਤ ਸਾਰੇ ਕਮਰਸ਼ੀਅਲ ਡਰਾਈਵਰ ਲਾਇਸੈਂਸ (ਸੀ.ਡੀ.ਐੱਲ.) ਧਾਰਕਾਂ ਨੂੰ ਇੰਗਲਿਸ਼ ਪੜ੍ਹਨ ਅਤੇ ਬੋਲਣ ਵਿਚ ਇੰਨਾ ਨਿਪੁੰਨ ਹੋਣਾ ਚਾਹੀਦਾ ਹੈ ਕਿ ਉਹ ਜਨਤਾ ਨਾਲ ਗੱਲਬਾਤ ਕਰ ਸਕਣ, ਚਿੰਨ੍ਹ ਸਮਝ ਸਕਣ, ਅਧਿਕਾਰੀਆਂ ਨਾਲ ਗੱਲਬਾਤ ਕਰ ਸਕਣ ਅਤੇ ਸਹੀ ਰਿਪੋਰਟਾਂ ਬਣਾਈ ਰੱਖ ਸਕਣ।

ਜ਼ਿਕਰਯੋਗ ਹੈ ਕਿ ਅਗਸਤ ਮਹੀਨੇ ਵਿਚ ਭਾਰਤੀ ਮੂਲ ਦਾ ਟਰੱਕ ਡਰਾਈਵਰ ਹਰਜਿੰਦਰ ਸਿੰਘ ਹੱਥੋਂ ਫਲੋਰੀਡਾ ਟਰਨਪਾਈਕ 'ਤੇ ਇੱਕ ਭਿਆਨਕ ਹਾਦਸੇ ਵਿਚ ਸ਼ਾਮਲ ਸੀ, ਜਦੋਂ ਉਸ ਦੇ ਟਰੱਕ ਨਾਲ ਟੱਕਰ ਕਾਰਨ ਤਿੰਨ ਲੋਕ ਮਾਰੇ ਗਏ ਸਨ। ਇਹ ਹਾਦਸਾ ਗਲਤ ਯੂ-ਟਰਨ ਲੈਣ ਤੋਂ ਬਾਅਦ ਹੋਇਆ। ਸੁਰੱਖਿਆ ਰਿਕਾਰਡਾਂ ਅਨੁਸਾਰ ਹਰਜਿੰਦਰ ਸਿੰਘ ਦੀ ਇੰਗਲਿਸ਼ ਭਾਸ਼ਾ ਦੀ ਮੁਹਾਰਤ 'ਤੇ ਸਵਾਲ ਖੜ੍ਹੇ ਕੀਤੇ ਗਏ ਸਨ।

ਇਸ ਤੋਂ ਬਾਅਦ ਅਕਤੂਬਰ ਵਿਚ ਇੱਕ ਭਾਰਤੀ ਡਰਾਈਵਰ ਕੈਲੀਫੋਰਨੀਆ ਹਾਈਵੇਅ 'ਤੇ ਇੱਕ ਭਿਆਨਕ ਹਾਦਸੇ ਵਿਚ ਸ਼ਾਮਲ ਸੀ ਅਤੇ ਉਸ 'ਤੇ ਤਿੰਨ ਅਮਰੀਕੀ ਲੋਕਾਂ ਨੂੰ ਮਾਰਨ ਦਾ ਦੋਸ਼ ਲੱਗਿਆ ਹੈ। ਡੀ.ਓ.ਟੀ. ਸੂਤਰਾਂ ਅਨੁਸਾਰ, ਇਹ ਡਰਾਈਵਰ ਹਾਦਸੇ ਤੋਂ ਪਹਿਲਾਂ ਕਈ ਵਾਰ ਇੰਗਲਿਸ਼ ਟੈਸਟ 'ਚ ਫੇਲ੍ਹ ਹੋਇਆ ਸੀ। ਪ੍ਰਵਾਸੀ ਡਰਾਈਵਰਾਂ ਹੱਥੋਂ ਹੋਏ ਇਨ੍ਹਾਂ ਹਾਦਸਿਆਂ ਕਾਰਨ ਹੀ ਅਮਰੀਕੀ ਪ੍ਰਸ਼ਾਸਨ ਡਰਾਈਵਿੰਗ ਨਿਯਮਾਂ ਨੂੰ ਹੋਰ ਸਖ਼ਤ ਕਰਨ ਜਾ ਰਿਹਾ ਹੈ।

## ਸ਼ਟਡਾਊਨ ਖਤਮ ਕਰਵਾਉਣ ਲਈ ਡੈਮੋਕ੍ਰੇਟਸ ਦੇ ਦਬਾਅ ਅੱਗੇ ਨਹੀਂ ਝੁਕਾਂਗਾ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਜਾਰੀ 'ਸ਼ਟਡਾਊਨ' ਦੇ ਵਿਚਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਸਰਕਾਰੀ ਵਿਭਾਗਾਂ 'ਚ ਕੰਮਕਾਜ ਨੂੰ ਮੁੜ ਚਾਲੂ ਕਰਵਾਉਣ ਲਈ ਡੈਮੋਕ੍ਰੇਟਸ ਦੇ 'ਦਬਾਅ ਅੱਗੇ ਨਹੀਂ ਝੁਕਣਗੇ'।

ਟਰੰਪ ਨੇ ਸਪੱਸ਼ਟ ਕੀਤਾ ਕਿ ਸਰਕਾਰੀ 'ਸ਼ਟਡਾਊਨ' (ਸਰਕਾਰੀ ਕਾਰਜਾਂ ਲਈ ਫੰਡਾਂ ਦੀ ਘਾਟ) ਨੂੰ ਜਲਦ ਹੀ 6ਵਾਂ ਹਫ਼ਤਾ ਸ਼ੁਰੂ ਹੋਣ ਦੇ ਬਾਵਜੂਦ ਉਨ੍ਹਾਂ ਦੀ ਗੱਲਬਾਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਰਾਸ਼ਟਰਪਤੀ ਨੇ ਐਤਵਾਰ ਨੂੰ ਪ੍ਰਸਾਰਿਤ ਇਕ ਪ੍ਰੋਗਰਾਮ 'ਚ ਕਿਹਾ ਕਿ ਸਿਹਤ ਸੰਭਾਲ ਸਬਸਿਡੀ 'ਚ ਵਿਸਥਾਰ ਦੀ ਮੰਗ ਕਰ ਰਹੇ ਡੈਮੋਕ੍ਰੇਟਸ ਆਪਣਾ ਰਸਤਾ ਭਟਕ ਚੁੱਕੇ ਹਨ। ਉਨ੍ਹਾਂ ਭਵਿੱਖਬਾਣੀ ਕੀਤੀ ਕਿ ਡੈਮੋਕ੍ਰੇਟਿਕ ਨੇਤਾ ਅੰਤ 'ਚ ਰਿਪਬਲੀਕਨ ਨੇਤਾਵਾਂ ਅੱਗੇ ਝੁਕ ਜਾਣਗੇ।

## ਕੈਨੇਡਾ 'ਚ ਭਾਰਤੀਆਂ ਦੀ ਅਸਥਾਈ ਨਿਵਾਸੀਆਂ ਵਜੋਂ ਆਮਦ 'ਚ ਆਈ ਭਾਰੀ ਗਿਰਾਵਟ

**ਵੈਨਕੂਵਰ, (ਪੰਜਾਬ ਮੇਲ)**- ਐਸੋਸੀਏਸ਼ਨ ਫਾਰ ਕੈਨੇਡੀਅਨ ਸਟੱਡੀਜ਼ ਦੁਆਰਾ ਜਾਰੀ ਕੀਤੀ ਗਈ ਅਕਤੂਬਰ ਦੀ ਇਮੀਗ੍ਰੇਸ਼ਨ ਰਿਪੋਰਟ ਅਨੁਸਾਰ, ਇਸ ਸਾਲ ਅਸਥਾਈ ਨਿਵਾਸੀਆਂ ਦੀ ਆਮਦ ਦੀ ਗਿਣਤੀ ਵਿਚ ਕਮੀ ਆਉਣ ਦੇ ਬਾਵਜੂਦ, ਇਹ ਗਿਣਤੀ ਅਜੇ ਵੀ ਕੈਨੇਡੀਅਨ ਸਰਕਾਰ ਦੇ ਨਿਰਧਾਰਤ ਟੀਚਿਆਂ ਨੂੰ ਪਾਰ ਕਰ ਸਕਦੀ ਹੈ।

2025 ਲਈ ਸਾਰੇ ਅਸਥਾਈ ਨਿਵਾਸੀਆਂ ਦੀ ਆਮਦ ਲਈ ਵਿਆਪਕ ਟੀਚਾ 6,73,650 ਨਿਰਧਾਰਤ ਕੀਤਾ ਗਿਆ ਸੀ। ਰਿਪੋਰਟ ਵਿਚ ਦਲੀਲ ਦਿੱਤੀ ਗਈ ਹੈ ਕਿ "ਇੰਟਰਨੈਸ਼ਨਲ ਮੋਬਿਲਿਟੀ ਪ੍ਰੋਗਰਾਮ (ਆਈ.ਐੱਮ.ਪੀ.) ਅਤੇ ਟੈਂਪਰੇਰੀ ਫਾਰੇਨ ਵਰਕਰ ਪ੍ਰੋਗਰਾਮ (ਟੀ.ਐੱਫ.ਡਬਲਯੂ.ਪੀ.) ਦੋਵੇਂ ਅਨੁਮਾਨਾਂ ਤੋਂ ਅੱਗੇ ਚੱਲ ਰਹੇ ਹਨ।

ਜਨਵਰੀ ਤੋਂ ਜੂਨ 2024 ਦੇ ਮੁਕਾਬਲੇ 2025 'ਚ ਅਸਥਾਈ ਨਿਵਾਸੀਆਂ ਵਜੋਂ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ 14 ਫ਼ੀਸਦੀ ਦੀ ਗਿਰਾਵਟ ਆਈ ਹੈ। ਇਹ ਗਿਣਤੀ 2024 ਦੇ ਪਹਿਲੇ 6 ਮਹੀਨਿਆਂ ਵਿਚ 1,09,125 ਤੋਂ ਘੱਟ ਕੇ 2025 ਦੀ ਇਸੇ ਮਿਆਦ ਵਿਚ 94,010 ਹੋ ਗਈ। ਨਵੇਂ ਸਟੱਡੀ ਪਰਮਿਟ ਧਾਰਕਾਂ ਦੀ ਸ਼੍ਰੇਣੀ ਵਿਚ ਸਭ ਤੋਂ ਵੱਧ ਗਿਰਾਵਟ ਦੇਖਣ ਨੂੰ ਮਿਲੀ ਹੈ। ਭਾਰਤੀਆਂ ਨੂੰ ਇਸ ਸ਼੍ਰੇਣੀ ਵਿਚ 52.3 ਫ਼ੀਸਦੀ ਦੀ ਤੇਜ਼ ਗਿਰਾਵਟ ਦਾ ਸਾਹਮਣਾ ਕਰਨਾ ਪਿਆ ਹੈ, ਜੋ ਕਿ 99,950 ਤੋਂ ਘੱਟ ਕੇ 47,695 ਰਹਿ ਗਈ।

ਇਸ ਦੌਰਾਨ ਆਈ.ਐੱਮ.ਪੀ. ਤਹਿਤ ਦਾਖਲਾ 26.4 ਫ਼ੀਸਦੀ ਘੱਟ ਕੇ 302,280 ਹੋ ਗਿਆ ਹੈ, ਜੋ ਕਿ ਸਾਲ 2024 ਵਿਚ 4,10,825 ਸੀ, ਜਦਕਿ ਨਵੇਂ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ 38.8 ਫ਼ੀਸਦੀ ਘੱਟ ਕੇ 149,860 ਰਹਿ ਗਈ। ਟੀ.ਐੱਫ.ਡਬਲਯੂ.ਪੀ. ਲਈ ਗਿਣਤੀ ਵਿਚ 3.8 ਫ਼ੀਸਦੀ ਦੀ ਮਾਮੂਲੀ ਕਮੀ ਆਈ ਹੈ, ਜੋ ਕਿ 1,09,310 ਤੋਂ ਘੱਟ ਕੇ 1,05,195 ਹੋ ਗਈ ਹੈ।

ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਕਿਹਾ ਹੈ ਕਿ ਉਹ ਇਮੀਗ੍ਰੇਸ਼ਨ ਨੂੰ ਸਥਾਈ ਪੱਧਰ 'ਤੇ ਵਾਪਸ ਲਿਆਉਣ ਲਈ ਵਚਨਬੱਧ ਹੈ, ਜਿਸ ਵਿਚ ਕੈਨੇਡਾ ਦੀ ਅਸਥਾਈ ਆਬਾਦੀ ਨੂੰ 5 ਫ਼ੀਸਦੀ ਤੋਂ ਘੱਟ ਕਰਨਾ ਸ਼ਾਮਲ ਹੈ। ਸਰਕਾਰ ਇਸ ਮਹੀਨੇ ਆਪਣੀ ਇਮੀਗ੍ਰੇਸ਼ਨ ਪੱਧਰ ਦੀ ਯੋਜਨਾ ਜਾਰੀ ਕਰੇਗੀ ਅਤੇ ਮੌਜੂਦਾ ਭਾਵਨਾ ਦੇ ਮੱਦੇਨਜ਼ਰ, ਅਗਲੇ ਸਾਲਾਂ ਲਈ ਨਵੇਂ ਆਉਣ ਵਾਲਿਆਂ ਦੀ ਗਿਣਤੀ ਘਟਾਉਣ ਦੀ ਸੰਭਾਵਨਾ ਹੈ।

# ਭਾਰਤ ਨਾਲ ਸਬੰਧ ਮਜ਼ਬੂਤ ਕਰਨ ਵੱਲ ਅੱਗੇ ਵਧ ਰਿਹਾ ਕੈਨੇਡਾ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸ਼ਨੀਵਾਰ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਨੇ ਸੰਯੁਕਤ ਰਾਜ ਅਮਰੀਕਾ (ਯੂ.ਐੱਸ.) 'ਤੇ ਵਪਾਰਕ ਨਿਰਭਰਤਾ ਘਟਾਉਣ ਦੀ ਵਿਆਪਕ ਕੋਸ਼ਿਸ਼ ਦੇ ਹਿੱਸੇ ਵਜੋਂ, ਭਾਰਤ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ "ਤਰੱਕੀ" ਕੀਤੀ ਹੈ।

ਕਾਰਨੀ ਨੇ ਗਿਓਂਗਜੂ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਰਣਨੀਤੀ ਪਹਿਲਾਂ ਹੀ ਨਤੀਜੇ ਦਿਖਾ ਰਹੀ ਹੈ। ਉਨ੍ਹਾਂ ਦੀ ਸਰਕਾਰ ਦੀ ਪਹੁੰਚ ਦਾ ਟੀਚਾ ਘਰੇਲੂ ਅਰਥਵਿਵਸਥਾ ਨੂੰ ਮਜ਼ਬੂਤ ਕਰਨਾ ਹੈ, ਜਦੋਂ ਕਿ ਵਿਦੇਸ਼ਾਂ ਵਿਚ ਭਾਈਵਾਲੀ ਬਣਾ ਕੇ ਅਮਰੀਕਾ 'ਤੇ ਨਿਰਭਰਤਾ ਘਟਾਉਣਾ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ, ਕੈਨੇਡਾ ਅਗਲੇ ਦਹਾਕੇ ਵਿਚ ਆਪਣੀਆਂ



ਗੈਰ-ਅਮਰੀਕੀ ਬਰਾਮਦਾਂ ਨੂੰ ਦੁੱਗਣਾ ਕਰਨ ਲਈ ਇੰਡੋ-ਪੈਸੀਫਿਕ ਵਿਚ ਭਾਈਵਾਲਾਂ ਨਾਲ ਕੰਮ ਕਰਨ 'ਤੇ ਧਿਆਨ ਕੇਂਦ੍ਰਿਤ ਕਰ ਰਿਹਾ ਹੈ।

ਵਪਾਰਕ ਸਬੰਧਾਂ ਵਿਚ ਵਿਭਿੰਨਤਾ ਲਿਆਉਣ ਦੀ ਕਾਰਨੀ ਦੀ ਕੋਸ਼ਿਸ਼, ਖਾਸ ਤੌਰ 'ਤੇ ਅਮਰੀਕਾ ਵੱਲੋਂ ਲਗਾਏ ਗਏ ਟੈਰਿਫਾਂ ਦੇ ਤਣਾਅ ਦੇ ਮੱਦੇਨਜ਼ਰ, ਭਾਰਤ ਵਰਗੇ ਵਧ ਰਹੇ ਬਾਜ਼ਾਰਾਂ ਵਿਚ ਮਹੱਤਵਪੂਰਨ ਮੌਕੇ ਦੇਖ ਰਹੀ ਹੈ। ਪਿਛਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਸਬੰਧ ਵਿਗੜਨ ਤੋਂ ਬਾਅਦ, ਕਾਰਨੀ ਨੇ ਇਸ ਸਾਲ ਮਾਰਚ ਵਿਚ ਅਹੁਦਾ ਸੰਭਾਲਣ ਤੋਂ ਬਾਅਦ ਭਾਰਤ ਨਾਲ ਰਿਸ਼ਤਿਆਂ ਵਿਚ "ਹੌਲੀ-ਹੌਲੀ ਰੀਸੈੱਟ" ਦੀ ਅਗਵਾਈ ਕੀਤੀ ਹੈ।

ਹਾਲਾਂਕਿ, ਜੂਨ ਵਿਚ ਕਨਾਨਾਸਕਿਸ ਵਿਚ ਜੀ7 ਲੀਡਰਜ਼ ਸੰਮੇਲਨ ਦੇ ਮੌਕੇ 'ਤੇ ਕਾਰਨੀ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਮੁਲਾਕਾਤ ਤੋਂ ਬਾਅਦ ਸਬੰਧ ਸੁਧਰਨੇ ਸ਼ੁਰੂ ਹੋ ਗਏ, ਜਿਸ ਦੇ ਨਤੀਜੇ ਵਜੋਂ ਦੋਵਾਂ ਰਾਜਧਾਨੀਆਂ ਵਿਚ ਹਾਈ ਕਮਿਸ਼ਨਰਾਂ ਦੀ ਬਹਾਲੀ ਹੋਈ।

ਸਬੰਧਾਂ ਨੂੰ ਮੁੜ ਬਣਾਉਣ ਲਈ ਇੱਕ "ਯੋਜਨਾਬੱਧ ਪਹੁੰਚ" ਦੀ ਪੁਸ਼ਟੀ ਹਾਲ ਹੀ ਦੇ ਉੱਚ-ਪੱਧਰੀ ਦੌਰਿਆਂ ਤੋਂ ਹੁੰਦੀ ਹੈ। ਇਨ੍ਹਾਂ ਵਿਚ ਵਿਦੇਸ਼ ਮੰਤਰੀ ਅਨੀਤਾ ਆਨੰਦ ਦਾ ਅਕਤੂਬਰ ਵਿਚ ਭਾਰਤ ਦੌਰਾ ਅਤੇ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਦੀ ਕੈਨੇਡਾ ਦੇ ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਨਾਲ ਗੱਲਬਾਤ ਸ਼ਾਮਲ ਹੈ। ਭਾਰਤ ਨੇ ਪ੍ਰਧਾਨ ਮੰਤਰੀ ਕਾਰਨੀ ਨੂੰ ਅਗਲੇ ਸਾਲ ਫਰਵਰੀ ਵਿਚ ਨਵੀਂ ਦਿੱਲੀ ਵਿਚ ਹੋਣ ਵਾਲੇ ਏ.ਆਈ. ਪ੍ਰਭਾਵ ਸੰਮੇਲਨ (ਏ.ਆਈ. ਇੰਪੈਕਟ ਸਮਿਟ) ਵਿਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਦਿੱਲੀ ਦੰਗੇ: ਉਮਰ ਖਾਲਿਦ ਦੇ ਵਕੀਲਾਂ ਵੱਲੋਂ ਬਹਿਸ ਮੁਕੰਮਲ

**ਨਵੀਂ ਦਿੱਲੀ, (ਪੰਜਾਬ ਮੇਲ)**- ਕੌਮੀ ਰਾਜਧਾਨੀ ਵਿਚ 2020 'ਚ ਹੋਏ ਦੰਗਿਆਂ ਦੀ ਕਥਿਤ ਤੌਰ 'ਤੇ ਵੱਡੇ ਪੱਧਰ 'ਤੇ ਸਾਜ਼ਿਸ਼ ਰਚਣ ਦੇ ਮਾਮਲੇ 'ਚ ਮੁਲਜ਼ਮ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਦੇ ਵਕੀਲ ਨੇ ਆਪਣੇ ਮੁਵੱਕਿਲ ਖ਼ਿਲਾਫ਼ ਦੋਸ਼ ਤੈਅ ਕਰਨ ਦਾ ਵਿਰੋਧ ਕਰਦਿਆਂ ਬਹਿਸ ਮੁਕੰਮਲ ਕਰ ਲਈ ਹੈ।

ਖਾਲਿਦ ਦੀ ਤਰਫ਼ੋਂ ਪੇਸ਼ ਹੋਏ ਸੀਨੀਅਰ ਵਕੀਲ ਤ੍ਰਿਦੀਪ ਪਾਇਸ ਨੇ ਵਧੀਕ ਸੈਸ਼ਨ ਜੱਜ ਸਮੀਰ ਬਾਜਪਾਈ ਦੇ ਸਾਹਮਣੇ ਦਲੀਲਾਂ ਪੇਸ਼ ਕੀਤੀਆਂ। ਪਾਇਸ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਆਪਣੀ ਬਹਿਸ ਮੁਕੰਮਲ ਕਰ ਲਈ ਹੈ ਅਤੇ ਉਹ ਹੋਰ ਮੁਲਜ਼ਮਾਂ ਦੀਆਂ ਦਲੀਲਾਂ ਸੁਣਨ ਲਈ ਅੱਗੇ ਵਧ ਸਕਦੀ ਹੈ। ਪਾਇਸ ਦੀਆਂ ਦਲੀਲਾਂ ਦਾ ਨੋਟਿਸ ਲੈਂਦਿਆਂ ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ 10 ਨਵੰਬਰ ਦੀ ਤਰੀਕ ਮੁਕੱਰਰ ਕੀਤੀ ਹੈ। ਅਦਾਲਤ ਅਗਲੀ ਸੁਣਵਾਈ 'ਚ ਮੁਲਜ਼ਮ ਸਲੀਮ ਮਲਿਕ ਖ਼ਿਲਾਫ਼ ਦੋਸ਼ਾਂ 'ਤੇ ਦਲੀਲਾਂ ਸੁਣੇਗੀ।

# ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਉਡਾਣ ਮੁੜ ਸ਼ੁਰੂ

**ਅੰਮ੍ਰਿਤਸਰ, (ਪੰਜਾਬ ਮੇਲ)**– ਕਰੀਬ ਪੰਜ ਮਹੀਨਿਆਂ ਦੇ ਵਕਫ਼ੇ ਤੋਂ ਬਾਅਦ ਪਵਿੱਤਰ ਸ਼ਹਿਰ ਨੇ ਇੱਕ ਵਾਰ ਫਿਰ ਯੂਨਾਈਟਿਡ ਕਿੰਗਡਮ (ਯੂ.ਕੇ.) ਨਾਲ ਸਿੱਧੀ ਹਵਾਈ ਕਨੈਕਟੀਵਿਟੀ ਹਾਸਲ ਕਰ ਲਈ ਹੈ। ਏਅਰ ਇੰਡੀਆ ਨੇ ਆਪਣੀ ਅੰਮ੍ਰਿਤਸਰ-ਲੰਡਨ ਗੈਟਵਿਕ ਸੇਵਾ ਮੁੜ ਸ਼ੁਰੂ ਕਰ ਦਿੱਤੀ ਹੈ। ਇਹ ਸੇਵਾ 12 ਜੂਨ, 2025 ਨੂੰ ਅਹਿਮਦਾਬਾਦ ਵਿਚ ਹੋਏ ਦੁਖਦਾਈ ਏਅਰ ਇੰਡੀਆ ਹਾਦਸੇ ਤੋਂ ਬਾਅਦ ਮੁਅੱਤਲ ਕਰ ਦਿੱਤੀ ਗਈ ਸੀ।

ਪਹਿਲੀ ਉਡਾਣ 29 ਅਕਤੂਬਰ ਨੂੰ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਤੋਂ ਰਵਾਨਾ ਹੋਈ, ਜਦੋਂਕਿ ਲੰਡਨ ਤੋਂ ਵਾਪਸੀ ਦੀ ਉਡਾਣ 30 ਅਕਤੂਬਰ ਨੂੰ ਪਹੁੰਚੀ, ਜੋ ਪੰਜਾਬ ਅਤੇ ਯੂ.ਕੇ. ਵਿਚ ਵੱਸਦੇ ਇਸ ਦੇ ਵਿਸ਼ਾਲ ਪ੍ਰਵਾਸੀ ਭਾਈਚਾਰੇ ਵਿਚਕਾਰ ਨਵੇਂ ਸਿਰੇ ਤੋਂ



ਸਬੰਧਾਂ ਦਾ ਪ੍ਰਤੀਕ ਹੈ।

ਸੂਤਰਾਂ ਅਨੁਸਾਰ ਸ਼ੁਰੂਆਤੀ ਉਡਾਣਾਂ ਪੂਰੀ ਸਮਰੱਥਾ ਨਾਲ ਚੱਲੀਆਂ, ਜਿਸ ਵਿਚ ਬਿਜ਼ਨਸ ਕਲਾਸ ਸੀਟਾਂ ਵੀ ਸ਼ਾਮਲ ਸਨ। ਜੋ ਯਾਤਰੀਆਂ ਵਿਚ ਮਜ਼ਬੂਤ ਮੰਗ ਅਤੇ ਉਤਸ਼ਾਹ ਨੂੰ ਦਰਸਾਉਂਦੀਆਂ ਹਨ।

ਮੌਜੂਦਾ ਸਮਾਂ-ਸੂਚੀ ਦੇ ਤਹਿਤ ਅੰਮ੍ਰਿਤਸਰ-ਲੰਡਨ ਗੈਟਵਿਕ ਉਡਾਣ ਹਫ਼ਤੇ ਵਿਚ ਤਿੰਨ ਵਾਰ– ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਚੱਲੇਗੀ। ਇਹ ਅੰਮ੍ਰਿਤਸਰ ਤੋਂ ਦੁਪਹਿਰ 12:35 ਵਜੇ ਰਵਾਨਾ ਹੋਵੇਗੀ ਅਤੇ ਲੰਡਨ ਵਿਚ ਸ਼ਾਮ 6:00 ਵਜੇ (ਸਥਾਨਕ ਸਮਾਂ) ਪਹੁੰਚੇਗੀ, ਜਿਸ ਵਿਚ ਲਗਪਗ 10 ਘੰਟੇ ਅਤੇ 55 ਮਿੰਟ ਲੱਗਣਗੇ। ਵਾਪਸੀ ਦੀ ਉਡਾਣ ਉਸੇ ਦਿਨ ਰਾਤ 8:00 ਵਜੇ ਲੰਡਨ ਤੋਂ ਰਵਾਨਾ ਹੋਵੇਗੀ ਅਤੇ 9 ਘੰਟੇ ਅਤੇ 50 ਮਿੰਟ ਦੀ ਯਾਤਰਾ ਤੋਂ ਬਾਅਦ ਅਗਲੀ ਸਵੇਰ 11:20 ਵਜੇ ਅੰਮ੍ਰਿਤਸਰ ਪਹੁੰਚੇਗੀ। ਪਾਕਿਸਤਾਨ ਦੀ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਉਡਾਣ ਦੀ ਮਿਆਦ ਇਸ ਵੇਲੇ ਆਮ ਨਾਲੋਂ 1.5 ਤੋਂ 2 ਘੰਟੇ ਵੱਧ ਹੈ।

ਵੇਰਵਿਆਂ ਅਨੁਸਾਰ ਏਅਰ ਇੰਡੀਆ ਹਫ਼ਤੇ ਵਿਚ ਤਿੰਨ ਦਿਨ ਆਪਣੀ ਅੰਮ੍ਰਿਤਸਰ-ਬਰਮਿੰਘਮ ਸੇਵਾ ਵੀ ਜਾਰੀ ਰੱਖੇਗੀ, ਜਿਸ ਨਾਲ ਪੰਜਾਬ ਅਤੇ ਯੂਨਾਈਟਿਡ ਕਿੰਗਡਮ ਵਿਚਕਾਰ ਹਵਾਈ ਕਨੈਕਟੀਵਿਟੀ ਹੋਰ ਮਜ਼ਬੂਤ ਹੋਵੇਗੀ।

ਇਸ ਮੁੜ ਸ਼ੁਰੂਆਤ ਦਾ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ (ਐੱਫ.ਏ.ਆਈ.) ਅਤੇ ਅੰਮ੍ਰਿਤਸਰ ਵਿਕਾਸ ਮੰਚ (ਏ.ਵੀ.ਐੱਮ.) ਵੱਲੋਂ ਸਵਾਗਤ ਕੀਤਾ ਗਿਆ। ਜਿਨ੍ਹਾਂ ਦੀ ਨੁਮਾਇੰਦਗੀ ਸਮੀਪ ਸਿੰਘ ਗੁਮਟਾਲਾ (ਗਲੋਬਲ ਕਨਵੀਨਰ, ਐੱਫ.ਏ.ਆਈ.) ਅਤੇ ਯੋਗੇਸ਼ ਕਾਮਰਾ (ਸਕੱਤਰ, ਏ.ਵੀ.ਐੱਮ.) ਨੇ ਕੀਤੀ।

ਇੱਕ ਸਾਂਝੇ ਬਿਆਨ ਵਿਚ ਗੁਮਟਾਲਾ ਅਤੇ ਕਾਮਰਾ ਨੇ ਕਿਹਾ, "ਇਸ ਉਡਾਣ ਦੇ ਮੁੜ ਸ਼ੁਰੂ ਹੋਣ ਨਾਲ ਨਾ ਸਿਰਫ਼ ਯਾਤਰੀਆਂ ਦੀ ਆਵਾਜਾਈ ਬਹਾਲ ਹੋਈ ਹੈ, ਬਲਕਿ ਮਹੱਤਵਪੂਰਨ ਕਾਰਗੋ ਨਿਰਯਾਤ ਦੇ ਮੌਕੇ ਵੀ ਮੁੜ ਖੁੱਲ੍ਹ ਗਏ ਹਨ।"

ਉਨ੍ਹਾਂ ਕਿਹਾ ਕਿ ਪੰਜਾਬ ਦੇ ਨਿਰਯਾਤਕਾਂ ਅਤੇ ਉਦਯੋਗਾਂ ਨੂੰ ਹੁਣ ਯੂ.ਕੇ. ਦੇ ਬਾਜ਼ਾਰਾਂ ਤੱਕ ਸਿੱਧੀ ਪਹੁੰਚ ਮੁੜ ਮਿਲ ਗਈ ਹੈ।

# ਡੀ.ਜੀ.ਸੀ.ਏ. ਵੱਲੋਂ ਹਵਾਈ ਟਿਕਟ ਰਿਫੰਡ ਨਿਯਮਾਂ 'ਚ ਅਹਿਮ ਬਦਲਾਅ

**■ ਹਵਾਈ ਟਿਕਟ ਰੱਦ ਕਰਨ 'ਤੇ ਵਾਧੂ ਪੈਸੇ ਨਹੀਂ ਕੱਟੇ ਜਾਣਗੇ; ਜਲਦੀ ਮਿਲ ਸਕਦੀ ਹੈ ਸਹੂਲਤ**

**ਨਵੀਂ ਦਿੱਲੀ, (ਪੰਜਾਬ ਮੇਲ)**– ਹਵਾਈ ਯਾਤਰੀਆਂ ਨੂੰ ਜਲਦੀ ਹੀ ਬੁਕਿੰਗ ਦੇ 48 ਘੰਟਿਆਂ ਦੇ ਅੰਦਰ ਬਿਨਾਂ ਕਿਸੇ ਵਾਧੂ ਖਰਚੇ ਦੇ ਆਪਣੀਆਂ ਟਿਕਟਾਂ ਰੱਦ ਕਰਨ ਜਾਂ ਤਰੀਕ ਬਦਲਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇਸ ਸਬੰਧੀ ਹਵਾਬਾਜ਼ੀ ਨਿਗਰਾਨੀ ਡੀ.ਜੀ.ਸੀ.ਏ. ਨੇ ਟਿਕਟ ਰਿਫੰਡ ਨਿਯਮਾਂ ਵਿਚ ਮਹੱਤਵਪੂਰਨ ਬਦਲਾਅ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸ ਤੋਂ ਇਲਾਵਾ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੇ ਪ੍ਰਸਤਾਵ ਦਿੱਤਾ ਹੈ ਕਿ ਕਿਸੇ ਟਰੈਵਲ ਏਜੰਟ/ਪੋਰਟਲ ਰਾਹੀਂ ਟਿਕਟ ਖਰੀਦਣ ਦੇ ਮਾਮਲੇ ਵਿਚ ਰਿਫੰਡ ਦੀ ਜ਼ਿੰਮੇਵਾਰੀ ਏਅਰਲਾਈਨਾਂ ਦੀ ਹੋਵੇਗੀ ਕਿਉਂਕਿ ਏਜੰਟ ਉਨ੍ਹਾਂ ਦੇ ਨਿਯੁਕਤ ਕੀਤੇ ਪ੍ਰਤੀਨਿਧੀ ਹੀ ਹੁੰਦੇ ਹਨ। ਰੈਗੂਲੇਟਰ ਨੇ ਕਿਹਾ ਕਿ ਏਅਰਲਾਈਨਾਂ ਇਹ ਯਕੀਨੀ ਬਣਾਉਣਗੀਆਂ ਕਿ ਰਿਫੰਡ ਪ੍ਰਕਿਰਿਆ 21 ਕੰਮਕਾਜੀ ਦਿਨਾਂ ਦੇ ਅੰਦਰ ਪੂਰੀ ਹੋ ਜਾਵੇ। ਪ੍ਰਸਤਾਵ ਅਨੁਸਾਰ ਏਅਰਲਾਈਨ ਜਦੋਂ ਯਾਤਰੀ ਵਲੋਂ ਬੁਕਿੰਗ ਕਰਨ ਦੇ 24 ਘੰਟਿਆਂ ਦੇ ਅੰਦਰ ਗਲਤੀ ਦੱਸੀ ਜਾਂਦੀ ਹੈ ਤਾਂ ਯਾਤਰੀ ਤੋਂ ਵਾਧੂ ਪੈਸੇ ਨਹੀਂ ਲਏ ਜਾਣਗੇ। ਇਸ ਤੋਂ ਇਲਾਵਾ ਇਹ ਸਹੂਲਤ ਉਸ ਉਡਾਣ ਲਈ ਉਪਲਬਧ ਨਹੀਂ ਹੋਵੇਗੀ, ਜਿਸ ਦੀ ਰਵਾਨਗੀ ਘਰੇਲੂ ਉਡਾਣ ਲਈ 5 ਦਿਨਾਂ ਤੋਂ ਘੱਟ ਅਤੇ ਅੰਤਰਰਾਸ਼ਟਰੀ ਉਡਾਣ ਲਈ 15 ਦਿਨਾਂ ਤੋਂ ਘੱਟ ਹੈ।

# ਹਰਿਆਣਾ 'ਚ 84 ਦੇ ਪੀੜਤ ਪਰਿਵਾਰਾਂ ਨੂੰ ਮਿਲੇਗੀ ਨੌਕਰੀ

**■ ਹਰਿਆਣਾ ਮੰਤਰੀ ਮੰਡਲ ਦੀ ਮੀਟਿੰਗ 'ਚ ਕਈ ਮਤਿਆਂ ਨੂੰ ਪ੍ਰਵਾਨਗੀ**

**ਚੰਡੀਗੜ੍ਹ, (ਪੰਜਾਬ ਮੇਲ)**– ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤ ਪਰਿਵਾਰਾਂ ਨੂੰ ਨੌਕਰੀ ਦੇਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਲਈ ਹਰਿਆਣਾ ਸਰਕਾਰ ਨੇ ਠੇਕੇ 'ਤੇ ਨੌਕਰੀ ਦੇਣ ਵਾਲੀ ਨੀਤੀ-2022 ਵਿਚ ਸੋਧ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਵੱਲੋਂ 13 ਹੋਰ ਏਜੰਡਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਹਰਿਆਣਾ ਸਰਕਾਰ ਵੱਲੋਂ ਦੰਗਾ ਪੀੜਤ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਠੇਕੇ 'ਤੇ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ (ਐੱਚ.ਕੇ.ਆਰ.ਐੱਨ.) ਅਧੀਨ ਨੌਕਰੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨਾਇਬ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਦੰਗਾ ਪੀੜਤ ਪਰਿਵਾਰਾਂ ਨੂੰ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਵਿਚ ਲੈਵਲ-1, 2 ਤੇ 3 ਵਿਚ ਢੁੱਕਵੀਂ ਨੌਕਰੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 25 ਅਗਸਤ ਨੂੰ ਵਿਧਾਨ ਸਭਾ ਵਿਚ ਦੰਗਾ ਪੀੜਤ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਸੀ। ਜਾਣਕਾਰੀ ਅਨੁਸਾਰ 1984 ਸਿੱਖ ਕਤਲੇਆਮ ਦੌਰਾਨ ਹਰਿਆਣਾ ਵਿਚ ਲਗਪਗ 20 ਗੁਰਦੁਆਰਿਆਂ, 221 ਮਕਾਨਾਂ, 154 ਦੁਕਾਨਾਂ, 57 ਫੈਕਟੀਆਂ, 3 ਰੇਲ ਡੱਬਿਆਂ ਅਤੇ 85 ਵਾਹਨਾਂ ਨੂੰ ਸਾੜ ਦਿੱਤਾ ਗਿਆ ਸੀ।

# ਕੈਨੇਡਾ 'ਚ ਇਕ ਹੋਰ ਭਾਰਤੀ ਕਾਰੋਬਾਰੀ ਦਾ ਕਤਲ

**■ ਕਾਰ 'ਤੇ ਪਿਸ਼ਾਬ ਕਰਨ ਤੋਂ ਰੋਕਣ 'ਤੇ ਕੀਤਾ ਗਿਆ ਹਮਲਾ**

**ਐਡਮਿੰਟਨ, (ਪੰਜਾਬ ਮੇਲ)**– ਕੈਨੇਡਾ ਦੇ ਸੈਂਟਰਲ ਐਡਮਿੰਟਨ 'ਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ 55 ਸਾਲਾ ਭਾਰਤੀ ਮੂਲ ਦੇ ਕਾਰੋਬਾਰੀ, ਅਰਵੀ ਸਿੰਘ ਸਾਗੂ ਦਾ ਜਾਨਲੇਵਾ ਹਮਲਾ ਕਰਕੇ ਕਤਲ ਕਰ ਦਿੱਤਾ ਗਿਆ। ਇਹ ਘਟਨਾ ਉਦੋਂ ਵਾਪਰੀ ਜਦੋਂ ਉਨ੍ਹਾਂ ਦਾ ਸਾਹਮਣਾ ਇੱਕ ਅਜਨਬੀ ਨਾਲ ਹੋਇਆ, ਜੋ ਉਨ੍ਹਾਂ ਦੀ ਕਾਰ 'ਤੇ ਪਿਸ਼ਾਬ ਕਰ ਰਿਹਾ ਸੀ। ਐਡਮਿੰਟਨ ਪੁਲਿਸ ਸੇਵਾ ਨੇ ਇੱਕ ਬਿਆਨ ਵਿਚ ਦੱਸਿਆ ਕਿ ਪੀੜਤ ਅਰਵੀ ਸਿੰਘ ਸਾਗੂ ਨੇ ਹਮਲੇ ਤੋਂ 5 ਦਿਨਾਂ ਬਾਅਦ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜ ਦਿੱਤਾ।

ਪੁਲਿਸ ਨੇ ਇਕ ਬਿਆਨ ਵਿਚ ਕਿਹਾ, 19 ਅਕਤੂਬਰ ਨੂੰ ਲਗਭਗ ਸਵੇਰੇ 2:20 ਵਜੇ, ਪੁਲਿਸ ਨੂੰ 109 ਸਟ੍ਰੀਟ ਅਤੇ 100 ਐਵੇਨਿਊ ਦੇ ਨੇੜੇ ਇੱਕ ਹਮਲੇ ਦੀ ਸੂਚਨਾ ਮਿਲੀ। ਪਹੁੰਚਣ 'ਤੇ, ਅਧਿਕਾਰੀਆਂ ਨੂੰ ਉੱਥੇ ਬੇਹੋਸ਼ ਪਿਆ ਇੱਕ 55 ਸਾਲਾ ਵਿਅਕਤੀ ਮਿਲਿਆ। ਉਸ ਵਿਅਕਤੀ ਦਾ ਇਲਾਜ ਕੀਤਾ ਗਿਆ ਅਤੇ ਉਸਨੂੰ ਐਮਰਜੈਂਸੀ ਮੈਡੀਕਲ ਸੇਵਾਵਾਂ ਦੁਆਰਾ ਜਾਨਲੇਵਾ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਅਰਵੀ ਨੇ 24 ਅਕਤੂਬਰ ਨੂੰ ਦਮ ਤੋੜ ਦਿੱਤਾ।

ਮੀਡੀਆ ਰਿਪੋਰਟਾਂ ਮੁਤਾਬਕ ਅਰਵੀ ਸਾਗੂ ਅਤੇ ਉਸਦੀ ਪ੍ਰੇਮਿਕਾ ਅਲਬਰਟਾ ਵਿਧਾਨ ਸਭਾ ਦੇ ਨੇੜੇ ਇੱਕ ਰੈਸਟੋਰੈਂਟ ਤੋਂ ਬਾਅਦ ਆਪਣੀ ਗੱਡੀ ਵੱਲ ਜਾ ਰਹੇ ਸਨ। ਉੱਥੇ ਉਨ੍ਹਾਂ ਨੇ ਦੇਖਿਆ ਕਿ ਕੋਈ ਉਨ੍ਹਾਂ ਦੀ ਕਾਰ 'ਤੇ ਪਿਸ਼ਾਬ ਕਰ ਰਿਹਾ ਸੀ। ਜਦੋਂ ਅਰਵੀ ਨੇ ਪੁੱਛਿਆ ਕਿ ਕੀ ਹੋ ਰਿਹਾ ਹੈ, ਤਾਂ ਹਮਲਾਵਰ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਹਮਲਾਵਰ ਨੇ ਅਰਵੀ ਦੇ ਸਿਰ 'ਤੇ ਮੁੱਕਾ ਮਾਰਿਆ, ਜਿਸ ਨਾਲ ਉਹ ਜ਼ਮੀਨ 'ਤੇ ਡਿੱਗ ਪਏ। ਉਨ੍ਹਾਂ ਦੀ ਪ੍ਰੇਮਿਕਾ ਨੇ ਤੁਰੰਤ ਪੁਲਿਸ ਨੂੰ ਫੋਨ ਕੀਤਾ। ਜਦੋਂ ਮੈਡੀਕਲ ਸੇਵਾਵਾਂ ਪਹੁੰਚੀਆਂ, ਤਾਂ ਅਰਵੀ ਪਹਿਲਾਂ ਹੀ ਬੇਹੋਸ਼ ਸਨ। ਉਨ੍ਹਾਂ ਨੂੰ ਜਾਨਲੇਵਾ ਸੱਟਾਂ ਦੇ ਨਾਲ ਹਸਪਤਾਲ ਲਿਜਾਇਆ ਗਿਆ ਅਤੇ ਲਾਈਫ ਸਪੋਰਟ 'ਤੇ ਰੱਖਿਆ ਗਿਆ, ਪਰ 5 ਦਿਨਾਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ 40 ਸਾਲਾ ਕਾਇਲ ਪਾਪਿਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ 'ਤੇ ਗੰਭੀਰ ਹਮਲੇ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਨੇ ਸਪੱਸ਼ਟ ਕੀਤਾ ਕਿ ਦੋਵੇਂ ਵਿਅਕਤੀ ਇੱਕ-ਦੂਜੇ ਨੂੰ ਨਹੀਂ ਜਾਣਦੇ ਸਨ। ਐਡਮਿੰਟਨ ਪੁਲਿਸ ਸਰਵਿਸਿਜ਼ ਹੋਮੀਸਾਈਡ ਯੂਨਿਟ ਲਗਾਤਾਰ ਜਾਂਚ ਕਰ ਰਹੀ ਹੈ ਅਤੇ ਅਰਵੀ ਦੀ ਮੌਤ ਨਾਲ ਸਬੰਧਤ ਹੋਰ ਦੋਸ਼ ਲਗਾਏ ਜਾਣੇ ਬਾਕੀ ਹਨ।

# ਭਾਰਤ ਦੇ ਸਿਖਰਲੇ 1 ਫੀਸਦੀ ਅਮੀਰਾਂ ਦੀ ਦੌਲਤ 'ਚ 62 ਫੀਸਦੀ ਦਾ ਹੈਰਾਨੀਜਨਕ ਵਾਧਾ

**ਨਵੀਂ ਦਿੱਲੀ, (ਪੰਜਾਬ ਮੇਲ)**– ਜੀ20 ਦੀ ਦੱਖਣੀ ਅਫ਼ਰੀਕੀ ਪ੍ਰੈਜ਼ੀਡੈਂਸੀ ਵੱਲੋਂ ਸ਼ੁਰੂ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਭਾਰਤ ਦੇ ਸਭ ਤੋਂ ਅਮੀਰ 1 ਫੀਸਦੀ ਲੋਕਾਂ ਦੀ ਦੌਲਤ ਵਿਚ 2000 ਤੋਂ 2023 ਭਾਵ 23 ਸਾਲਾਂ ਦਰਮਿਆਨ 62 ਫੀਸਦੀ ਦਾ ਵਾਧਾ ਹੋਇਆ ਹੈ।

ਨੋਬਲ ਪੁਰਸਕਾਰ ਜੇਤੂ ਜੋਸੇਫ ਸਟਿਗਲਿਟਜ਼ ਦੀ ਅਗਵਾਈ ਵਾਲੇ ਇਸ ਅਧਿਐਨ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਵਿਸ਼ਵ ਅਸਮਾਨਤਾ ਐਮਰਜੈਂਸੀ ਪੱਧਰ 'ਤੇ ਪਹੁੰਚ ਗਈ ਹੈ। ਇਹ ਲੋਕਤੰਤਰ, ਆਰਥਿਕ ਸਥਿਰਤਾ ਅਤੇ ਜਲਵਾਯੂ ਪ੍ਰਗਤੀ ਲਈ ਖ਼ਤਰਾ ਪੈਦਾ ਕਰ ਰਹੀ ਹੈ।

ਵਿਸ਼ਵ ਅਸਮਾਨਤਾ ਬਾਰੇ ਆਜ਼ਾਦ ਮਾਹਿਰਾਂ ਦੀ ਜੀ20 ਵਿਸ਼ੇਸ਼ ਕਮੇਟੀ, ਜਿਸ ਵਿਚ ਅਰਥ ਸ਼ਾਸਤਰੀ ਜੈਤੀ ਘੋਸ਼, ਵਿੰਨੀ ਬਾਇਨਿਮਾ ਅਤੇ ਇਮਰਾਨ ਵਾਲੋਦੀਆ ਸ਼ਾਮਲ ਹਨ, ਨੇ ਪਾਇਆ ਕਿ ਵਿਸ਼ਵ ਪੱਧਰ 'ਤੇ ਸਿਖਰਲੇ 1 ਫੀਸਦੀ ਨੇ 2000 ਅਤੇ 2024 ਦੇ ਵਿਚਕਾਰ ਪੈਦਾ ਹੋਈ ਕੁੱਲ ਨਵੀਂ ਦੌਲਤ ਦਾ 41 ਫੀਸਦੀ ਹਿੱਸਾ ਹਾਸਲ ਕੀਤਾ ਹੈ। ਜਦੋਂਕਿ ਮਨੁੱਖਤਾ ਦੇ ਹੇਠਲੇ ਅੱਧੇ ਹਿੱਸੇ ਨੂੰ ਸਿਰਫ਼ 1 ਫੀਸਦੀ ਮਿਲਿਆ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਦੇਸ਼ਾਂ ਵਿਚਕਾਰ ਅਸਮਾਨਤਾ ਵਿਚ ਕਮੀ ਆਉਂਦੀ ਪ੍ਰਤੀਤ ਹੁੰਦੀ ਹੈ ਕਿਉਂਕਿ ਚੀਨ ਅਤੇ ਭਾਰਤ ਵਰਗੇ ਕੁੱਝ ਬਹੁਤ ਜ਼ਿਆਦਾ ਆਬਾਦੀ ਵਾਲੇ ਦੇਸ਼ਾਂ ਵਿਚ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਗਲੋਬਲ ਜੀ.ਡੀ.ਪੀ. ਵਿਚ ਉੱਚ-ਆਮਦਨ ਵਾਲੇ ਦੇਸ਼ਾਂ ਦਾ ਹਿੱਸਾ ਕੁੱਝ ਘਟਿਆ ਹੈ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 2000 ਅਤੇ 2023 ਦੇ ਵਿਚਕਾਰ ਸਭ ਤੋਂ ਅਮੀਰ 1 ਫੀਸਦੀ ਨੇ ਅੱਧੇ ਤੋਂ ਵੱਧ ਦੇਸ਼ਾਂ ਵਿਚ ਆਪਣੀ ਦੌਲਤ ਦਾ ਹਿੱਸਾ ਵਧਾਇਆ ਹੈ, ਜਿਨ੍ਹਾਂ ਵਿਚ ਵਿਸ਼ਵ ਦੀ 74 ਫੀਸਦੀ ਆਬਾਦੀ ਰਹਿੰਦੀ ਹੈ।

ਰਿਪੋਰਟ ਅਨੁਸਾਰ, "ਭਾਰਤ ਵਿਚ ਸਿਖਰਲੇ 1 ਫੀਸਦੀ ਅਮੀਰਾਂ ਨੇ ਇਸ ਮਿਆਦ (2000–2023) ਦੌਰਾਨ ਆਪਣੀ ਦੌਲਤ ਦੇ ਹਿੱਸੇ ਵਿਚ 62 ਫੀਸਦੀ ਦਾ ਵਾਧਾ ਕੀਤਾ ਹੈ; ਚੀਨ ਵਿਚ ਇਹ ਅੰਕੜਾ 54% ਹੈ।" ਇਸ ਵਿਚ ਕਿਹਾ ਗਿਆ ਹੈ, "ਅਤਿਅੰਤ ਅਸਮਾਨਤਾ ਇੱਕ ਚੋਣ ਹੈ। ਇਹ ਅਟੱਲ ਨਹੀਂ ਹੈ ਅਤੇ ਰਾਜਨੀਤਿਕ ਇੱਛਾ ਸ਼ਕਤੀ ਨਾਲ ਇਸਨੂੰ ਉਲਟਾਇਆ ਜਾ ਸਕਦਾ ਹੈ। ਵਿਸ਼ਵ ਪੱਧਰੀ ਤਾਲਮੇਲ ਨਾਲ ਇਸ ਨੂੰ ਬਹੁਤ ਸਹੂਲਤ ਮਿਲ ਸਕਦੀ ਹੈ ਅਤੇ ਇਸ ਸਬੰਧ ਵਿਚ ਜੀ20 ਦੀ ਇੱਕ ਅਹਿਮ ਭੂਮਿਕਾ ਹੈ।" ਰਿਪੋਰਟ ਨਿਗਰਾਨੀ ਅਤੇ ਨੀਤੀ-ਨਿਰਮਾਣ ਲਈ ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ.) ਦੀ ਤਰਜ਼ 'ਤੇ ਇੱਕ ਇੰਟਰਨੈਸ਼ਨਲ ਪੈਨਲ ਔਨ ਇਨਇਕੁਐਲਿਟੀ (ਆਈ.ਪੀ.ਆਈ.) ਬਣਾਉਣ ਦਾ ਪ੍ਰਸਤਾਵ ਕਰਦੀ ਹੈ, ਤਾਂ ਜੋ ਵਿਸ਼ਵ ਰੁਝਾਨਾਂ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਨੀਤੀ-ਨਿਰਮਾਣ ਨੂੰ ਸੇਧ ਦਿੱਤੀ ਜਾ ਸਕੇ।

ਦੱਖਣੀ ਅਫ਼ਰੀਕੀ ਜੀ20 ਪ੍ਰੈਜ਼ੀਡੈਂਸੀ ਅਧੀਨ ਸ਼ੁਰੂ ਕੀਤੀ ਜਾਣ ਵਾਲੀ ਇਹ ਸੰਸਥਾ ਸਰਕਾਰਾਂ ਨੂੰ ਅਸਮਾਨਤਾ ਅਤੇ ਇਸ ਦੇ ਕਾਰਕਾਂ ਬਾਰੇ "ਅਧਿਕਾਰਤ ਅਤੇ ਪਹੁੰਚਯੋਗ" ਡਾਟਾ ਪ੍ਰਦਾਨ ਕਰੇਗੀ।

## ਬ੍ਰਿਟੇਨ ਦੇ ਕਿੰਗ ਚਾਰਲਸ ਨੇ ਪ੍ਰਿੰਸ ਐਂਡਰਿਊ ਦੇ ਸ਼ਾਹੀ ਖ਼ਿਤਾਬ ਰਸਮੀ ਤੌਰ 'ਤੇ ਖੋਹੇ

**ਲੰਡਨ, (ਪੰਜਾਬ ਮੇਲ)**– ਬ੍ਰਿਟੇਨ ਦੇ ਕਿੰਗ ਚਾਰਲਸ ਨੇ ਆਪਣੇ ਭਰਾ ਪ੍ਰਿੰਸ ਐਂਡਰੂ ਤੋਂ ਸਾਰੇ ਰਾਇਲ ਖ਼ਿਤਾਬ ਅਤੇ ਸਨਮਾਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਬਕਿੰਘਮ ਪੈਲੇਸ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਐਂਡਰੂ ਹੁਣ ਤੋਂ "ਐਂਡਰੂ ਮਾਊਂਟਬੈਟਨ ਵਿੰਡਸਰ" ਦੇ ਨਾਮ ਨਾਲ ਜਾਣੇ ਜਾਣਗੇ। ਇਹ ਕਦਮ ਉਸ ਸਮੇਂ ਆਇਆ ਹੈ, ਜਦੋਂ ਪ੍ਰਿੰਸ ਐਂਡਰਿਊ ਉੱਤੇ ਜੈਫਰੀ ਐਪਸਟਾਈਨ ਨਾਲ ਸਬੰਧਾਂ ਦੇ ਦੋਸ਼ਾਂ ਕਾਰਨ ਦਬਾਅ ਵਧ ਰਿਹਾ ਹੈ। ਕਿੰਗ ਚਾਰਲਸ ਅਤੇ ਰਾਣੀ ਕਮੀਲਾ ਨੇ ਕਿਹਾ ਕਿ ਉਨ੍ਹਾਂ ਦੀ ਹਮਦਰਦੀ "ਸਭ ਪੀੜਤਾਂ ਅਤੇ ਸ਼ਿਕਾਰਾਂ ਨਾਲ ਹੈ।" ਪੈਲੇਸ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਐਂਡਰਿਊ ਨੂੰ ਵਿੰਡਸਰ ਕੈਸਲ ਨੇੜੇ ਰਾਇਲ ਲੌਜ ਛੱਡਣਾ ਪਵੇਗਾ, ਜਿੱਥੇ ਉਹ ਪਿਛਲੇ ਕਈ ਸਾਲਾਂ ਤੋਂ ਰਹਿ ਰਹੇ ਸਨ। ਜਾਣਕਾਰੀ ਅਨੁਸਾਰ, ਐਂਡਰਿਊ ਇਹ 30 ਕਮਰਿਆਂ ਵਾਲਾ ਮਹਲ ਕੇਵਲ ਇੱਕ ਸਾਲਾਨਾ ਪ੍ਰਤੀਕਾਤਮਕ ਕਿਰਾਏ 'ਤੇ ਵਰਤ ਰਹੇ ਸਨ। ਹੁਣ ਉਨ੍ਹਾਂ ਨੂੰ ਇਸ ਦੀ ਲੀਜ਼ ਛੱਡਣ ਲਈ ਸਰਕਾਰੀ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।

# ਮੋਹਾਲੀ ਪੁਲਿਸ ਵੱਲੋਂ 54 ਲੱਖ ਦੀ ਠੱਗੀ ਮਾਰਨ ਵਾਲਾ ਟ੍ਰੈਵਲ ਏਜੰਟ ਗ੍ਰਿਫ਼ਤਾਰ

**ਮੋਹਾਲੀ, (ਪੰਜਾਬ ਮੇਲ)**– ਮੋਹਾਲੀ ਪੁਲਿਸ ਵੱਲੋਂ ਜੂਨ 2024 ਨੂੰ ਧਾਰਾ-406, 420, 120ਬੀ ਅਤੇ 24 ਇੰਮੀਗ੍ਰੇਸ਼ਨ ਐਕਟ ਤਹਿਤ ਦਰਜ ਕੀਤੇ ਗਏ ਇਕ ਮਾਮਲੇ 'ਚ ਲੋੜੀਂਦੇ ਟ੍ਰੈਵਲ ਏਜੰਟ ਕੁਲਦੀਪ ਗਿੱਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਡੀ.ਐੱਸ.ਪੀ. ਸਿਟੀ-2 ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਥਾਣਾ ਸੋਹਾਣਾ ਦੇ ਮੁੱਖ ਅਫ਼ਸਰ ਇੰਸਪੈਕਟਰ ਅਮਨਦੀਪ ਸਿੰਘ ਦੀ ਨਿਗਰਾਨੀ ਹੇਠ ਪੁਲਿਸ ਚੌਂਕੀ ਸਨੇਟਾ ਦੇ ਇੰਚਾਰਜ ਪ੍ਰਸ਼ਾਂਤ ਸ਼ਰਮਾ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਹ ਮਾਮਲਾ ਕੁਲਦੀਪ ਸਿੰਘ ਗਿੱਲ ਅਤੇ ਉਸ ਦੇ ਸਾਥੀਆਂ ਜਸਪਾਲ ਸਿੰਘ ਉਰਫ਼ ਚਿੱਲ ਹਾਰਟ ਰਾਜ ਵਾਸੀ ਖੰਨਾ, ਨਵਜੋਤ ਸਿੰਘ ਤੇ ਮੇਹਰਜੋਤ ਸਿੰਘ ਦੇ ਖ਼ਿਲਾਫ਼ ਸ਼ਿਕਾਇਤਕਰਤਾ ਜਸਵਿੰਦਰ ਸਿੰਘ ਵਾਸੀ ਪਿੰਡ ਦੋੜਗ, ਯਮੁਨਾਨਗਰ ਵੱਲੋਂ ਵਿਦੇਸ਼ ਭੇਜਣ ਦੇ ਨਾਂ 'ਤੇ 54 ਲੱਖ 98 ਹਜ਼ਾਰ 250 ਰੁਪਏ ਦੀ ਠੱਗੀ ਮਾਰਨ ਸਬੰਧੀ ਮਾਮਲਾ ਦਰਜ ਕਰਵਾਇਆ ਸੀ।

ਉਨ੍ਹਾਂ ਦੱਸਿਆ ਕਿ ਕੁਲਦੀਪ ਸਿੰਘ ਗਿੱਲ ਦੇ ਖ਼ਿਲਾਫ਼ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਦੇ ਹੋਰ ਵੀ ਕਈ ਮਾਮਲੇ ਦਰਜ ਹਨ। ਪੁਲਿਸ ਵੱਲੋਂ ਕੁਲਦੀਪ ਸਿੰਘ ਗਿੱਲ ਨੂੰ ਅਦਾਲਤ 'ਚ ਪੇਸ਼ ਕਰਕੇ ਉਸ ਦਾ 2 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਰਿਮਾਂਡ ਦੌਰਾਨ ਕੁਲਦੀਪ ਸਿੰਘ ਗਿੱਲ ਤੋਂ ਉਸ ਦੇ ਸਾਥੀਆਂ ਅਤੇ ਹੋਰ ਭੋਲੇ-ਭਾਲੇ ਲੋਕਾਂ ਨਾਲ ਵਿਦੇਸ਼ ਭੇਜਣ ਦੇ ਨਾਂ 'ਤੇ ਮਾਰੀਆਂ ਠੱਗੀਆਂ ਸਬੰਧੀ ਹੋਰ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਅਜੇ ਵੀ ਬਣਿਆ ਹੋਇਐ ਭਾਰਤੀਆਂ ਦੀ ਪਹਿਲੀ ਪਸੰਦ !

**ਨਵੀਂ ਦਿੱਲੀ, (ਪੰਜਾਬ ਮੇਲ)**- ਸੰਗਠਨ ਫਾਰ ਇਕਨਾਮਿਕ ਕੋ-ਆਪ੍ਰੇਸ਼ਨ ਐਂਡ ਡਿਵੈਲਪਮੈਂਟ (ਓ.ਈ.ਸੀ.ਡੀ.) ਦੀ ਨਵੀਂ ਰਿਪੋਰਟ 'ਇੰਟਰਨੈਸ਼ਨਲ ਮਾਈਗ੍ਰੇਸ਼ਨ ਆਊਟਲੁੱਕ 2025' ਨੇ ਖੁਲਾਸਾ ਕੀਤਾ ਹੈ ਕਿ ਅਮੀਰ ਤੇ ਵਿਕਸਿਤ ਦੇਸ਼ਾਂ ਦੀ ਨਾਗਰਿਕਤਾ ਹਾਸਲ ਕਰਨ 'ਚ ਭਾਰਤੀ ਨਾਗਰਿਕ ਪੂਰੀ ਦੁਨੀਆਂ 'ਚ ਸਭ ਤੋਂ ਅੱਗੇ ਹਨ।

ਰਿਪੋਰਟ ਅਨੁਸਾਰ, ਸਾਲ 2023 ਵਿਚ ਲਗਭਗ 2.25 ਲੱਖ ਭਾਰਤੀਆਂ ਨੇ ਓ.ਈ.ਸੀ.ਡੀ. ਮੈਂਬਰ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕੀਤੀ। ਇਹ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਪਿਛਲੇ ਦੋ ਸਾਲਾਂ ਤੋਂ ਭਾਰਤ ਲਗਾਤਾਰ ਇਨ੍ਹਾਂ ਦੇਸ਼ਾਂ 'ਚ ਨਵੇਂ ਨਾਗਰਿਕਾਂ ਦਾ ਸਭ ਤੋਂ



ਵੱਡਾ ਸਰੋਤ ਬਣਿਆ ਹੋਇਆ ਹੈ। ਭਾਰਤ ਤੋਂ ਬਾਅਦ, ਫਿਲੀਪੀਨਜ਼ ਦੇ 1.32 ਲੱਖ ਅਤੇ ਚੀਨ ਦੇ 92,400 ਨਾਗਰਿਕਾਂ ਨੇ ਓ.ਈ.ਸੀ.ਡੀ. ਦੇਸ਼ਾਂ ਦੀ ਨਾਗਰਿਕਤਾ ਲਈ। ਕੁੱਲ ਮਿਲਾ ਕੇ, 2023 'ਚ 28 ਲੱਖ ਲੋਕਾਂ ਨੇ ਵਿਕਸਤ ਦੇਸ਼ਾਂ ਦੀ ਨਾਗਰਿਕਤਾ ਲਈ।

ਭਾਰਤੀਆਂ ਨੇ ਸਭ ਤੋਂ ਵੱਧ ਨਾਗਰਿਕਤਾ ਕੈਨੇਡਾ ਦੀ ਲਈ। 2023 'ਚ 78,487 ਭਾਰਤੀ ਕੈਨੇਡੀਅਨ ਨਾਗਰਿਕ ਬਣੇ, ਜੋ 2022 ਦੇ 59,405 ਦੇ ਅੰਕੜੇ ਤੋਂ ਵੱਡਾ ਵਾਧਾ ਦਰਸਾਉਂਦਾ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਕੈਨੇਡਾ ਦੀਆਂ ਸਥਿਰ ਨੀਤੀਆਂ, ਸਥਾਈ ਨਿਵਾਸ ਦੀ ਪ੍ਰਕਿਰਿਆ 'ਚ ਤੇਜ਼ੀ ਤੇ ਪਿਛਲੇ ਦਹਾਕੇ 'ਚ ਵੱਸੇ ਭਾਰਤੀ ਪੇਸ਼ੇਵਰਾਂ ਦੀ ਮੌਜੂਦਗੀ ਇਸ ਵਾਧੇ ਦਾ ਮੁੱਖ ਕਾਰਨ ਹਨ।

ਹਾਲਾਂਕਿ ਮਾਹਰਾਂ ਨੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ 2024 'ਚ ਕੈਨੇਡਾ 'ਚ ਨਾਗਰਿਕਤਾ ਲੈਣ ਵਾਲੇ ਭਾਰਤੀਆਂ ਦੀ ਗਿਣਤੀ ਘੱਟ ਸਕਦੀ ਹੈ, ਜਿਸਦਾ ਕਾਰਨ ਕੈਨੇਡਾ ਵਿਚ ਵਧਦੀ ਮਹਿੰਗਾਈ, ਮਕਾਨਾਂ ਦੀ ਕਮੀ, ਸਖ਼ਤ ਇਮੀਗ੍ਰੇਸ਼ਨ ਨਿਯਮ ਅਤੇ ਭਾਰਤ-ਕੈਨੇਡਾ ਦਰਮਿਆਨ ਚੱਲ ਰਿਹਾ ਤਣਾਅ ਹੋ ਸਕਦਾ ਹੈ।

ਕੈਨੇਡਾ ਤੋਂ ਇਲਾਵਾ, ਅਮਰੀਕਾ ਅਤੇ ਆਸਟ੍ਰੇਲੀਆ ਵੀ ਪ੍ਰਮੁੱਖ ਮੰਜ਼ਿਲਾਂ ਹਨ। 2023 ਵਿਚ, 52,360 ਭਾਰਤੀ ਅਮਰੀਕੀ ਨਾਗਰਿਕ ਬਣੇ, ਜਦੋਂ ਕਿ 40,361 ਭਾਰਤੀਆਂ ਨੇ ਆਸਟ੍ਰੇਲੀਆ ਦੀ ਨਾਗਰਿਕਤਾ ਲਈ। ਇਨ੍ਹਾਂ ਤਿੰਨਾਂ ਦੇਸ਼ਾਂ—ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵਿਚ ਕੁੱਲ 1.71 ਲੱਖ ਭਾਰਤੀਆਂ ਨੇ ਨਾਗਰਿਕਤਾ ਹਾਸਲ ਕੀਤੀ, ਜੋ 2023 ਵਿਚ ਭਾਰਤ ਦੇ ਕੁੱਲ ਨਾਗਰਿਕਤਾ ਲੈਣ ਵਾਲਿਆਂ ਦਾ ਲਗਭਗ 76 ਫੀਸਦੀ ਹੈ। ਇਸ ਤੋਂ ਇਲਾਵਾ 2023 ਵਿਚ ਲਗਭਗ 6 ਲੱਖ ਭਾਰਤੀ ਕੰਮ ਜਾਂ ਪੜ੍ਹਾਈ ਲਈ ਓ.ਈ.ਸੀ.ਡੀ. ਦੇਸ਼ਾਂ ਵਿੱਚ ਗਏ।

# ਭਾਜਪਾ ਸਾਂਸਦ ਤੇ ਅਦਾਕਾਰ ਰਵੀ ਕਿਸ਼ਨ ਨੂੰ ਧਮਕੀ ਦੇਣ ਵਾਲਾ ਲੁਧਿਆਣਾ ਤੋਂ ਗ੍ਰਿਫ਼ਤਾਰ

**ਲੁਧਿਆਣਾ, (ਪੰਜਾਬ ਮੇਲ)**- ਉੱਤਰ ਪ੍ਰਦੇਸ਼ ਦੇ ਗੋਰਖਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਅਤੇ ਮਸ਼ਹੂਰ ਅਦਾਕਾਰ ਰਵੀ ਕਿਸ਼ਨ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਮਾਮਲੇ ਵਿਚ ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ ਹੈ। ਇਸ ਮਾਮਲੇ ਦੇ ਮੁੱਖ ਦੋਸ਼ੀ ਨੂੰ ਪੁਲਿਸ ਨੇ ਪੰਜਾਬ ਦੇ ਲੁਧਿਆਣਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਲੁਧਿਆਣਾ ਤੋਂ ਗ੍ਰਿਫ਼ਤਾਰ ਕੀਤੇ ਗਏ ਇਸ ਸ਼ਖਸ ਦੀ ਪਛਾਣ ਅਜੇ ਕੁਮਾਰ ਯਾਦਵ ਵਜੋਂ ਹੋਈ ਹੈ। ਉਹ ਲੁਧਿਆਣਾ ਦੇ ਫਤਿਹਗੜ੍ਹ ਮੁਹੱਲਾ ਬੱਗਾ ਕਲਾ ਦਾ ਨਿਵਾਸੀ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਪੁੱਛਗਿੱਛ ਦੌਰਾਨ ਇਹ ਵੀ ਦੱਸਿਆ ਕਿ ਦੋਸ਼ੀ ਪੰਜਾਬ ਵਿਚ ਹੀ ਰਹਿੰਦਾ ਹੈ ਅਤੇ ਕੱਪੜੇ ਧੋਣ ਦਾ ਕੰਮ ਕਰਦਾ ਹੈ।

ਗ੍ਰਿਫ਼ਤਾਰੀ ਤੋਂ ਬਾਅਦ ਦੋਸ਼ੀ ਅਜੇ ਕੁਮਾਰ ਯਾਦਵ ਪੁਲਿਸ ਸਾਹਮਣੇ ਗਿੜਗਿੜਾਉਣ ਲੱਗਾ ਅਤੇ ਉਸਨੇ ਆਪਣੀ ਗਲਤੀ ਲਈ ਮਾਫ਼ੀ ਮੰਗੀ। ਉਸਨੇ ਕਬੂਲ ਕੀਤਾ ਕਿ ਉਹ ਮਿਹਨਤ-ਮਜ਼ਦੂਰੀ ਕਰਕੇ ਜੀਵਨ ਬਸਰ ਕਰਦਾ ਹੈ ਅਤੇ ਉਸਤੋਂ ਨਸ਼ੇ ਦੀ ਹਾਲਤ ਵਿਚ ਇਹ ਗਲਤੀ ਹੋ ਗਈ ਸੀ।

ਦੱਸਣਯੋਗ ਹੈ ਕਿ ਧਮਕੀ ਦਿੰਦੇ ਸਮੇਂ ਦੋਸ਼ੀ ਨੇ ਕਿਹਾ ਸੀ ਕਿ ਉਹ ਬਿਹਾਰ ਦੇ ਆਰਾ ਦਾ ਰਹਿਣ ਵਾਲਾ ਹੈ ਅਤੇ ਚਾਰ ਦਿਨਾਂ ਬਾਅਦ ਬਿਹਾਰ ਆਉਣ 'ਤੇ ਸੰਸਦ ਮੈਂਬਰ ਨੂੰ ਜਾਨੋਂ ਮਾਰ ਦੇਵੇਗਾ। ਹਾਲਾਂਕਿ ਪੁਲਿਸ ਜਾਂਚ ਵਿਚ ਇਹ ਗੱਲ ਗਲਤ ਸਾਬਤ ਹੋਈ ਕਿਉਂਕਿ ਦੋਸ਼ੀ ਕਦੇ ਬਿਹਾਰ ਗਿਆ ਹੀ ਨਹੀਂ ਸੀ।

ਭਾਜਪਾ ਸੰਸਦ ਮੈਂਬਰ ਰਵੀ ਕਿਸ਼ਨ ਨੂੰ ਧਮਕੀ ਭਰਿਆ ਫੋਨ ਉਨ੍ਹਾਂ ਦੇ ਨਿੱਜੀ ਸਕੱਤਰ ਸ਼ਿਵਮ ਦ੍ਵਿਵੇਦੀ ਨੂੰ ਆਇਆ ਸੀ। ਸਕੱਤਰ ਨੇ ਦੱਸਿਆ ਕਿ ਫੋਨ ਕਰਨ ਵਾਲੇ ਨੇ ਗਾਲ੍ਹਾਂ ਕੱਢੀਆਂ ਅਤੇ ਸੰਸਦ ਮੈਂਬਰ ਰਵੀ ਕਿਸ਼ਨ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਸੀ। ਜਦੋਂ ਸਕੱਤਰ ਨੇ ਕਿਹਾ ਕਿ ਰਵੀ ਕਿਸ਼ਨ ਨੇ ਕਿਸੇ ਭਾਈਚਾਰੇ ਦੇ ਖਿਲਾਫ ਕੋਈ ਇਤਰਾਜ਼ਯੋਗ ਟਿੱਪਣੀ ਨਹੀਂ ਕੀਤੀ ਹੈ, ਤਾਂ ਦੋਸ਼ੀ ਹੋਰ ਭੜਕ ਗਿਆ ਸੀ ਅਤੇ ਕਿਹਾ ਸੀ ਕਿ ਉਸਨੂੰ ਰਵੀ ਕਿਸ਼ਨ ਦੀ ਹਰ ਗਤੀਵਿਧੀ ਦੀ ਜਾਣਕਾਰੀ ਹੈ। ਗੋਰਖਪੁਰ ਦੇ ਐੱਸ.ਪੀ. ਸਿਟੀ ਅਭਿਨਵ ਤਿਆਗੀ ਨੇ ਪੁਸ਼ਟੀ ਕੀਤੀ ਕਿ ਸੰਸਦ ਮੈਂਬਰ ਨੂੰ ਧਮਕੀ ਦੇਣ ਦਾ ਮਾਮਲਾ ਰਾਮਗੜ੍ਹਤਾਲ ਥਾਣੇ ਵਿਚ ਦਰਜ ਕੀਤਾ ਗਿਆ ਸੀ ਅਤੇ ਹੁਣ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਕਿ ਕੀ ਇਸ ਧਮਕੀ ਵਿਚ ਕੋਈ ਹੋਰ ਵਿਅਕਤੀ ਵੀ ਸ਼ਾਮਲ ਹੈ।

# ਮਹਿਲਾ ਵਿਸ਼ਵ ਕੱਪ; ਭਾਰਤ ਨੇ ਪਹਿਲੀ ਖਿਤਾਬੀ ਜਿੱਤ ਦਰਜ ਕਰਕੇ ਰਚਿਆ ਇਤਿਹਾਸ

**ਮੁੰਬਈ, (ਪੰਜਾਬ ਮੇਲ)**- ਇੱਥੇ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਦੇ ਫਾਈਨਲ 'ਚ ਭਾਰਤ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ। ਭਾਰਤੀ ਮਹਿਲਾ ਟੀਮ ਦੀ ਵਿਸ਼ਵ ਕੱਪ ਵਿਚ ਇਹ ਪਹਿਲੀ ਖਿਤਾਬੀ ਜਿੱਤ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ 'ਚ ਸੱਤ ਵਿਕਟਾਂ ਦੇ ਨੁਕਸਾਨ 'ਤੇ 298 ਦੌੜਾਂ ਬਣਾਈਆਂ, ਜਿਸ ਦੇ ਜਵਾਬ ਵਿਚ ਦੱਖਣੀ ਅਫਰੀਕਾ ਦੀ ਪੂਰੀ ਟੀਮ 45.3 ਓਵਰਾਂ ਵਿਚ 246 ਦੌੜਾਂ 'ਤੇ ਆਊਟ ਹੋ ਗਈ। ਭਾਰਤ ਵਲੋਂ ਦੀਪਤੀ ਸ਼ਰਮਾ ਨੇ ਬਿਹਤਰੀਨ ਗੇਂਦਬਾਜ਼ੀ ਕੀਤੀ ਤੇ ਪੰਜ ਵਿਕਟਾਂ



ਲਈਆਂ। ਇਸ ਤੋਂ ਇਲਾਵਾ ਸ਼ੈਫਾਲੀ ਵਰਮਾ ਨੇ ਵੀ ਅਹਿਮ ਵਿਕਟਾਂ ਹਾਸਲ ਕੀਤੀਆਂ। ਇਨ੍ਹਾਂ ਦੋਵਾਂ ਖਿਡਾਰਨਾਂ ਨੇ ਸ਼ਾਨਦਾਰ ਗੇਂਦਬਾਜ਼ੀ ਤੋਂ ਇਲਾਵਾ ਸ਼ਾਨਦਾਰ ਬੱਲੇਬਾਜ਼ੀ ਵੀ ਕੀਤੀ। ਸ਼ੈਫਾਲੀ ਵਰਮਾ 'ਪਲੇਅਰ ਆਫ ਦਿ ਫਾਈਨਲ' ਚੁਣੀ ਗਈ। ਭਾਰਤ ਨੇ ਦੱਖਣੀ ਅਫਰੀਕਾ ਖ਼ਿਲਾਫ਼ ਫਾਈਨਲ ਮੁਕਾਬਲੇ 'ਚ ਪੰਜਾਹ ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ ਨਾਲ 298 ਦੌੜਾਂ ਬਣਾਈਆਂ ਤੇ ਦੱਖਣੀ ਅਫਰੀਕਾ ਨੂੰ ਜਿੱਤ ਲਈ 299 ਦੌੜਾਂ ਦਾ ਟੀਚਾ ਦਿੱਤਾ।

# ਕੈਨੇਡਾ ਸਰਕਾਰ ਵੱਲੋਂ ਸਿੱਖ ਫ਼ੌਜੀਆਂ ਦੇ ਸਨਮਾਨ 'ਚ ਡਾਕ ਟਿਕਟ ਜਾਰੀ




**ਟੋਰਾਂਟੋ, (ਬਲਜਿੰਦਰ ਸੇਖਾ/ਪੰਜਾਬ ਮੇਲ)**- ਕੈਨੇਡਾ ਸਰਕਾਰ ਵੱਲੋਂ ਸਿੱਖ ਕੈਨੇਡੀਅਨ ਫੌਜੀਆਂ ਦੇ ਸਨਮਾਨ ਵਿਚ ਡਾਕ ਟਿਕਟ ਜਾਰੀ ਕੀਤੀ ਗਈ ਹੈ। ਇਹ ਟਿਕਟ ਰਾਸ਼ਟਰੀ ਫੌਜ ਪ੍ਰਤੀ ਸਿੱਖ ਫੌਜੀਆਂ ਦੀ 100 ਸਾਲਾਂ ਤੋਂ ਵੱਧ ਦੀ ਸੇਵਾ ਦੇ ਸਨਮਾਨ ਵਜੋਂ ਜਾਰੀ ਕੀਤੀ ਗਈ ਹੈ। ਵਰਨਣਯੋਗ ਹੈ ਕਿ ਕੈਨੇਡਾ ਦੇ ਇਤਿਹਾਸ ਵਿਚ ਸਿੱਖ ਫ਼ੌਜੀਆਂ ਤੇ ਭਾਈਚਾਰੇ ਦਾ ਵੱਡਾ ਯੋਗਦਾਨ ਹੈ। ਕੈਨੇਡਾ ਦੀ ਸਰਕਾਰ ਵੱਲੋਂ ਇਸ ਸਨਮਾਨ ਦੀ ਸਮੂਹ ਭਾਈਚਾਰੇ ਵੱਲੋਂ ਸ਼ਲਾਘਾ ਕੀਤੀ ਗਈ ਹੈ।

# ਲੁਧਿਆਣਾ 'ਚ ਇਕ ਹੋਰ ਕਬੱਡੀ ਖਿਡਾਰੀ ਦਾ ਗੋਲੀਆਂ ਮਾਰ ਕੇ ਕਤਲ !

**ਲੁਧਿਆਣਾ, (ਪੰਜਾਬ ਮੇਲ)**- ਲੁਧਿਆਣਾ ਵਿਚ ਇਕ ਹੋਰ ਕਬੱਡੀ ਖਿਡਾਰੀ ਦਾ ਸ਼ਰੇਆਮ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਗੁਰਿੰਦਰ ਸਿੰਘ ਪਿੰਡ ਮਾਨਕੀ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ ਉਹ ਆਪਣੇ ਸਾਥੀਆਂ ਦੇ ਨਾਲ ਨਗਰ ਕੀਰਤਨ ਦੇ ਮੱਦੇਨਜ਼ਰ ਸੜਕ ਸਾਫ਼ ਕਰ ਰਿਹਾ ਸੀ, ਇਸ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ 'ਤੇ ਗੋਲ਼ੀਆਂ ਚਲਾ ਦਿੱਤੀਆਂ। ਇਸ ਦੌਰਾਨ ਗੁਰਿੰਦਰ ਸਿੰਘ ਦੀ ਮੌਤ ਹੋ ਗਈ ਤੇ ਉਸ ਦਾ ਇਕ ਹੋਰ ਸਾਥੀ ਜ਼ਖ਼ਮੀ ਹੋ ਗਿਆ ਹੈ। ਜਾਣਕਾਰੀ ਮੁਤਾਬਕ ਸਮਰਾਲਾ ਦੇ ਪਿੰਡ ਮਾਨਕੀ ਵਿਖੇ ਦੇਰ ਰਾਤ ਦੋ ਨੌਜਵਾਨਾਂ 'ਤੇ ਅਣਪਛਾਤੇ ਮੋਟਰਸਾਈਕਲ ਸਵਾਰ ਚਾਰ ਹਮਲਾਵਰਾਂ ਨੇ ਗੋਲ਼ੀਆਂ ਚਲਾ ਦਿੱਤੀਆਂ। ਪਿੰਡ ਵਾਸੀਆਂ ਨੇ ਤੁਰੰਤ ਗੰਭੀਰ ਰੂਪ 'ਚ ਜ਼ਖ਼ਮੀ ਨੌਜਵਾਨਾਂ ਨੂੰ ਸਮਰਾਲਾ ਸਿਵਲ ਹਸਪਤਾਲ ਲਿਆਂਦਾ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਚੰਡੀਗੜ੍ਹ ਰੈਫਰ ਕਰ ਦਿੱਤਾ। ਇਸ ਦੌਰਾਨ ਗੁਰਿੰਦਰ ਸਿੰਘ (23) ਵਾਸੀ ਮਾਨਕੀ ਦੀ ਮੌਤ ਹੋ ਗਈ। ਜ਼ਖ਼ਮੀ ਨੌਜਵਾਨ ਦੀ ਪਛਾਣ ਧਰਮਵੀਰ ਸਿੰਘ ਵਾਸੀ ਪਿੰਡ ਮਾਨਕੀ ਵਜੋਂ ਹੋਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਰਵਾਨਾ

**ਅੰਮ੍ਰਿਤਸਰ, (ਪੰਜਾਬ ਮੇਲ)**- ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜੱਥਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿਚ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਹੋਇਆ। ਇਸ ਮੌਕੇ ਜਥੇਦਾਰ ਗੜਗੱਜ ਵੱਲੋਂ ਅਰਦਾਸ ਕੀਤੀ ਗਈ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਫੁੰਮਣ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਅਧਿਕਾਰੀਆਂ ਨੇ ਜਥੇ ਦੇ ਆਗੂਆਂ ਅਤੇ ਸ਼ਰਧਾਲੂਆਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ। ਜਥੇ ਨਾਲ ਲੀਡਰ ਵਜੋਂ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲ, ਡਿਪਟੀ ਲੀਡਰ ਵਜੋਂ ਸ. ਗੁਰਮੀਤ ਸਿੰਘ ਬੂਹ, ਸ. ਰਾਮਪਾਲ ਸਿੰਘ ਬਹਿਣੀਵਾਲ ਅਤੇ ਜਨਰਲ ਪ੍ਰਬੰਧਕ ਸੁਪਰਵਾਈਜ਼ਰ ਸ. ਨਿਸ਼ਾਨ ਸਿੰਘ ਸ਼ਾਮਲ ਹਨ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਹਰ



ਸਿੱਖ ਦੇ ਮਨ ਦੀ ਰੀਝ ਹੈ ਕਿ ਉਹ ਪਾਕਿਸਤਾਨ ਸਥਿਤ ਆਪਣੇ ਗੁਰਧਾਮਾਂ ਦੇ ਦਰਸ਼ਨ ਕਰੇ। ਉਨ੍ਹਾਂ ਸਰਕਾਰਾਂ ਨੂੰ ਜਿਥੇ ਜਥਿਆਂ ਨੂੰ ਬੇਰੋਕ ਜਾਰੀ ਰੱਖਣ ਲਈ ਆਖਿਆ, ਉਥੇ ਹੀ ਖੁੱਲ੍ਹਦਿਲੀ ਨਾਲ ਵੀਜ਼ੇ ਦੇਣ ਦੀ ਅਪੀਲ ਵੀ ਕੀਤੀ। ਜਥੇਦਾਰ ਗੜਗੱਜ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲਣ ਦੀ ਅਪੀਲ ਕਰਦਿਆ ਕਿਹਾ ਕਿ ਇਹ ਕੇਵਲ ਲਾਂਘਾ ਹੀ ਨਹੀਂ, ਸਗੋਂ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਦਿਲਾਂ ਦੀ ਸ਼ਾਂਝ ਵੀ ਹੈ, ਜਿਸ ਨੂੰ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਵਿਸ਼ਵ ਭਰ ਵਿਚ ਅਮਨ ਤੇ ਭਾਈਚਾਰਕ ਸਾਂਝ ਲਈ ਅਰਦਾਸ ਵੀ ਕੀਤੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ 'ਤੇ ਗੁਰਪੁਰਬ ਸਮਾਗਮਾਂ 'ਚ ਸ਼ਮੂਲੀਅਤ ਕਰਨੀ ਸਿੱਖ ਸ਼ਰਧਾਲੂਆਂ ਲਈ ਵੱਡੇ ਭਾਗਾਂ ਵਾਲੀ ਗੱਲ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਧਿਆਨ ਰੱਖਦਿਆਂ ਪ੍ਰਕ੍ਰਿਆ ਨੂੰ ਸੁਖਾਲੀ ਬਣਾਇਆ ਜਾਵੇ, ਤਾਂ ਜੋ ਹਰ ਸਿੱਖ ਦੇ ਮਨ ਵਿਚ ਤਾਂਘ ਪੂਰੀ ਹੋ ਸਕੇ। ਉਨ੍ਹਾਂ ਦੱਸਿਆ ਕਿ ਇਸ ਵਾਰ 1796 ਸ਼ਰਧਾਲੂਆਂ ਨੂੰ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਵੀਜ਼ੇ ਦਿੱਤੇ ਗਏ ਹਨ। ਇਹ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ 5 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਮੂਲੀਅਤ ਕਰੇਗਾ। ਇਸੇ ਤਰ੍ਹਾਂ ਜਥੇ ਦੇ ਸ਼ਰਧਾਲੂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ, ਗੁਰਦੁਆਰਾ ਕਰਤਾਰਪੁਰ ਸਾਹਿਬ ਨਾਰੋਵਾਲ, ਗੁਰਦੁਆਰਾ ਸ੍ਰੀ ਰੋੜੀ ਸਾਹਿਬ ਐਮਨਾਬਾਦ ਅਤੇ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਸਮੇਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਕੇ 13 ਨਵੰਬਰ ਨੂੰ ਭਾਰਤ ਵਾਪਸ ਪਰਤਣਗੇ।

# ਲੰਡਨ ਵਿਖੇ ਹੋਈ ਨੀਲਾਮੀ 'ਚ ਭਾਰਤ ਨਾਲ ਜੁੜੀਆਂ ਕਈ ਇਤਿਹਾਸਕ ਵਸਤਾਂ ਨੇ ਬਣਾਏ ਨਵੇਂ ਰਿਕਾਰਡ

**ਲੰਡਨ, (ਪੰਜਾਬ ਮੇਲ)**- ਲੰਡਨ 'ਚ ਹੋਈ "ਆਰਟਸ ਆਫ਼ ਦਿ ਇਸਲਾਮਿਕ ਵਰਲਡ ਐਂਡ ਇੰਡੀਆ" ਨਾਮਕ ਨੀਲਾਮੀ ਵਿਚ ਭਾਰਤ ਨਾਲ ਜੁੜੀਆਂ ਕਈ ਇਤਿਹਾਸਕ ਵਸਤਾਂ ਨੇ ਨਵੇਂ ਰਿਕਾਰਡ ਬਣਾਏ। ਇਸ ਨੀਲਾਮੀ ਵਿਚ ਕੁੱਲ ਇੱਕ ਕਰੋੜ ਪਾਊਂਡ ਤੋਂ ਵੱਧ ਦੀ ਰਕਮ ਇਕੱਠੀ ਹੋਈ। ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਲਈ ਬਣਾਈਆਂ ਗਈਆਂ ਚਾਂਦੀ ਨਾਲ ਜੜੀਆਂ ਫ਼ਲਿੰਟਲਾਕ ਪਿਸਤੌਲਾਂ ਦੀ ਜੋੜੀ 11 ਲੱਖ ਪਾਊਂਡ ਵਿਚ ਇੱਕ ਨਿੱਜੀ ਕੁਲੈਕਟਰ ਨੂੰ ਵੇਚੀਆਂ ਗਈਆਂ, ਜੋ ਇਸ ਦੀ ਅਨੁਮਾਨਿਤ ਕੀਮਤ ਤੋਂ ਲਗਭਗ 14 ਗੁਣਾ ਜ਼ਿਆਦਾ ਸੀ। ਇਹ ਪਿਸਤੌਲਾਂ 1799 ਵਿਚ ਈਸਟ ਇੰਡੀਆ ਕੰਪਨੀ ਦੁਆਰਾ ਸ਼੍ਰੀਰੰਗਪਟਨਮ ਦੀ ਲੜਾਈ ਦੌਰਾਨ ਟੀਪੂ ਦੇ ਖ਼ਜ਼ਾਨੇ ਤੋਂ ਮਿਲੀਆਂ ਸਨ।

ਇਸ ਨੀਲਾਮੀ ਦੀ ਹੋਰ ਵੱਡੀ ਖ਼ਾਸੀਅਤ ਸਿੱਖ ਸਮਰਾਟ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਪੇਂਟਿੰਗ ਰਹੀ, ਜੋ 9 ਲੱਖ 52 ਹਜ਼ਾਰ 500 ਪੌਂਡ ਵਿਚ ਬਿਕੀ। ਇਹ ਸਿੱਖ ਕਲਾ ਦੇ ਖੇਤਰ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਬਿਸ਼ਨ ਸਿੰਘ ਵੱਲੋਂ ਬਣਾਈ ਗਈ ਇਸ ਕਲਾ ਰਚਨਾ ਵਿਚ ਰਣਜੀਤ ਸਿੰਘ ਨੂੰ ਹਾਥੀ 'ਤੇ ਸਵਾਰ ਹੋ ਕੇ ਲਾਹੌਰ ਦੇ ਬਾਜ਼ਾਰ ਤੋਂ ਇਕ ਜਲੂਸ ਵਿਚ ਜਾਂਦੇ ਹੋਏ ਦਰਸਾਇਆ ਗਿਆ ਹੈ। ਤਸਵੀਰ ਵਿਚ ਉਨ੍ਹਾਂ ਦੇ ਨਾਲ ਪੁੱਤਰ ਸ਼ੇਰ ਸਿੰਘ, ਭਾਈ ਰਾਮ ਸਿੰਘ, ਰਾਜਾ ਗੁਲਾਬ ਸਿੰਘ ਅਤੇ ਹੋਰ ਦਰਬਾਰੀ ਵੀ ਸ਼ਾਮਲ ਹਨ।

ਟੀਪੂ ਸੁਲਤਾਨ ਨਾਲ ਸੰਬੰਧਿਤ ਇੱਕ ਹੋਰ ਚਾਂਦੀ ਨਾਲ ਜੜੀ ਬੰਦੂਕ 'ਬਲੰਡਰਬਸ' ਜਾਂ 'ਬੁਕਮਾਰ' ਵੀ 5 ਲੱਖ 71 ਹਜ਼ਾਰ 500 ਪੌਂਡ ਵਿਚ ਨੀਲਾਮ ਹੋਈ। ਇਸ ਤੋਂ ਇਲਾਵਾ, ਮੁਗਲ ਬਾਦਸ਼ਾਹ ਅਕਬਰ ਦੀ ਲਾਇਬ੍ਰੇਰੀ ਤੋਂ ਮਿਲੀ 16ਵੀਂ ਸਦੀ ਦੀ ਇੱਕ ਕੁਰਾਨ ਦੀ ਪਾਂਡੁਲਿਪੀ 8 ਲੱਖ 63 ਹਜ਼ਾਰ 600 ਪੌਂਡ ਵਿਚ ਵੇਚੀ ਗਈ। ਇਸ ਨੀਲਾਮੀ ਵਿਚ ਭਾਰਤ ਨਾਲ ਜੁੜੀਆਂ ਹੋਰ ਕਈ ਵਸਤਾਂ ਵੀ ਸ਼ਾਮਲ ਸਨ, ਜਿਵੇਂ ਕਿ 52 ਭਾਰਤੀ ਪਹਿਰਾਵਿਆਂ ਦੀਆਂ ਤਸਵੀਰਾਂ ਵਾਲਾ ਇੱਕ ਐਲਬਮ ਸੈੱਟ ਜੋ 6 ਲੱਖ 9 ਹਜ਼ਾਰ 600 ਪੌਂਡ ਵਿਚ ਵਿਕਿਆ। ਇੱਕ ਜੜਾਊ ਖੰਜ਼ਰ ਅਤੇ 17ਵੀਂ ਸਦੀ ਦੀ "ਝੀਲ ਵਿਚ ਖੇਡਦੇ ਹਾਥੀ" ਦੀ ਪੇਂਟਿੰਗ ਵੀ ਉੱਚੇ ਮੁੱਲ 'ਤੇ ਨੀਲਾਮ ਹੋਈਆਂ। ਸੋਥਬੀਜ਼ ਦੇ ਅਨੁਸਾਰ, ਇਸ ਹਫ਼ਤੇ ਦੀ ਨੀਲਾਮੀ ਵਿਚ 25 ਦੇਸ਼ਾਂ ਦੇ ਖਰੀਦਦਾਰਾਂ ਨੇ ਹਿੱਸਾ ਲਿਆ ਅਤੇ 20 ਫੀਸਦੀ ਖਰੀਦਦਾਰ ਨਵੇਂ ਸਨ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਆਰ.ਟੀ.ਆਈ. ਕਾਨੂੰਨ ਦੀ ਘੱਟ ਰਹੀ ਰੌਸ਼ਨੀ




ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



**ਸੂਚਨਾ ਐਕਟ ਸਮਾਂਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿਚ ਕੇਂਦਰੀ ਸੂਚਨਾ ਕਮਿਸ਼ਨ ਵਿਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁੱਗਣੇ ਤੋਂ ਵੀ ਜ਼ਿਆਦਾ ਆਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ। 20 ਵਰ੍ਹੇ ਪਹਿਲਾਂ ਜਦੋਂ ਆਰ.ਟੀ.ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ।**

ਜਿਵੇਂ ਵੀ ਅਤੇ ਜਿੱਥੇ ਵੀ ਦੇਸ਼ ਦੇ ਹਾਕਮਾਂ ਦਾ ਦਾਅ ਲੱਗਦਾ ਹੈ, ਉੱਥੇ ਹੀ ਲੋਕਾਂ ਦੇ ਹੱਕਾਂ 'ਚ ਬਣੇ ਕਾਨੂੰਨਾਂ, ਸੰਵਿਧਾਨਿਕ ਹੱਕਾਂ ਉੱਤੇ ਕੁਹਾੜੀ ਚਲਾਉਣ ਤੋਂ ਉਹ ਦਰੇਗ ਨਹੀਂ ਕਰਦੇ। ਲੋਕਤੰਤਰਿਕ ਵਿਵਸਥਾ ਨੂੰ ਢਾਹ ਲਗਾਉਣਾ, ਸਿੱਧੇ-ਅਸਿੱਧੇ ਢੰਗ ਨਾਲ ਲੋਕ-ਹਿਤੈਸ਼ੀ ਕਾਨੂੰਨਾਂ ਨੂੰ ਖੋਰਾ ਲਗਾਉਣਾ, ਸੰਘੀ ਢਾਂਚੇ ਦਾ ਸੰਘ ਘੁੱਟਣਾ ਕੇਂਦਰ ਸਰਕਾਰ ਦੀ ਫ਼ਿਤਰਤ ਬਣ ਚੁੱਕੀ ਹੈ ।

ਮੌਕਾ ਮਿਲਦਿਆਂ ਹੀ ਹਰ ਹੀਲਾ-ਵਸੀਲਾ ਵਰਤ ਕੇ ਪਹਿਲਾਂ ਕੇਂਦਰ ਸਰਕਾਰ ਵੱਲੋਂ ਸੀ.ਬੀ.ਆਈ., ਆਈ.ਡੀ. ਦੀ ਵਰਤੋਂ ਤਤਕਾਲੀ ਕਾਂਗਰਸ ਸਰਕਾਰਾਂ ਵਾਂਗਰ ਇਨ੍ਹਾਂ ਖ਼ੁਦਮੁਖਤਾਰ ਏਜੰਸੀਆਂ ਨੂੰ ਪਿੰਜਰਾ ਬੰਦ ਕੀਤਾ। ਫਿਰ ਭਾਰਤੀ ਰਿਜ਼ਰਵ ਬੈਂਕ, ਭਾਰਤੀ ਚੋਣ ਕਮਿਸ਼ਨ ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਕੰਮਾਂ-ਕਾਰਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਹੱਥ-ਕੰਢੇ ਵਰਤੇ।

ਸਿੱਟੇ ਵਜੋਂ ਹਾਕਮ ਧਿਰ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਖੁੱਡੇ ਲਾ ਕੇ, ਹਰ ਉਸ ਕੰਮ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦੇ ਰਾਹ ਹੈ, ਜਿੱਥੇ ਉਸਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਜਿੱਥੇ ਉਸਦੀ ਆਪਣੀ ਕੁਰਸੀ ਪੱਕੀ ਹੁੰਦੀ ਹੈ।

ਦੇਸ਼ 'ਚ ਸਥਿਤੀ ਇਹ ਹੈ ਕਿ ਖ਼ੁਦਮੁਖਤਾਰ ਸੰਸਥਾਵਾਂ ਦੀ ਭਰੋਸੇਯੋਗਤਾ ਲਗਭਗ ਖ਼ਤਮ ਹੈ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਗ਼ਲਤ ਰੁਝਾਨ ਖ਼ਿਲਾਫ਼ ਹੋਕਾ ਦੇਣ ਵਾਲਿਆਂ ਦੀ ਨਿਰੰਤਰ ਕਮੀ ਵੇਖਣ ਨੂੰ ਮਿਲ ਰਹੀ ਹੈ।

ਸਤਰਕ ਨਾਗਰਿਕ ਸੰਗਠਨ (ਐੱਸ.ਐੱਨ.ਐੱਸ., ਸੁਸਾਇਟੀ ਫਾਰ ਸਿਟੀਜ਼ਨ ਵਿਜੀਲੈਂਸ ਇਨੀਸ਼ੀਏਟਿਵਜ਼) ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 29 ਸੂਚਨਾ ਕਮਿਸ਼ਨਰਾਂ (ਆਰ.ਟੀ.ਆਈ. ਕਮਿਸ਼ਨਰ) ਵਿਚੋਂ ਕਈ ਕਮਿਸ਼ਨ ਲਗਭਗ ਖ਼ਾਤਮੇ ਦੇ ਕੰਢੇ 'ਤੇ ਹਨ। ਝਾਰਖੰਡ, ਤ੍ਰਿਪੁਰਾ ਅਤੇ ਤੇਲੰਗਾਨਾ ਦੇ ਸੂਚਨਾ ਕਮਿਸ਼ਨ ਬੰਦ ਪਏ ਹਨ। ਕੇਂਦਰੀ ਸੂਚਨਾ ਕਮਿਸ਼ਨ ਵਿਚ ਵੀ ਵਧੇਰੇ ਅਸਾਮੀਆਂ ਖਾਲੀ ਹਨ। ਇਸ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਲੱਖਾਂ ਦੀ ਗਿਣਤੀ 'ਚ ਸੂਚਨਾ ਕਮਿਸ਼ਨ ਵਿਚ ਅਪੀਲਾਂ ਅਤੇ ਸ਼ਿਕਾਇਤਾਂ ਪੈਂਡਿੰਗ ਹਨ। ਕਈ ਸੂਬਿਆਂ ਵਿਚ ਤਾਂ ਇਹ ਮਾਮਲੇ ਦਾ ਨਿਪਟਾਰਾ ਹੋਣ ਲਈ ਸਾਲਾਂ ਲੱਗ ਜਾਂਦੇ ਹਨ। ਕੀ ਇਹ ਵਿਡੰਬਣਾ ਨਹੀਂ ਹੈ ? ਕੀ ਇਹ ਲੋਕ-ਹਿਤੈਸ਼ੀ ਕਾਨੂੰਨ ਨਾਲ ਖਿਲਵਾੜ ਨਹੀਂ ਹੈ ? ਕੀ ਆਰ.ਟੀ.ਆਈ. ਵਰਗੇ ਕਮਿਸ਼ਨ ਨੂੰ ਵੱਟੇ-ਖਾਤੇ ਪਾ ਦਿੱਤੇ ਗਿਆ ਹੈ।

ਸੂਚਨਾ ਐਕਟ ਸਮਾਂਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿਚ ਕੇਂਦਰੀ ਸੂਚਨਾ ਕਮਿਸ਼ਨ ਵਿਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁੱਗਣੇ ਤੋਂ ਵੀ ਜ਼ਿਆਦਾ ਆਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

20 ਵਰ੍ਹੇ ਪਹਿਲਾਂ ਜਦੋਂ ਆਰ.ਟੀ.ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ।

ਜਿਵੇਂ ਮਗਨਰੇਗਾ ਕਾਨੂੰਨ ਦਾ (ਜਿਸ ਵਿਚ ਪੇਂਡੂ ਮਜ਼ਦੂਰਾਂ, ਕਿਸਾਨਾਂ ਲਈ 100 ਦਿਨਾਂ ਦਾ ਗਾਰੰਟੀ ਕੰਮ ਨਿਰਧਾਰਿਤ ਦਿਹਾੜੀ 'ਤੇ ਦੇਣ ਦਾ ਪ੍ਰਾਵਧਾਨ ਹੈ), ਮੌਜੂਦਾ ਕੇਂਦਰੀ ਸਰਕਾਰ ਨੇ ਭੱਠਾ ਬਿਠਾ ਦਿੱਤਾ ਹੈ ਅਤੇ ਹਰ ਵਰ੍ਹੇ ਕੇਂਦਰੀ ਬਜ਼ਟ ਵਿਚ ਮਗਨਰੇਗਾ ਲਈ ਧਨ ਰਾਸ਼ੀ ਘਟਾਈ ਜਾ ਰਹੀ ਹੈ, ਉਵੇਂ ਹੀ ਸਿਹਤ, ਸਿੱਖਿਆ ਲਈ ਬਣਾਏ ਕਾਨੂੰਨਾਂ ਨੂੰ ਆਪਣੇ ਅਧਿਕਾਰ 'ਚ ਕਰਕੇ, ਕੇਂਦਰੀਕਰਨ ਰਾਹੀਂ ਯੂਨੀਵਰਸਿਟੀਆਂ, ਸਿੱਖਿਆ ਸੰਸਥਾਵਾਂ, ਸਿਹਤ ਸੰਸਥਾਵਾਂ 'ਚ ਆਪਣਾ ਖ਼ੂਨੀ ਪੰਜਾ ਕੱਸਿਆ ਹੈ, ਤਾਂ ਕਿ ਭਾਜਪਾ-ਆਰ.ਐੱਸ.ਐੱਸ. ਦੇ ਭਗਵਾਕਰਨ ਦੇ ਅਜੰਡੇ ਨੂੰ ਬਿਨਾਂ ਰੋਕ-ਟੋਕ ਲਾਗੂ ਕੀਤਾ ਜਾ ਸਕੇ ਅਤੇ ਕੋਈ ਵੀ ਸੂਝਵਾਨ ਵਿਅਕਤੀ, ਕੋਈ ਲੋਕ-ਹਿਤੈਸ਼ੀ ਸੂਚਨਾ ਨਾ ਮੰਗੇ, ਨਾ ਹੀ ਉਨ੍ਹਾਂ ਦੀ ਡਿਕਟੇਟਰਾਨਾ ਸੋਚ ਉੱਤੇ ਕਿੰਤੂ-ਪਰੰਤੂ ਕਰੇ।

ਦਰਜ਼ਨਾਂ ਨਹੀਂ, ਸੈਂਕੜੇ ਉਦਾਹਰਨਾਂ ਹਨ ਕਿ ਵਿਰੋਧੀ ਰਾਜਾਂ ਦੇ ਗਵਰਨਰਾਂ (ਆਪਣੇ ਸੂਬੇਦਾਰਾਂ) ਰਾਹੀਂ ਕੇਂਦਰ ਸਰਕਾਰ ਵੱਲੋਂ ਚੁਣੀਆਂ ਸਰਕਾਰਾਂ ਲਈ ਪ੍ਰੇਸ਼ਾਨੀ ਖੜ੍ਹੀ ਕੀਤੀ ਜਾ ਰਹੀ ਹੈ ਅਤੇ ਕੇਂਦਰ ਆਪਣੇ ਹੱਥ ਹਰ ਖੇਤਰ 'ਚ ਮਜ਼ਬੂਤ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਪੰਗੂ ਬਣਾ ਕੇ ਸਿਰਫ਼ ਇੱਕ ਮਿਊਂਸੀਪੈਲਟੀ ਬਣਾਉਣ ਦੇ ਰਾਹ ਹੈ।

ਇਸ ਦੀ ਇੱਕ ਵੱਡੀ ਉਦਾਹਰਨ ਸੂਬੇ ਪੰਜਾਬ ਦੇ 59 ਵਰ੍ਹੇ ਸਥਾਪਨਾ ਦਿਵਸ ਦੇ ਪਹਿਲੇ ਦਿਨ ਪਹਿਲੀ ਨਵੰਬਰ 2025 ਨੂੰ ਭਾਰਤ ਸਰਕਾਰ ਨੇ ਪੰਜਾਬ ਦੀ ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਹਥਿਆਉਣ ਲਈ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਭੰਗ ਕਰ ਦਿੱਤੀ ਅਤੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿਚੋਂ ਚੁਣੇ ਜਾਂਦੇ ਸਨ। ਉਹ ਵਿਵਸਥਾ ਖ਼ਤਮ ਕਰ ਦਿੱਤੀ ਗਈ, ਜਿਸ ਦਾ ਸਿੱਧਾ ਅਰਥ ਯੂਨੀਵਰਸਟੀ ਦਾ ਕੰਟਰੋਲ ਕੇਂਦਰ ਸਰਕਾਰ ਵੱਲੋਂ ਆਪਣੇ ਹੱਥ 'ਚ ਲੈਣਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਆਰ.ਟੀ.ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ। ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ (ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ ।

ਸਾਲ 2005 ਵਿਚ ਇਹ ਕਾਨੂੰਨ ਸੰਸਦ ਵਿਚ ਪਾਸ ਹੋਇਆ। ਇਸ ਕਾਨੂੰਨ ਅਧੀਨ ਕੋਈ ਵੀ ਨਾਗਰਿਕ ਸਰਕਾਰੀ ਦਫ਼ਤਰ, ਵਿਭਾਗ ਜਾਂ ਸੰਸਥਾ ਤੋਂ ਪੁੱਛ ਸਕਦਾ ਹੈ ਕਿ ਉਸ ਕੋਲ ਜੋ ਸਰਕਾਰੀ ਧਨ ਹੈ, ਉਹ ਕਿੱਥੇ ਆਇਆ ? ਕਿੱਥੇ ਖ਼ਰਚਿਆ ਗਿਆ ? ਇਹ ਹੱਕ ਸਿਰਫ਼ ਦਸਤਾਵੇਜ਼ ਵੇਖਣ ਤੱਕ ਸੀਮਤ ਨਹੀਂ ਸੀ, ਬਲਕਿ ਸਰਕਾਰ ਤੋਂ ਜਵਾਬਦੇਹੀ ਲੈਣ ਦਾ ਇੱਕ ਵੱਡਾ ਔਜ਼ਾਰ ਸੀ।

ਭਾਵੇਂ ਕਿ ਇਸ ਕਾਨੂੰਨ ਨੇ ਸ਼ੁਰੂ 'ਚ ਕਾਫ਼ੀ ਅਸਰ ਵਿਖਾਇਆ। ਅਫ਼ਸਰਸ਼ਾਹੀ ਇਸ ਤੋਂ ਕਾਫ਼ੀ ਭੈ-ਭੀਤ ਹੋਈ। ਇਸ ਕਾਨੂੰਨ ਨਾਲ ਕਈ ਇਤਿਹਾਸਿਕ ਖ਼ੁਲਾਸੇ ਹੋਏ। ਵੱਖੋ-ਵੱਖਰੀਆਂ ਸਕੀਮਾਂ 'ਚ ਖ਼ਰਚਿਆ ਗਿਆ ਪੈਸਾ ਲੋਕਾਂ ਦੇ ਸਾਹਮਣੇ ਆਇਆ, ਜਿਸ ਨਾਲ ਕਈ ਮੁਕੱਦਮੇ ਦਰਜ ਹੋਏ ਅਤੇ ਇਸ ਐਕਟ ਦੇ ਰਾਹੀਂ ਪ੍ਰਾਪਤ ਸੂਚਨਾ ਨੇ ਸਿਆਸਤਦਾਨਾਂ, ਅਫ਼ਸਰਾਂ, ਦਲਾਲਾਂ ਦੀ ਤਿਕੜੀ ਦੇ ਕਈ ਖ਼ੁਲਾਸੇ ਕੀਤੇ। ਮੁੰਬਈ 'ਚ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦਾ ਖ਼ੁਲਾਸਾ ਇਸੇ ਕਾਨੂੰਨ ਤਹਿਤ ਹੋਇਆ।

ਇਹ ਉਹ ਇਮਾਰਤ ਸੀ, ਜੋ ਕਾਰਗਿਲ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਬਣਾਈ ਗਈ, ਪਰ ਉਸ ਵਿਚ ਨੌਕਰਸ਼ਾਹਾਂ, ਸਿਆਸਤਦਾਨਾਂ, ਸੈਨਾ ਦੇ ਉੱਚ ਅਧਿਕਾਰੀਆਂ ਨੂੰ ਸਸਤੇ ਭਾਅ ਪਲਾਟ ਦਿੱਤੇ ਗਏ। ਸਿੱਟੇ ਵਜੋਂ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰਮੰਡਲ ਖੇਡਾਂ ਦੇ ਆਯੋਜਨ ਸਮੇਂ ਸਾਰਵਜਨਿਕ ਘੁਟਾਲਾ, ਮਗਨਰੇਗਾ ਅਤੇ ਅਨਾਜ ਵੰਡ ਘੁਟਾਲੇ ਵੀ ਇਸ ਕਾਨੂੰਨ ਤਹਿਤ ਸੂਚਨਾ ਲੈ ਕੇ ਖੁੱਲ੍ਹੇ। ਚੋਣ ਬਾਂਡ ਨਾਲ ਜੁੜੀਆਂ ਗੁਪਤ ਸੂਚਨਾਵਾਂ ਵੀ ਇਸੇ ਕਾਨੂੰਨ ਤਹਿਤ ਲੋਕ ਕਚਹਿਰੀ 'ਚ ਖੁੱਲੀਆਂ।

ਅਸਲ 'ਚ ਇਹ ਕਾਨੂੰਨ ਪਿੰਡਾਂ ਦੇ ਲੋਕਾਂ ਲਈ ਰਾਸ਼ਨ, ਪੈਨਸ਼ਨ, ਮਜ਼ਦੂਰੀ 'ਚ ਬਕਾਇਆ ਆਦਿ ਦੇ ਲਈ ਵੱਡਾ ਆਸਰਾ ਬਣਿਆ। ਅਸਲ 'ਚ ਇਸ ਕਾਨੂੰਨ ਨੇ ਲੋਕਤੰਤਰ ਨੂੰ ਕੇਵਲ ਸੰਸਦੀ ਦਾਇਰੇ 'ਚ ਹੀ ਨਹੀਂ ਰੱਖਿਆ, ਸਗੋਂ ਲੋਕਾਂ ਦੀ ਆਮ ਜ਼ਿੰਦਗੀ ਤੱਕ ਵੀ ਇਸਦੀ ਪਹੁੰਚ ਬਣੀ।

ਪਰ ਸਫ਼ਲਤਾ ਦੀ ਪੌੜੀ ਚੜ੍ਹਕੇ ਇਹ ਕਾਨੂੰਨ ਧੜੰਮ ਕਰਕੇ (ਮੌਜੂਦਾ ਸਰਕਾਰ ਦੇ ਸਮੇਂ ਖ਼ਾਸ ਕਰਕੇ) ਡਿੱਗਿਆ ਹੈ। ਅੱਜ ਪਾਰਦਰਸ਼ਤਾ ਲੁਕਾਈ ਜਾ ਰਹੀ ਹੈ। ਅਫ਼ਸਰਸ਼ਾਹੀ ਨੇ ਇਸ ਕਾਨੂੰਨ ਨੂੰ ਸਿਆਸਤਦਾਨਾਂ ਦੀ ਸ਼ਹਿ 'ਤੇ ਛਿੱਕੇ ਟੰਗ ਦਿੱਤਾ ਹੈ। ਜਿਵੇਂ ਦੇਸ਼ 'ਚ ਲੋਕਤੰਤਰ ਗਾਇਬ ਹੋ ਰਿਹਾ ਹੈ, ਡਿਕਟੇਟਰਾਨਾ ਸੋਚ ਵਾਲੇ ਹਾਕਮ ਫੰਨ ਫੈਲਾਅ ਰਹੇ ਹਨ, ਉਵੇਂ ਹੀ ਲੋਕਹਿੱਤੂ ਕਾਨੂੰਨ ਖ਼ਾਮੋਸ਼ ਕੀਤੇ ਜਾ ਰਹੇ ਹਨ।

ਇਹ ਗਹਿਰੀ ਖਾਮੋਸ਼ੀ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਅਧਿਕਾਰੀ ਜਾਣ-ਬੁੱਝ ਕੇ ਸੂਚਨਾ ਦੇਣ 'ਚ ਦੇਰੀ ਕਰਦੇ ਹਨ, ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਸੂਬਾਈ ਤੇ ਕੇਂਦਰੀ ਕਮਿਸ਼ਨ ਲਗਭਗ ਚੁੱਪੀ ਧਾਰੀ ਬੈਠੇ ਰਹਿੰਦੇ ਹਨ। ਅਸਲ 'ਚ ਜਵਾਬਦੇਹੀ ਦਾ ਦੌਰ ਜਿਵੇਂ-ਜਿਵੇਂ ਸਿਆਸਤ ਵਿਚੋਂ ਗਾਇਬ ਹੋ ਰਿਹਾ ਹੈ, ਉਵੇਂ ਹੀ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਦੀ ਜਵਾਬਦੇਹੀ ਖ਼ਤਮ ਹੋ ਰਹੀ ਹੈ। "ਬੁਲਡੋਜ਼ਰ ਸਿਆਸਤ" ਸਮਾਜ ਅਤੇ ਸਿਆਸਤ ਵਿਚ ਭਾਰੂ ਹੋ ਰਹੀ ਹੈ, ਜਿੱਥੇ ਕਾਨੂੰਨ ਲੁਪਤ ਹੋ ਰਿਹਾ ਹੈ ਅਤੇ ਸਿਆਸੀ ਹਾਕਮ ਤੇ ਪੁਲਿਸ ਪ੍ਰਸ਼ਾਸਨ ਸਿੱਧਾ ਆਪੇ ਇਨਸਾਫ਼ ਕਰਦੇ ਤੇ ਆਪਣਾ ਜੰਗਲੀ ਕਾਨੂੰਨ ਲਾਗੂ ਕਰਦੇ ਹਨ।

ਸਾਲ 2005 ਤੋਂ ਹੁਣ ਤੱਕ ਆਰ.ਟੀ.ਆਈ. ਦੇ ਕਈ ਕਾਰਕੁੰਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਹੜੇ ਕਾਰਕੁੰਨ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਰਾਜਸਥਾਨ 'ਚ ਸਾਹਮਣੇ ਆਏ, ਉਨ੍ਹਾਂ 'ਤੇ ਹਮਲੇ ਹੋਏ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਆਰ.ਟੀ.ਆਈ. ਕਾਰਕੁੰਨਾਂ ਨੂੰ ਸਰਕਾਰੀ ਸੁਰੱਖਿਆ ਨਹੀਂ ਹੈ। ਇਸੇ ਕਰਕੇ ਆਰ.ਟੀ.ਆਈ. ਅਧੀਨ ਸੂਚਨਾ ਲੈਣਾ ਔਖਾ ਹੋ ਗਿਆ ਹੈ।

ਭਾਵੇਂ ਕਿ ਸੂਚਨਾ ਅਧਿਕਾਰ ਲਾਗੂ ਹੋਣ ਨਾਲ ਲੋਕਾਂ ਦੇ ਹੌਂਸਲੇ ਵਧੇ। ਇਸ ਕਾਨੂੰਨ ਤਹਿਤ ਕੋਈ ਵੀ ਵਿਅਕਤੀ ਪ੍ਰਧਾਨ ਮੰਤਰੀ ਦਫ਼ਤਰ, ਸਿਆਸੀ ਪਾਰਟੀ ਅਤੇ ਭਾਰਤੀ ਰਿਜ਼ਰਵ ਬੈਂਕ ਤੱਕ ਦੀ ਜਵਾਬਦੇਹੀ ਬਣਾਉਂਦਾ ਹੈ ਪਰ ਵਿਡੰਬਨਾ ਇਹ ਹੈ ਕਿ ਉਹ ਪ੍ਰਸ਼ਾਸਨ ਪਾਰਦਰਸ਼ਤਾ ਨੂੰ ਲੁਕੋ ਲੈਂਦਾ ਹੈ ਅਤੇ ਸੂਚਨਾ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸੇ ਕਰਕੇ ਸੂਚਨਾ ਦਾ ਅਧਿਕਾਰ ਕਾਨੂੰਨ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਜਦੋਂ ਬੇਰੁਜ਼ਗਾਰਾਂ ਦਾ ਡਾਟਾ ਇਸ ਕਾਨੂੰਨ ਤਹਿਤ ਮੰਗਿਆ ਜਾਂਦਾ ਹੈ, ਤਾਂ ਜਵਾਬ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਜਦੋਂ ਕੋਵਿਡ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਮੰਗੀ ਜਾਂਦੀ ਹੈ, ਤਾਂ ਜਵਾਬ ਸਿੱਧਾ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ।

ਅਸਲ 'ਚ ਹੁਣ ਅਧਿਕਾਰੀ ਇਸ ਕਾਨੂੰਨ ਤੋਂ ਨਹੀਂ ਡਰਦੇ। ਹੁਣ ਜਦੋਂ ਲੋਕ ਉਮੀਦ ਨਾਲ ਅਰਜ਼ੀ ਦਿੰਦੇ ਹਨ, ਤਾਂ ਉਨ੍ਹਾਂ ਪੱਲੇ ਨਿਰਾਸ਼ਾ ਪੈਂਦੀ ਹੈ। ਜਿਸ ਢੰਗ ਨਾਲ ਦੇਸ਼ 'ਚ ਗ਼ੈਰ-ਲੋਕਤੰਤਰਿਕ ਸਥਿਤੀ ਪੈਦਾ ਹੋ ਗਈ ਹੈ, ਤਿਕੜੀ-ਰਾਜ ਪੂਰੇ ਦੇਸ਼ 'ਚ ਛਾਇਆ ਹੈ। ਰਾਜਨੀਤੀ ਦਾ ਅਪਰਾਧੀਕਰਨ ਹੋ ਗਿਆ ਹੈ। ਕਾਰਪੋਰੇਟ ਘਰਾਨਿਆਂ ਦੇਸ਼ 'ਤੇ ਜਕੜ ਪੀਡੀ ਕਰ ਲਈ ਹੈ। ਨਿੱਜੀਕਰਨ ਦੇਸ਼ 'ਚ ਵੱਧ ਰਿਹਾ ਹੈ ਅਤੇ ਸਿਆਸੀ ਲੋਕ, ਕਾਰਪੋਰੇਟਾਂ ਨੇ ਆਪਣੇ ਹੱਥਾਂ 'ਚ ਕਰ ਲਏ ਹਨ।

ਸਿਆਸੀ ਲੋਕਾਂ ਵੱਲੋਂ ਲੋਕ ਦਿਖਾਵੇ ਹਿੱਤ ਲੋਕਤੰਤਰ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਪਰ ਲੋਕ-ਹਿਤੈਸ਼ੀ ਸਾਰੇ ਕਾਰਜਾਂ ਨੂੰ ਖ਼ਤਮ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਤਹਿਤ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ ਹੈ ਪਰ ਇਨ੍ਹਾਂ ਨੂੰ ਅੰਦਰੋਂ ਖੋਰਾ ਲਾਇਆ ਜਾ ਰਿਹਾ ਹੈ।

ਇਸ ਕਾਨੂੰਨ ਨੇ ਲੋਕਤੰਤਰ ਵਿਚ ਇੱਕ ਨਵੀਂ ਰੂਹ ਫੂਕੀ ਸੀ। ਜਾਗਰੂਕਤਾ

ਹਰਦੀਪ ਕੌਰ ਨਾਜ਼
ਪੰਜਾਬ ਮੇਲ USA



# ਦੇਸ਼ ਦੇ ਹਾਲਾਤ



ਪੰਜਾਬ, ਦੇਸ਼ ਭਾਰਤ ਦਾ ਦਰਵਾਜ਼ਾ। ਕਿਉਂਜ ਪੰਜਾਬ ਬੜੇ ਪ੍ਰਾਚੀਨ ਸਮੇਂ ਤੋਂ ਈਰਾਨੀ, ਯੂਨਾਨੀ, ਸ਼ੱਕ, ਸੂਈ ਚੀ (ਕੁਸ਼ਾਣ), ਹੁਣ, ਤੁਰਕ, ਅਰਬ, ਪਠਾਣ, ਮੁਗ਼ਲ ਆਦਿ ਵਿਦੇਸ਼ੀ ਲੋਕਾਂ, ਮਿਚਨੀ, ਖ਼ੈਬਰ, ਟੋਚੀ, ਗੋਮਲ, ਬੋਲਾਨ, ਮੂਲਾ, ਸਿੱਬੀ, ਲਾਸ-ਬੇਲਾ ਆਦਿ ਵਾਲੇ ਪਹਾੜੀ ਰਸਤੇ ਆਵਾਜਾਈ ਲਈ ਵਰਤਦੇ ਰਹੇ। ਇਸੇ ਰਾਹੀਂ ਹਮਲਾਵਰ ਅਤੇ ਲੁਟੇਰੇ ਦੇਸ਼ ਉੱਤੇ ਹਮਲਾ ਕਰਨ ਆਉਂਦੇ ਅਤੇ ਦੇਸ਼ ਦੀ ਲੁੱਟ-ਮਾਰ ਕਰਦੇ ਹੋਏ ਵਾਪਸ ਪਰਤ ਜਾਂਦੇ। ਸਦੀਆਂ ਤੋਂ ਹੋ ਰਹੇ ਹਮਲਿਆਂ ਕਾਰਨ ਨਿਮਾਣੀ-ਨਿਤਾਣੀ ਹੋ ਚੁੱਕੀ ਦੇਸ਼ ਦੀ ਜਨਤਾ ਕੋਲ ਇਸ ਸਭ ਨੂੰ ਵੇਖ ਕੇ ਅਣਡਿੱਠ ਕਰਨਾ ਜਾਂ ਬਰਦਾਸ਼ਤ ਕਰ ਲੈਣਾ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਸੰਨ 1469 ਨੂੰ ਪੰਜਾਬ ਦੀ ਮਹਾਨ ਧਰਤੀ ਉੱਤੇ ਜਗਤ ਗੁਰੂ, ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦਾ ਜਨਮ ਹੋਇਆ। ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਲਿਖਦੇ ਹਨ ਕਿ, 'ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਹਿ ਪਠਾਇਆ॥' ਗੁਰੂ ਨਾਨਕ ਸੱਚੇ ਪਾਤਸ਼ਾਹ ਵੇਲੇ ਦੇਸ਼ ਦੇ ਹਾਲਾਤ ਚਿੰਤਾਜਨਕ ਸਨ। ਭਾਵੇਂ ਰਾਜਨੀਤਿਕ ਤੌਰ 'ਤੇ ਹੋਣ ਜਾਂ ਸਮਾਜਿਕ ਤੌਰ 'ਤੇ, ਜਾਂ ਫਿਰ ਸਮਾਜਿਕ ਤੌਰ 'ਤੇ ਹੋਣ ਅਤੇ ਜਾਂ ਫਿਰ ਧਾਰਮਿਕ ਤੌਰ 'ਤੇ।

ਬਿਨਾਂ ਸ਼ੱਕ ਲੋਕ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਤੌਰ 'ਤੇ ਗ਼ੁਲਾਮੀ ਵਾਲਾ ਜੀਵਨ ਜਿਓਂ ਰਹੇ ਸਨ। "ਸਰਮ ਧਰਮ ਦੁਇ ਛੁਪ ਖਲੋਏ ਕੂੜ ਫਿਰੈ ਪ੍ਰਧਾਨ ਵੇ ਲਾਲੋ॥" ਵਾਲੀ ਹਾਲਤ ਤੱਕਦਿਆਂ ਗੁਰੂ ਸਾਹਿਬ ਨੇ ਜਗਤ ਅੰਦਰ ਠੰਡ ਵਰਤਾਉਣ ਹਿੱਤ ਲੰਮੀਆਂ ਪ੍ਰਚਾਰਕ ਉਦਾਸੀਆਂ ਕੀਤੀਆਂ। ਇਸ ਲਈ ਗੁਰੂ ਜੀ ਨੇ ਮਨੁੱਖਤਾ ਨੂੰ ਗ਼ੁਲਾਮੀ ਵਿਚੋਂ ਬਾਹਰ ਕੱਢਣ ਲਈ ਆਜ਼ਾਦੀ ਦਾ ਰਾਹ ਦਿਖਾਇਆ, ਜਿਹੜਾ ਮਨੁੱਖ ਨੂੰ ਸਤ, ਸੰਤੋਖ, ਦਇਆ, ਸੇਵਾ, ਸੰਜਮ, ਨਿਮਰਤਾ, ਪ੍ਰੇਮ, ਭਾਈਚਾਰੇ ਅਤੇ ਕੀਰਤ ਦੇ ਵਿਚੋਂ ਹੁੰਦਾ ਹੋਇਆ ਸਵੈਮਾਣ ਦੀ ਸਿਖ਼ਰ ਵੱਲ ਲੈ ਕੇ ਜਾਂਦਾ ਹੈ। ਗੁਰੂ ਸਾਹਿਬ ਨੇ ਕਿਹਾ :

ਜੇ ਜੀਵੈ ਪਤਿ ਲਥੀ ਜਾਇ॥
ਸਭ ਹਾਰਾਮ ਜੇਤਾ ਕਿਛ ਖਾਇ॥

ਤੇ ਇਹ ਵੀ ਸਮਝਾ ਦਿੱਤਾ ਕਿ ਗਲੋਂ ਗ਼ੁਲਾਮੀ ਲਾਹੁਣਾ ਕੋਈ ਸੁਖਾਲਾ ਕਾਰਜ ਨਹੀਂ ਹੈ, ਇੱਥੇ ਤਾਂ ਜੀਵਨ ਵੀ ਕੁਰਬਾਨ ਕਰਨਾ ਪੈ ਸਕਦਾ ਹੈ। ਇਸੇ ਸੰਦਰਭ ਵਿਚ ਸਿੱਖ ਗੁਰੂਆਂ ਅਤੇ ਸਿੱਖਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਦੇਖਿਆ ਜਾ ਸਕਦਾ ਹੈ। ਪਰ-ਉਪਕਾਰ ਹਿੱਤ ਜੀਵਨ ਕੁਰਬਾਨ ਕਰ ਦੇਣਾ ਕੋਈ ਹਾਰੀ-ਸਾਰੀ ਦਾ ਕੰਮ ਨਹੀਂ ਹੈ, ਅਧਿਆਤਮਕ ਵਿਕਾਸ ਰਾਹੀਂ ਹੀ ਇਸ ਮਾਰਗ ਦੇ ਪਾਂਧੀ ਬਣਿਆ ਜਾ ਸਕਦਾ ਹੈ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਿਰਜਣ ਕਰ, ਮਨੁੱਖ ਨੂੰ ਸ਼ਸਤਰ ਧਾਰਨ ਕਰ, ਹੱਕ, ਸੱਚ ਲਈ ਅੜਨ ਅਤੇ ਲੜਨ ਲਈ ਤਿਆਰ ਕੀਤਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਗ਼ੁਲਾਮੀ ਦੀ ਜ਼ੰਜੀਰਾਂ ਵਿਚ ਜਕੜ ਵਾਲੀ ਹਕੂਮਤ ਨਾਲ ਸੰਘਰਸ਼ ਕਰਦੇ ਲੋਕਾਂ ਅੰਦਰ ਸੁਤੰਤਰਤਾ ਦੀ ਭਾਵਨਾ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਇਸੇ ਉਦੇਸ਼ ਉੱਤੇ ਚੱਲਦਿਆਂ ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਸੈਂਕੜੇ ਸਿੱਖ ਸ਼ਹੀਦ ਹੋ ਚੁੱਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਲੋਕ-ਮਨਾਂ 'ਚ ਜਗਾਈ ਧਰਮ, ਅਣਖ਼ ਅਤੇ ਸਵੈਮਾਣ ਦੀ ਚੇਤਨਾ, ਉਨ੍ਹਾਂ ਤੋਂ ਬਾਅਦ ਸਿੱਖ ਰਾਜ ਦੇ ਉੱਸਰੀਏ ਬਾਬਾ ਬੰਦਾ ਸਿੰਘ ਬਹਾਦਰ ਰਾਹੀਂ ਦ੍ਰਿਸ਼ਟਮਾਨ ਹੋਣ ਲੱਗੀ, ਜੋ ਮੁਗ਼ਲਾਂ ਤੋਂ ਆਜ਼ਾਦੀ ਲਈ ਇੱਕ ਲੋਕ ਲਹਿਰ ਵਾਂਗ ਫੈਲੀ। ਸਿੱਖ ਰਾਜ ਦਾ ਸਿੱਕਾ ਜਾਰੀ ਹੋਇਆ। ਲੋਕਾਂ ਨੇ ਸੁੱਖ-ਚੈਨ ਦਾ ਸਾਹ ਲਿਆ। ਪਰ ਸਮੇਂ ਦੇ ਹਾਕਮ ਜਰਵਾਣਿਆਂ ਦਾ ਜ਼ੋਰ ਵੀ ਪੂਰਾ ਲੱਗਾ ਰਿਹਾ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਦਰਦਨਾਕ ਸ਼ਹੀਦੀ ਤੋਂ ਬਾਅਦ, ਮੁਗ਼ਲਾਂ ਅਤੇ ਬਾਬੇ ਕਿਆਂ ਵਿਚ ਇੱਕ ਜ਼ਬਰਦਸਤ ਖੁੱਲ੍ਹੀ ਜੰਗ ਆਰੰਭ ਹੋਈ।

ਬੇਅੰਤ ਕੁਰਾਬਨੀਆਂ, ਸ਼ਹਾਦਤਾਂ, ਅਸਹਿ ਅਤੇ ਅਕਹਿ ਜ਼ੁਲਮਾਂ ਸਮੇਤ ਘੱਲੂਘਾਰਿਆਂ ਵਿਚੋਂ ਦੀ ਲੰਘਦੀ ਕੌਮ ਦੇ ਜਿੱਤਾਂ ਦਰਜ ਕਰਨੀਆਂ ਸ਼ੁਰੂ ਕੀਤੀਆਂ। ਜ਼ਾਲਮਾਂ ਨੂੰ ਮੂੰਹ ਦੀ ਖਾਣੀ ਪਈ ਅਤੇ ਸਿੱਖ ਵੀ ਬਾਰਾਂ ਮਿਸਲਾਂ ਵਿਚ ਜਥੇਬੰਦ ਹੋਏ ਅਤੇ ਫਿਰ ਸਥਾਪਨਾ ਹੋਈ ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ-ਏ-ਖ਼ਾਲਸਾ ਦੀ। ਜਿਸ ਦੇ ਖ਼ਾਲਸਾ ਰਾਜ ਨੂੰ ਅੱਜ ਵੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਬਹੁਤ ਸਤਿਕਾਰ ਅਤੇ ਸ਼ਰਧਾ ਨਾਲ ਯਾਦ ਕੀਤਾ ਜਾਂਦਾ ਹੈ। ਪਰ ਇਹ ਉਹੀ ਸਮਾਂ ਸੀ, ਜਦੋਂ ਦੇਸ਼ ਵਿਚ ਬਰਤਾਨਵੀ ਹਕੂਮਤ ਹੌਲੇ-ਹੌਲੇ ਆਪਣਾ ਕਬਜ਼ਾ ਜਮਾ ਰਹੀ ਸੀ। ਪਰ ਅੰਗਰੇਜ਼ ਹਕੂਮਤ ਅਜੇ ਪੰਜਾਬ 'ਤੇ ਕਾਬਜ਼ ਨਾ ਹੋ ਸਕੇ, ਤਾਂ ਫਿਰ ਸੰਧੀਆਂ ਰਾਹੀਂ ਪੰਜਾਬ ਦੀ ਧਰਤੀ ਉੱਤੇ ਸੇਂਧ ਲਾਉਣ ਦੀ ਕੋਸ਼ਿਸ਼ ਆਰੰਭੀ ਗਈ। ਦੁਰਭਾਗਵੱਸ਼ ਜਦ ਸੰਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਚਲਾਣਾ ਕਰ ਗਿਆ, ਤਾਂ ਕਿਸੇ ਕਵੀ ਦੀ ਇੱਕ ਲਿਖਤ ਮੁਤਾਬਿਕ:

'ਕੱਲਾ ਸ਼ੇਰ ਨਹੀਂ ਚਿਖਾ ਦੇ ਵਿਚ ਸੜਿਆ
ਸੜ ਗਈ ਤਕਦੀਰ ਪੰਜਾਬੀਆਂ ਦੀ।'

ਪੰਜਾਬ ਦੀ ਅਣਖ਼, ਗ਼ੈਰਤ, ਸਵੈਮਾਣ ਨਾਲ ਜਿਉਣ ਵਾਲੀ ਕੌਮ ਗ਼ੱਦਾਰੀਆਂ ਅਤੇ ਅੰਗਰੇਜ਼ਾਂ ਦੀਆਂ ਚਾਲਾਕੀਆਂ ਵਿਚ ਫੱਸਣ ਲੱਗੀ। ਤੇ ਫਿਰ ਆਉਂਦੇ ਕੁਝ ਸਾਲਾਂ ਵਿਚ ਹੀ ਚੇਲੀਆਂ ਵਾਲੀ, ਮੁਦਕੀ, ਗੁਜਰਾਤ, ਰਾਮਨਗਰ ਦੀਆਂ ਜ਼ਿਕਰਯੋਗ ਮਿਸਾਲੀ ਲੜਾਈਆਂ ਅਤੇ ਗ਼ੱਦਾਰੀਆਂ ਦੇ ਬਲਬੂਤੇ 'ਤੇ ਅੰਗਰੇਜ਼ ਹਕੂਮਤ ਪੰਜਾਬ ਦੀ ਧਰਤੀ 'ਤੇ ਵੀ ਕਾਬਜ਼ ਹੋ ਗਈ। ਹੁਣ ਸਮੁੱਚੇ ਦੇਸ਼ ਵਿਚ ਅੰਗਰੇਜ਼ ਹਕੂਮਤ ਸੀ। ਰਾਜੇ-ਰਜਵਾੜੇ ਵੀ ਅੰਗਰੇਜ਼ਾਂ ਦੇ ਮਾਤਹਿਤ ਹੋ ਚੁੱਕੇ ਸਨ। ਪਰ ਆਜ਼ਾਦ ਫ਼ਿਜ਼ਾ ਵਿਚ ਸਾਹ ਲੈਣ ਦੀ ਆਦਤ ਪਕਾ ਚੁੱਕੀ ਪੰਜਾਬੀ ਕੌਮ ਨੂੰ ਹੁਣ ਗ਼ੁਲਾਮੀ ਚੁੱਭਣ ਲੱਗੀ ਅਤੇ ਕਈ ਲਹਿਰਾਂ ਪੈਦਾ ਹੋਈਆਂ ਅਤੇ ਕਈ ਸਾਕੇ ਵਾਪਰੇ। ਇਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਲਹਿਰਾਂ ਅਤੇ ਸਾਕਿਆਂ ਦਾ ਸੰਖੇਪ ਜ਼ਿਕਰ ਅੱਗੇ ਕਰਾਂਗੇ।

ਬਿਨਾਂ ਸ਼ੱਕ ਅੰਗਰੇਜ਼ਾਂ ਤੋਂ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਡੀ ਕੁਰਬਾਨੀ ਅਤੇ ਯੋਗਦਾਨ ਸਿੱਖ ਕੌਮ ਅਤੇ ਪੰਜਾਬੀਆਂ ਦਾ ਹੀ ਹੈ।

## ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਜ਼ਿਕਰਯੋਗ ਲਹਿਰਾਂ

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਅੰਗਰੇਜ਼ਾਂ ਦੇ ਪੈਰ ਅਜੇ ਪੰਜਾਬ ਵਿਚ ਚੰਗੀ ਤਰ੍ਹਾਂ ਜੰਮੇ ਵੀ ਨਹੀਂ ਸਨ ਕਿ ਨੌਰੰਗਾਬਾਦ ਦੇ ਮਹਾਰਾਜ ਸਿੰਘ ਨੇ 1847 ਵਿਚ ਵਿਦਰੋਹ ਦਾ ਝੰਡਾ ਬੁਲੰਦ ਕਰ ਦਿੱਤਾ ਸੀ, ਪਰ ਅੱਖਾਂ ਦੀ ਬਿਨਾਈ ਚਲੀ ਜਾਣ ਕਰਕੇ ਇਕ ਮੁਖ਼ਬਰ ਨੇ ਉਹਦੇ ਨਾਲ ਧਰੋਹ ਕਮਾਇਆ ਅਤੇ ਹਕੂਮਤ ਪਾਸ ਫੜਵਾ ਦਿੱਤਾ। ਇਸ ਤੋਂ ਤੁਰੰਤ ਬਾਅਦ ਸ. ਅਤਰ ਸਿੰਘ ਅਟਾਰੀਵਾਲੇ ਨੇ ਵੀ ਆਜ਼ਾਦੀ ਦਾ ਬਿਗੁਲ ਵਜਾਇਆ, ਪਰ ਸ਼ਕਤੀਸ਼ਾਲੀ ਸਾਮਰਾਜ ਵਿਰੁੱਧ ਉਸ ਕਲ-ਮਕਲੇ ਦੀ ਕੀ ਦਾਲ ਗਲਣੀ ਸੀ? ਸੰਨ 1849 ਵਿਚ ਸਿੱਖਾਂ ਅਤੇ ਅੰਗਰੇਜ਼ਾਂ ਨਾਲ ਭਾਰਤ ਦੀ ਸੁਤੰਤਰਤਾ ਦੀ ਆਖ਼ਰੀ ਜੰਗ ਲੜੀ ਗਈ, ਜਿਸ ਵਿਚ ਇੱਕ ਪਾਸੇ ਕੇਵਲ ਸਿੱਖ ਰੈਜੀਮੈਂਟਾਂ ਸਨ ਅਤੇ ਦੂਜੇ ਪਾਸੇ ਅੰਗਰੇਜ਼ਾਂ ਨਾਲ ਸਾਰੇ ਭਾਰਤ ਦੀਆਂ ਰੈਜੀਮੈਂਟਾਂ, ਗੋਰਖਾ ਅਤੇ ਗੜਵਾਲੀ ਫ਼ੌਜਾਂ ਸੀ, ਨਤੀਜੇ ਵਜੋਂ ਸਿੱਖ ਫ਼ੌਜਾਂ ਹਾਰ ਗਈਆਂ।

ਅੰਗਰੇਜ਼ਾਂ ਵਿਰੁੱਧ ਸ਼ਾਂਤਮਈ ਅੰਦੋਲਤ ਸਭ ਤੋਂ ਪਹਿਲਾਂ 1869 ਵਿਚ, ਜਦ ਅਜੇ ਕਾਂਗਰਸ ਵੀ ਨਹੀਂ ਸੀ ਬਣੀ, ਇੱਕ ਸਿੱਖ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਨੇ ਆਰੰਭ ਕੀਤਾ। ਆਪ ਜੀ ਨੇ ਅੰਗਰੇਜ਼ੀ ਜ਼ੁਬਾਨ, ਅੰਗਰੇਜ਼ੀ ਲਿਬਾਸ, ਸਰਕਾਰੀ ਅਦਾਲਤਾਂ, ਡਾਕਖਾਨੇ, ਰੇਲ-ਗੱਡੀਆਂ ਆਦਿ ਦਾ ਬਾਈਕਾਟ ਕੀਤਾ। 1871 ਵਿਚ ਗਊ-ਹੱਤਿਆ ਵਿਰੁੱਧ ਵੀ ਅੰਦੋਲਨ ਨਾਮਧਾਰੀ ਲਹਿਰ ਨੇ ਚਲਾਇਆ। ਇਸ ਲਹਿਰ ਦੀ ਵੱਧ ਰਹੀ ਕਾਮਯਾਬੀ ਤੋਂ ਬੌਖਲਾਏ ਅੰਗਰੇਜ਼ ਹਾਕਮਾਂ ਨੇ ਬਾਬਾ ਜੀ ਅਤੇ ਉਨ੍ਹਾਂ ਦੇ 12 ਸਾਥੀਆਂ ਨੂੰ ਨਜ਼ਰਬੰਦ ਕਰਕੇ ਬਰਮਾ ਦੇਸ਼ ਭੇਜ ਦਿੱਤਾ।

ਇਸੇ ਤਰ੍ਹਾਂ ਸਿੰਘ ਸਭਾ ਲਹਿਰ, ਚੀਫ ਖ਼ਾਲਸਾ ਦੀਵਾਨ, ਖ਼ਾਲਸਾ ਕਾਲਜ ਵਰਗੀਆਂ ਵਿਦਿਅਕ ਸੰਸਥਾਵਾਂ ਅਤੇ ਖ਼ਾਲਸਾ ਅਖ਼ਬਾਰ ਜਿਹੇ ਅਦਾਰੇ ਕਾਇਮ ਹੋਏ, ਜਿਨ੍ਹਾਂ ਨੇ ਅੰਗਰੇਜ਼ ਹਕੂਮਤ ਵਿਰੁੱਧ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਅਹਿਮ ਭੂਮਿਕਾ ਅਦਾ ਕੀਤੀ। ਸੰਨ 1907 ਵਿਚ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ) ਨੇ 'ਪੱਗੜੀ ਸੰਭਾਲ ਜੱਟ' ਦੀ ਚਿਤਾਵਨੀ ਦੇ ਕੇ ਦੇਸ਼ ਦੇ ਸੁਤੰਤਰਤਾ ਸੈਲਾਨੀਆਂ ਨੂੰ ਹਲੂਣਿਆ ਅਤੇ ਅੰਗਰੇਜ਼ ਹਕੂਮਤ ਨੂੰ ਖੁੱਲ੍ਹੀ ਚੁਣੌਤੀ ਦਿੱਤੀ। ਪਰ ਹਾਲਾਤ ਸਾਜ਼ਗਾਰ ਨਾ ਹੋਣ ਕਰਕੇ ਆਪਣੇ ਹੋਰ ਸਾਥੀਆਂ ਨਾਲ ਉਹ ਕੈਲੀਫੋਰਨੀਆ ਵਿਖੇ ਮੁੱਖ ਦਫ਼ਤਰ ਬਣਾ ਕੇ ਭਾਰਤ ਵਿਚ ਇਹ ਲਹਿਰ ਚਲਾਉਣ ਲੱਗੇ। ਇਸੇ ਸਾਲ ਹੀ ਕੈਨੇਡਾ ਵਿਚ 'ਬੱਬਰ ਅਕਾਲੀ ਲਹਿਰ' ਅਤੇ ਕੈਲੀਫੋਰਨੀਆ ਵਿਚ 'ਗ਼ਦਰ ਪਾਰਟੀ' ਦਾ ਗਠਨ ਕੀਤਾ ਗਿਆ।

ਸੰਨ 1913 'ਚ ਬਾਬਾ ਸੋਹਣ ਸਿੰਘ ਭਕਨਾ ਨੇ ਭਾਰਤ ਅੰਦਰ 'ਗ਼ਦਰ ਪਾਰਟੀ' ਦੀ ਨੀਂਹ ਰੱਖੀ। ਸੰਨ 1914 ਵਿਚ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ ਜਹਾਜ਼) ਰਾਹੀਂ ਪ੍ਰਦੇਸ ਵਿਚ ਵੱਸਦੇ ਸਿਰਲੱਥ ਦੇਸ਼-ਭਗਤ ਭਾਰਤੀਆਂ ਨੂੰ ਜਦ ਕੈਨੇਡਾ ਸਰਕਾਰ ਨੇ ਵੈਨਕੂਵਰ ਸ਼ਹਿਰ ਦੀ ਬੰਦਰਗਾਹ 'ਤੇ ਨਾ ਉਤਰਣ ਦਿੱਤਾ ਅਤੇ ਫਿਰ ਸਮਝੌਤਿਆਂ ਰਾਹੀਂ ਜਹਾਜ਼ ਵਾਪਸ ਭੇਜਿਆ, ਜਿਸ ਦੇ ਭਾਰਤ ਵਿਚ ਬਜਬਜ ਘਾਟ ਬੰਦਰਗਾਹ 'ਤੇ ਪਹੁੰਚਦਿਆਂ ਹੀ ਅੰਗਰੇਜ਼ ਹਾਕਮਾਂ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ 50 ਦੇਸ਼ ਭਗਤ ਸਿੱਖ ਸੂਰਬੀਰਾਂ ਸ਼ਹੀਦੀ ਦਾ ਜਾਮ ਪੀਤਾ। ਇਹ ਘਟਨਾ 29 ਸਤੰਬਰ 1914 ਦੀ ਹੈ।

ਸੰਨ 1915-16 ਵਿਚ ਕਰਤਾਰ ਸਿੰਘ ਸਰਾਭਾ ਨੇ ਲੋਕ ਮਨਾਂ ਅੰਦਰ ਦੇਸ਼ ਭਗਤੀ ਦੇ ਜਜ਼ਬੇ ਨੂੰ ਕਾਇਮ ਕਰਨ ਲਈ ਜਤਨ ਆਰੰਭ ਕੀਤੇ, ਪਰ ਉਹ ਗ੍ਰਿਫ਼ਤਾਰ ਹੋ ਗਿਆ ਅਤੇ ਫ਼ਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ। ਇਨ੍ਹੀਂ ਦਿਨੀਂ ਹੀ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਦੀਵਾਰ ਦਾ ਮਸਲਾ ਪੈਦਾ ਹੋਇਆ, ਜਿਸ ਵਿਚ ਅੰਗਰੇਜ਼ ਹਕੂਮਤ ਨੂੰ ਹਾਰ ਨਾ ਮੂੰਹ ਦੇਖਣਾ ਪਿਆ ਅਤੇ ਕੰਧ ਮੁੜ ਉਸਾਰਨੀ ਪਈ। ਪਰ ਅਪ੍ਰੈਲ 1919 ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਲ੍ਹਿਆਂਵਾਲਾ ਬਾਗ਼ ਦੀ ਹੱਤਿਆ-ਕਾਂਡ ਵਾਪਰ ਗਿਆ।

ਗੁਰਦੁਆਰਾ ਸੁਧਾਰ ਲਹਿਰ ਅਧੀਨ ਆਰੰਭ ਹੋਈ ਲਹਿਰ ਨੇ ਵੀ ਖ਼ਾਸਾ ਜ਼ੋਰ ਫੜ੍ਹਿਆ ਅਤੇ ਸੰਨ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ, ਤਾਂ ਫਿਰ ਇਕਦਮ ਲੋਕਾਂ ਅੰਦਰ ਆਪਣੇ ਗੁਰਧਾਮਾਂ ਨੂੰ ਅੰਗਰੇਜ਼ਾਂ ਅਤੇ ਅੰਗਰੇਜ਼ਾਂ ਅਧੀਨ ਕਾਰਜਸ਼ੀਲ ਮਹੰਤਾਂ ਤੋਂ ਆਜ਼ਾਦ ਕਰਵਾਉਣ ਦੀਆਂ ਹੋਰ ਕਈ ਘਟਨਾਵਾਂ ਵਾਪਰੀਆਂ। ਇਸ ਸਭ ਦੌਰਾਨ ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਮੋਰਚਾ ਗੁਰੂ ਕਾ ਬਾਗ਼, ਚਾਬੀਆਂ ਦਾ ਮੋਰਚਾ, ਮੋਰਚਾ ਗੰਗਸਰ ਜੈਤੋ ਆਦਿ ਵਾਪਰਦਾ ਰਿਹਾ ਹੈ।

ਇਨ੍ਹਾਂ ਲਹਿਰਾਂ, ਮੋਰਚਿਆਂ ਅਤੇ ਸਾਕਿਆਂ ਨੇ ਸਮੁੱਚੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ। ਸਮਕਾਲੀ ਵੱਡੇ ਕੱਦ ਦੇ ਆਗੂਆਂ ਨੇ ਪੰਜਾਬੀਆਂ ਅਕਾਲੀਆਂ ਅਤੇ ਸਿੱਖਾਂ ਦੀ ਰਜਵੀਂ ਤਾਰੀਫ਼ ਕੀਤੀ ਅਤੇ ਪੰਜਾਬ ਦੇ ਜੰਮਿਆਂ ਨੂੰ ਉਤਸ਼ਾਹਤ ਕੀਤਾ। ਪੰਡਿਤ ਮਦਨ ਮੋਹਨ ਮਾਲਵੀਆ ਨੇ ਕਿਹਾ ਕਿ, 'ਗੁਰੂ ਕੇ ਬਾਗ਼ ਵਿਚੋਂ ਹੀ ਦੇਸ ਸੁਤੰਤਰਤਾ ਦੀ ਲਹਿਰ ਉੱਠੀ ਹੈ ਅਤੇ ਹੁਣ ਇਸੇ ਨੇ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ।' ਇਸੇ ਤਰ੍ਹਾਂ ਪੰਡਿਤ ਮੋਤੀ ਲਾਲ ਨਹਿਰੂ ਨੇ ਕਿਹਾ ਕਿ, 'ਮੈਂ ਪ੍ਰਣਾਮ ਕਰਦਾ ਹਾਂ ਅਕਾਲੀਆਂ ਨੂੰ ਜਿਨ੍ਹਾਂ ਦੇਸ ਦੀ ਆਜ਼ਾਦੀ ਲਈ ਘੋਲ ਆਰੰਭਿਆ ਹੈ ਅਤੇ ਆਜ਼ਾਦੀ ਲਈ ਲੜ ਰਹੇ ਹਨ।' ਦਾਦਾ ਭਾਈ ਨਾਰੋ ਨੇ ਕਿਹਾ, 'ਸਿੱਖ ਕੌਮ ਦਾ ਜਨਮ ਹੀ ਦੇਸ਼ ਦੀ ਸੁਤੰਤਰਤਾ ਲਈ ਹੋਇਆ ਹੈ, ਹੁਣ ਦੇਸ਼ ਬਹੁਤੀ ਦੇਰ ਗ਼ੁਲਾਮ ਨਹੀਂ ਰਹਿ ਸਕੇਗਾ।' ਪਟਾ ਭਾਈ ਸੀਤਾ ਰਮੱਈਆ ਨੇ ਕਿਹਾ ਕਿ, 'ਜਿਸ ਦੇਸ਼ ਕੋਲ ਸਿੱਖਾਂ ਜੇਹੀ ਸ਼ਹੀਦਾਂ ਦੀ ਕੌਮ ਮੌਜੂਦ ਹੋਵੇ, ਉਹ ਦੇਸ਼ ਬਹੁਤੀ ਦੇਰ ਗ਼ੁਲਾਮ ਨਹੀਂ ਰਹਿ ਸਕਦਾ।' ਲਾਲਾ ਲਜਪਤ ਰਾਇ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ, 'ਆਜ਼ਾਦੀ ਹਰ ਇੱਕ ਦਾ ਹੱਕ ਹੈ, ਅਸੀਂ ਕਪੁੱਤਰ ਹਾਂ, ਪਰ ਅਕਾਲੀ ਸਪੁੱਤਰ ਹਨ, ਜਿਹੜੇ ਇਸ ਹੱਕ ਲਈ ਲੜ ਰਹੇ ਹਨ।'

ਇਹ ਮੈਂ ਬਹੁਤ ਹੀ ਸੰਖੇਪ ਮਾਤਰ ਜ਼ਿਕਰ ਕੀਤਾ ਹੈ। ਇਨ੍ਹਾਂ ਲਹਿਰਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ। ਬਹੁਤ ਸ਼ਹੀਦੀਆਂ ਹੋਈਆਂ। ਇਨ੍ਹਾਂ ਲਹਿਰਾਂ ਵਿਚੋਂ ਹੀ ਹੋਰ ਕਈ ਜਥੇਬੰਦੀਆਂ/ਸੰਸਥਾਵਾਂ, ਵਿਦਿਅਕ ਅਦਾਰੇ, ਅਖ਼ਬਾਰਾਂ ਆਦਿ ਚਾਲੂ ਹੋਏ, ਜਿਨ੍ਹਾਂ ਨੇ ਅੱਗੇ ਜਾ ਕੇ ਦੇਸ਼ ਦੀ ਆਜ਼ਾਦੀ ਦੀ ਚਿਣਗ ਨੂੰ ਭਾਂਬੜ ਬਣਾਇਆ ਅਤੇ ਦੇਸ਼ ਆਜ਼ਾਦ ਕਰਵਾਇਆ। ਇਸੇ ਤਰ੍ਹਾਂ ਇਸ ਸਮੇਂ ਦੌਰਾਨ ਬਹੁਤ ਸਾਰੀਆਂ ਐਸੀਆਂ ਸ਼ਖ਼ਸੀਅਤਾਂ ਨੇ ਜਨਮ ਲਿਆ ਜਾਂ ਕੁਰਬਾਨੀ ਕੀਤੀ, ਜੋ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਦਰਜ ਹਨ ਅਤੇ ਬੇਸ਼ੱਕ ਬਹੁਤ ਸਾਰੇ ਐਸੇ ਵੀ ਹੀ ਜੋ ਅਣਗੌਲੇ ਰਹਿ ਗਏ।

ਇਨ੍ਹਾਂ ਵਿਚੋਂ ਹੀ ਇਕ ਕ੍ਰਾਂਤੀਕਾਰੀ, ਅਣਥੱਕ ਯੋਧੇ ਅਤੇ ਦੇਸ਼ ਭਗਤ ਸਨ ਕਾਮਰੇਡ ਜੀਵਨ ਸਿੰਘ ਵਿਰਦੀ ਉਰਫ਼ ਜੀਵਨ ਸਿੰਘ ਦੁੱਖੀ, ਜਿਨ੍ਹਾਂ ਬਾਰੇ ਇਸ ਕਿਤਾਬ ਵਿਚ ਵਿਸਥਾਰ ਸਹਿਤ ਚਰਚਾ ਕੀਤੀ ਜਾਵੇਗੀ:

## ਜਨਮ, ਬਚਪਨ ਅਤੇ ਪਰਵਾਰ

ਪੰਜਾਬ ਦੀ ਧਰਤੀ 'ਤੇ ਦੇਸ਼ ਦੀ ਆਜ਼ਾਦੀ ਲਈ ਚੱਲ ਰਹੇ ਮੋਰਚਿਆਂ ਅਤੇ ਸੰਘਰਸ਼ਾਂ ਦਾ ਚਰਚਾ ਹੁਣ ਘਰ-ਘਰ ਹੋਣ ਲੱਗਿਆ। ਪੰਜਾਬ ਅੰਦਰ ਦਾ ਅੰਗਰੇਜ਼ ਹਕੂਮਤ ਵਿਰੁੱਧ ਰੋਹ ਅਤੇ ਰੋਸ ਦਾ ਨਜ਼ਾਰਾ ਵਾਪਰ ਰਹੀਆਂ ਘਟਨਾਵਾਂ ਤੋਂ ਸਾਫ਼ ਵੇਖਿਆ ਜਾ ਰਿਹਾ ਸੀ।

ਸ਼ੰਕਰ ਪਿੰਡ, ਨਕੋਦਰ-ਫਗਵਾੜਾ ਸੜਕ 'ਤੇ ਜੰਡਿਆਲੇ ਤੋਂ 8 ਕਿਲੋਮੀਟਰ ਅਤੇ ਨਕੋਦਰ ਤੋਂ 7 ਕਿਲੋਮੀਟਰ ਦੀ ਵਿੱਥ 'ਤੇ ਹੈ। ਇਹ ਪਿੰਡ ਧਾਰਮਿਕ ਅਤੇ ਰਾਜਨੀਤਿਕ ਇਤਿਹਾਸ ਨੂੰ ਸਮੋਈ ਬੈਠਾ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਪਾਤਸ਼ਾਹ ਮੌ ਸਾਹਿਬ ਜਾਂਦੇ ਹੋਏ ਬਾਰਾਤ ਸਮੇਤ ਇੱਥੇ ਰੁੱਕੇ ਸਨ। ਉਸ ਯਾਦ ਵਿਚ ਰੇਲਵੇ ਲਾਈਨ ਦੇ ਕੋਲ ਗੁਰਦੁਆਰ ਸੁਸ਼ੋਭਿਤ ਹੈ। ਜਿੱਥੇ ਹਰ ਮੱਸਿਆ 'ਤੇ ਭਾਰੀ ਮੇਲਾ ਲੱਗਦਾ ਹੈ। ਸ. ਸਵਰਨ ਸਿੰਘ ਸਾਬਕਾ ਵਿਦੇਸ਼ ਮੰਤਰੀ ਵੀ ਇਸੇ ਪਿੰਡ ਦੇ ਸਨ। ਇਸੇ ਪਿੰਡ ਦੇ ਕਰਤਾਰੇ ਨੇ ਗ਼ਦਰ ਲਹਿਰ ਦੇ ਸਮੇਂ ਗ਼ਦਰੀਆਂ ਦੀ ਬਹੁਤ ਮਦਦ ਕੀਤੀ ਸੀ। ਮੈਕਸਿਕੋ ਦੀ ਸਰਹੱਦ ਉੱਤੇ ਉਸਦਾ ਫ਼ਾਰਮ ਸੀ, ਜਿਸ ਰਾਹੀਂ ਆਪਣੇ ਸਾਥੀ ਦਲੀਪ ਸਿੰਘ ਫਾਲਾ ਦੀ ਮਦਦ ਨਾਲ ਬਹੁਤ ਸਾਰੇ ਗ਼ਦਰੀਆਂ ਨੂੰ ਅਮਰੀਕਾ ਲੰਘਾਇਆ ਸੀ।

ਸੰਨ 1913 ਵਿਚ ਨਕਦੋਰ ਤਹਿਸੀਲ ਦੇ ਇਸੇ ਸ਼ੰਕਰ ਪਿੰਡ ਵਿਚ ਸ. ਰਤਨ ਸਿੰਘ ਦੇ ਘਰ ਬੀਬੀ ਹਰੋ ਦੀ ਕੁਖੋਂ ਤੀਸਰੀ ਵਾਰ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੈ। ਜੋ ਵੱਡੇ ਪੁੱਤਰਾਂ ਅਰਜਨ ਸਿੰਘ ਅਤੇ ਮੋਹਨ ਸਿੰਘ ਤੋਂ ਛੋਟਾ ਸੀ ਅਤੇ ਇਸ ਦਾ ਨਾਂ ਜੀਵਨ ਸਿੰਘ ਰੱਖਿਆ ਗਿਆ।

ਬਚਪਨ ਆਮ ਬੱਚਿਆਂ ਵਾਂਗ ਹੀ ਬੀਤਿਆ। ਪਰ ਕਿਤੇ ਨਾ ਕਿਤੇ ਆਲੇ-ਦੁਆਲੇ ਦੇ ਪ੍ਰਭਾਵ ਤੋਂ ਆਪ ਪ੍ਰਭਾਵਤ ਹੋਣੋਂ ਰਹਿ ਨਾ ਸਕੇ। ਭਰ ਜਵਾਨੀ ਵਿਚ ਆਪ ਜੀ ਨੇ ਪੰਜਾਬ ਅੰਦਰ ਚੱਲ ਰਹੇ ਮੋਰਚਿਆਂ, ਲਹਿਰਾਂ ਅਤੇ ਸਾਕਿਆਂ ਬਾਰਿਆ ਸੁਣਿਆ ਵੀ ਅਤੇ ਪੜ੍ਹਿਆ ਵੀ। ਅੰਗਰੇਜ਼ਾਂ ਦੀਆਂ ਧੱਕੇਸ਼ਾਹੀਆਂ ਵਿਰੁੱਧ ਲੋਕ ਲਾਮਬੰਦ ਹੋ ਰਹੇ ਸਨ। ਜਿਸ ਦਾ ਇੱਕ ਵੱਡਾ ਕਾਰਨ ਸੀ ਪ੍ਰੈੱਸ, ਜਿਸ ਰਾਹੀਂ ਖ਼ਬਰਾਂ ਇੱਕ ਦੂਜੇ ਤੱਕ ਪਹੁੰਚ ਰਹੀਆਂ ਸਨ। ਇਨ੍ਹੀਂ ਦਿਨੀਂ ਪੰਜਾਬੀ ਰਸਾਲੇ ਫੁਲਵਾੜੀ, ਪ੍ਰੀਤਲੜੀ ਅਤੇ ਕਿਰਤੀ ਵਰਗੀਆਂ ਕੁਝ ਅਖ਼ਬਾਰਾਂ ਕ੍ਰਾਂਤੀਕਾਰੀ ਵਿਚਾਰਾਂ ਨੂੰ ਪ੍ਰਚਾਰਣ ਹਿੱਤ ਵੱਡੇ ਕਾਰਜ ਕਰ ਰਹੀਆਂ ਸਨ।

ਬੱਬਰ ਅਕਾਲੀ ਲਹਿਰ ਵਿਚ ਆਪ ਸ਼ਾਮਲ ਹੋ ਗਏ ਅਤੇ ਕਈ ਵਰ੍ਹੇ ਆਪ ਜੀ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਫਿਰ ਆਪ ਕਿਰਤੀ ਪਾਰਟੀ ਤੋਂ ਚੋਖੇ ਪ੍ਰਭਾਵਿਤ ਹੋ ਗਏ ਅਤੇ ਖੱਬੇ-ਪੱਖੀ ਲਹਿਰ ਵਿਚ ਜਾ ਸ਼ਾਮਿਲ ਹੋਏ। ਉਸ ਤੋਂ ਬਾਅਦ ਸਾਰੀ ਜ਼ਿੰਦਗੀ ਇਸ ਪਾਰਟੀ ਨਾਲ ਜੁੜ ਕੇ ਦੇਸ਼ ਹਿੱਤ ਕਾਰਜ ਕਰਦੇ ਰਹੇ।

# ਦਵਿੰਦਰ ਬਾਂਸਲ ਟਰਾਂਟੋ ਦਾ ਕਾਵਿ ਸੰਗ੍ਰਹਿ 'ਦੀਦ' ਔਰਤ ਦੀ ਪੀੜ੍ਹਾ ਤੇ ਰੁਮਾਂਸਵਾਦ ਦਾ ਪ੍ਰਤੀਬਿੰਬ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਦਵਿੰਦਰ ਬਾਂਸਲ ਪੰਜਾਬੀ ਦੀ ਸਥਾਪਤ ਕਵਿਤਰੀ ਹੈ। ਪਰਵਾਸ ਵਿਚ ਰਹਿੰਦੀ ਹੋਈ ਵੀ ਉਹ ਆਪਣੀ ਪੰਜਾਬੀ ਵਿਰਾਸਤ ਨਾਲ ਇੱਕਮਿੱਕ ਹੈ। ਉਸ ਦੇ ਹੁਣ ਤੱਕ ਤਿੰਨ ਕਾਵਿ ਸੰਗ੍ਰਹਿ 'ਮੇਰੀਆਂ ਝਾਂਜਰਾਂ ਦੀ ਛਨ-ਛਨ' (1998), 'ਜੀਵਨ ਰੁੱਤ ਦੀ ਮਾਲਾ' (2023) ਅਤੇ 'ਸਵੈ ਦੀ ਪਰਕਰਮਾ' (2023) ਪ੍ਰਕਾਸ਼ਤ ਹੋ ਚੁੱਕੇ ਹਨ। 'ਮੇਰੀਆਂ ਝਾਂਜਰਾਂ ਦੀ ਛਨ-ਛਨ' ਕਾਵਿ ਸੰਗ੍ਰਹਿ ਦੇ ਤਿੰਨ ਐਡੀਸ਼ਨ ਛਪ ਚੁੱਕੇ ਹਨ। ਇਨ੍ਹਾਂ ਕਾਵਿ ਸੰਗ੍ਰਹਿਆਂ ਦੀ ਪ੍ਰਕਾਸ਼ਨਾ ਤੋਂ ਬਾਅਦ ਦਵਿੰਦਰ ਬਾਂਸਲ ਦੀ ਕਵਿਤਾ ਸਾਹਿਤਕ ਖੇਤਰ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪੜਚੋਲ ਅਧੀਨ 'ਦੀਦ' ਉਸਦਾ ਚੌਥਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿਚ ਉਸਦੀਆਂ 56 ਛੋਟੀਆਂ-ਵੱਡੀਆਂ, ਖੁੱਲ੍ਹੀਆਂ ਕਵਿਤਾਵਾਂ ਹਨ। ਇਹ ਸਾਰੀਆਂ ਕਵਿਤਾਵਾਂ ਉਸਦੇ ਅੰਤਰੀਵ ਦੀ ਆਵਾਜ਼, ਇੱਕ ਕਿਸਮ ਨਾਲ ਦਵਿੰਦਰ ਬਾਂਸਲ ਦੀ ਰੂਹ ਦੀ ਖ਼ੁਰਾਕ ਹਨ, ਉਸਨੇ ਹਰ ਕਵਿਤਾ ਰੂਹ ਵਿਚ ਭਿੱਜਕੇ ਲਿਖੀ ਹੈ। ਉਸਨੇ ਸਮਾਜਿਕ ਤਾਣੇ-ਬਾਣੇ ਵਿਚ ਵਿਚਰਦਿਆਂ ਜੋ ਪ੍ਰਭਾਵ ਗ੍ਰਹਿਣ ਕੀਤੇ ਹਨ, ਉਨ੍ਹਾਂ ਨੂੰ ਕਵਿਤਾਵਾਂ ਦਾ ਰੂਪ ਦਿੱਤਾ ਹੈ। ਇਹ ਕਵਿਤਾਵਾਂ ਕਾਵਿਕ ਮਾਪਦੰਡਾਂ ਵਿਚ ਬੱਝਕੇ ਨਹੀਂ ਲਿਖੀਆਂ ਗਈਆਂ, ਸਗੋਂ ਕਵਿਤਰੀ ਦੇ ਮਨ ਮਸਤਕ ਵਿਚੋਂ ਆਪ ਮੁਹਾਰੇ ਨਿਕਲੀਆਂ ਹੋਈਆਂ ਵੱਖਰੇ ਰੰਗ ਵਿਖੇਰਦੀਆਂ ਹਨ। ਕਵਿਤਰੀ ਨੇ ਇਨ੍ਹਾਂ ਕਵਿਤਾਵਾਂ ਰਾਹੀਂ ਨਵੇਂ ਨਕਸ ਸਿਰਜੇ ਹਨ। ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਬਹੁ-ਰੰਗੀ, ਬਹੁ-ਪਰਤੀ ਅਤੇ ਵਿਲੱਖਣ ਕਿਸਮ ਦੀਆਂ ਹਨ, ਜੋ ਦਰਿਆ ਦੇ ਵਹਿਣਾਂ ਦੇ ਵਹਾਅ ਦੀਆਂ ਤਰੰਗਾਂ ਭਾਸਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਰਵਾਨਗੀ ਵੀ ਦਰਿਆ ਦੀਆਂ ਛੱਲਾਂ ਵਰਗੀ ਹੈ, ਜੋ ਰੰਗ ਵਿਰੰਗੀਆਂ ਲਹਿਰਾਂ ਦਾ ਰੂਪ ਧਰਨ ਕਰ ਲੈਂਦੀਆਂ ਹਨ। ਕਵਿਤਰੀ ਨੇ ਕਵਿਤਾਵਾਂ ਨੂੰ ਨਿਵੇਕਲੇ ਅੰਦਾਜ਼ ਵਿਚ ਪ੍ਰਗਟ ਕੀਤਾ ਹੈ, ਜੋ ਨਵੇਂ ਰੰਗ ਪੇਸ਼ ਕਰਦੀਆਂ ਹਨ। ਉਸਦੀਆਂ ਕਵਿਤਾਵਾਂ ਵਿਚ ਵਿਸਮਾਦੀ ਰੰਗ ਵੀ ਵੇਖਣ ਨੂੰ ਮਿਲਦਾ ਹੈ। ਕਵਿਤਾਵਾਂ ਲਿਖਦੀ ਉਹ ਖੁਦ ਕਵਿਤਾ ਬਣਕੇ ਕਵਿਤਾ ਵਿਚ ਵਿਲੀਨ ਹੋ ਜਾਂਦੀ ਹੈ ਤੇ ਸੁੱਧ-ਬੁੱਧ ਖੋ ਬੈਠਦੀ ਹੈ। ਉਹ ਲਿਖਦੀ ਹੈ ਕਿ ਔਰਤ ਹੋਣਾ ਹੀ ਬਦਕਿਸਮਤੀ ਹੈ, ਬ੍ਰਿਹਾ, ਪੀੜਾਂ, ਦੁੱਖ-ਦਰਦ ਅਤੇ ਉਲਝਣਾਂ ਉਸਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਬਾਹਰ ਨਿਕਲਣ ਲਈ ਔਰਤ ਜੱਦੋ-ਜਹਿਦ ਕਰਦੀ ਰਹਿੰਦੀ ਹੈ। ਪਹਿਲਾਂ ਮਾਪਿਆਂ ਦੇ ਘਰ ਦੀ ਕੈਦੀ ਬਣਕੇ ਉਨ੍ਹਾਂ ਦੇ ਘਰ ਦੀ ਉਸਾਰੀ ਕਰਦੀ ਹੈ ਤੇ ਫਿਰ ਪਤੀ ਦਾ ਘਰ ਸੰਵਾਰਦੀ, ਬਣਾਉਂਦੀ ਤੇ ਉਸਾਰਦੀ ਹੈ। ਬੁਢਾਪੇ ਵਿਚ ਪਹੁੰਚਦਿਆਂ ਉਹ ਬੱਚਿਆਂ ਦੇ ਤਿੜਕੇ ਘਰਾਂ ਨੂੰ ਸੰਭਾਲਦੀ ਹੋਈ, ਇਸ ਸੰਸਾਰ ਨੂੰ ਅਲਵਿਦਾ ਕਹਿੰਦੀ ਹੈ। ਉਸਦੀ ਜ਼ਿੰਦਗੀ ਵਿਚ ਟਿਕਾਅ ਨਹੀਂ ਹੁੰਦਾ, ਭਟਕਦੀ ਰਹਿੰਦੀ ਹੈ। ਬੱਚੇ ਪਦਾਰਥਵਾਦੀ ਹੋ ਕੇ ਮਾਪਿਆਂ ਦੀ ਜਾਇਦਾਦ ਵੱਲ ਨਿਗਾਹ ਰੱਖਦੇ ਹਨ। ਔਰਤਾਂ ਨੂੰ ਤਿਤਲੀਆਂ ਕਿਹਾ ਜਾਂਦਾ ਹੈ, ਪ੍ਰੰਤੂ ਉਨ੍ਹਾਂ ਉਪਰ ਭੌਰੇ ਤਿਲਮਾਲਉਂਦੇ ਹੋਏ ਰਸ ਚੂਸਕੇ ਆਨੰਦ ਮਾਣਦੇ ਹਨ ਤੇ ਔਰਤ ਦਾ ਸਰੀਰ ਬਿਨਾ ਆਤਮਾ ਬਚ ਜਾਂਦਾ ਹੈ। ਔਰਤ ਆਪ ਹੀ ਮੋਹ ਮੁਹੱਬਤ ਦੀ ਲਾਲਸਾ ਵਿਚ ਫਸਦੀ ਹੋਈ ਬਰਬਾਦ ਹੋ ਜਾਂਦੀ ਹੈ। ਇਹ ਕੁਝ ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਦਾ ਸਾਰੰਸ਼ ਹੈ। ਮੁੱਢਲੇ ਤੌਰ 'ਤੇ ਉਹ ਇਸਤਰੀਆਂ ਦੇ ਭਾਵਨਾਵਾਂ ਵਿਚ ਵਹਿਣ ਅਤੇ ਮਰਦਾਂ ਵੱਲੋਂ ਉਨ੍ਹਾਂ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖਣ ਉਪਰ ਤਿੱਖੇ ਟਕੋਰੇ ਮਾਰਦੀ ਹੈ। ਉਨ੍ਹਾਂ ਦਾ ਮਾਸ ਨੋਚਕੇ ਦਰਿੰਦਗੀ ਦਾ ਜ਼ਿੰਦਾ ਨਾਚ ਕੀਤਾ ਜਾਂਦਾ ਹੈ, ਔਰਤ ਨਿਰਜਿੰਦ ਲਾਸ਼ ਬਣਕੇ ਵੀ ਬਰਦਾਸ਼ਤ ਕਰਦੀ ਰਹਿੰਦੀ ਹੈ। ਵਿਆਹ ਤੋਂ ਪਹਿਲਾਂ ਦੇ ਸਬਜ਼ਬਾਗ 'ਤੇ ਵਾਅਦੇ ਵਫ਼ਾ ਨਹੀਂ ਹੁੰਦੇ। ਭਲੇ ਸਮੇਂ ਹੁੰਦੇ ਸੀ, ਜਦੋਂ ਹੱਸਦੇ ਰਹਿੰਦੇ ਸੀ। ਅਸਲ ਵਿਚ ਉਦੋਂ ਸਮਝ ਹੀ ਨਹੀਂ ਹੁੰਦੀ ਸੀ। ਸਮਝ ਆਉਣ ਤੋਂ ਬਾਅਦ ਹਟਕੋਰੇ ਪੱਲੇ ਪੈ ਗਏ ਤੇ ਸਮਝ ਦੁਸ਼ਮਣ ਬਣ ਗਈ। ਕਵਿੱਤਰੀ ਕਹਿੰਦੀ ਹੈ ਕਿ ਭਲੇ ਵੇਲੇ ਆਉਣਗੇ, ਪ੍ਰੰਤੂ ਉਸਨੇ ਭਲੇ ਵੇਲੇ ਨਹੀਂ ਵੇਖੇ, ਉਹ ਆਪਣੀ 'ਤਨ ਅਗਨ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦੀ ਹੈ:

ਹੱਡੀਆਂ ਦਾ ਬਾਲਣ
ਖ਼ੂਨ ਦਾ ਤੇਲ
ਬਲਦੇ ਤਾਂ ਭਾਂਬੜ ਬਲੇ
ਵੇਖੇ ਨਾ ਵੇਲੇ ਭਲੇ....।


'ਬੇਸਮਝੇ ਸਾਂ ਹੱਸਦੇ' ਸਿਰਲੇਖ ਵਾਲੀ ਕਵਿਤਾ ਵਿਚ ਕਵਿਤਰੀ ਲਿਖਦੀ ਹੈ:


ਬੇਮਝੇ ਸਾਂ ਹੱਸਦੇ
ਸਮਝਦਾਰ ਹਾਂ ਤੰਗ
ਮੁੜ ਮੁੜ ਚੇਤੇ ਆਂਵਦੇ
ਬਾਲ ਉਮਰ ਦੇ ਰੰਗ
ਭੋਲੇ ਸਾਦੇ ਲੋਕ ਪਰ
ਦਿਲ ਦੇ ਸਨ ਅਮੀਰ
ਇੱਕ ਦਰ ਸੀ ਝੁਕਦੇ
ਰਾਜਾ ਰੰਕ ਫ਼ਕੀਰ........

ਔਰਤ ਆਜ਼ਾਦੀ ਭਾਲਦੀ ਹੈ, ਮਾਨਸਿਕ ਆਜ਼ਾਦੀ, ਪ੍ਰੰਤੂ ਕਈ ਇਸਤਰੀਆਂ ਨੂੰ ਖ਼ੁਸ਼ਾਮਦ ਰਾਹੀਂ ਵਰਗਲਾ ਲਿਆ ਜਾਂਦਾਂ ਹੈ, ਦਵਿੰਦਰ ਬਾਂਸਲ ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਵਿਚਰਣ, ਹੌਂਸਲਾ ਰੱਖਣ ਅਤੇ ਆਪਣੇ ਵਿਅਕਤੀਤਵ ਨੂੰ ਸਮਤੁਲ ਰੱਖਕੇ ਗੁੰਝਲਦਾਰ ਉਲਝਣਾਂ ਨੂੰ ਸਾਫ਼ ਸੁਥਰੀ ਪਾਕਿ ਪਵਿੱਤਰ ਮੁਹੱਬਤ ਨਾਲ ਸੁਰ ਵਿਚ ਲਿਆਉਣ ਦੀ ਨਸੀਹਤ ਦਿੰਦੀ ਹੋਈ ਕਹਿੰਦੀ ਹੈ ਕਿ ਮੁਹੱਬਤ ਨਿਰ-ਸਵਾਰਥ, ਨਿਰ-ਉਚੇਚ ਅਤੇ ਨਿਰ-ਵਿਰੋਧ ਹੋਣੀ ਚਾਹੀਦੀ ਹੈ। ਆਧੁਨਿਕ ਜ਼ਮਾਨਾ ਆ ਗਿਆ, ਕੁਝ ਔਰਤਾਂ ਆਜ਼ਾਦੀ ਦਾ ਨਾਜਾਇਜ਼ ਲਾਭ ਉਠਾਉਂਦੀਆਂ ਹਨ। ਚਾਰੇ ਪਾਸੇ ਝੂਠ ਦੇ ਪਸਾਰੇ ਨਾਲ ਮਾਰਕੀਟ ਦੀ ਵਸਤੂ ਬਣਨ ਦੀ ਥਾਂ ਸਿਆਣਪ ਦਾ ਮੁਜੱਸਮਾ ਬਣਕੇ ਵਿਚਰਨ ਨੂੰ ਤਰਜੀਹ ਦੇਣ ਦੀ ਤਾਕੀਦ ਕਰਦੀ ਹੈ। ਜ਼ਮਾਨੇ ਨਾਲ ਲੜਨ ਦੀ ਸਮਰੱਥਾ ਬਣਾਉਣ ਦੀ ਲੋੜ ਹੈ। ਕਵਿਤਰੀ 'ਮਾਨਸਿਕ ਪੀੜ' ਸਿਰਲੇਖ ਵਾਲੀ ਕਵਿਤਾ ਵਿਚ ਨਿਰਦਈ ਮਰਦ ਦੀ ਮਾਨਸਿਕਤਾ ਦਾ ਵਰਣਨ ਕਰਦੀ ਹੋਈ ਇਸਤਰੀਆਂ ਉਪਰ ਮਰਦਾਂ ਵੱਲੋਂ ਕੀਤੇ ਅੱਤਿਆਚਾਰਾਂ ਨੂੰ ਬਹੁਤ ਹੀ ਭਾਵੁਕਤਾ ਨਾਲ ਇਸਤਰੀਆਂ ਨੂੰ ਬਰਦਾਸ਼ਤ ਕਰਦਿਆਂ ਦਰਸਾਇਆ ਹੈ। ਇਸ ਕਵਿਤਾ ਦਾ ਭਾਵ ਹੈ ਕਿ ਇਸਤਰੀਆਂ ਨੂੰ ਇਨ੍ਹਾਂ ਜ਼ੁਲਮਾਂ ਨੂੰ ਹਰ ਰੋਜ਼ ਬਰਦਾਸ਼ਤ ਨਹੀਂ ਕਰਨਾ ਚਾਹੀਦਾ, ਸਗੋਂ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੀਦਾ ਹੈ। ਇਸਦੇ ਨਾਲ ਹੀ ਕਵਿਤਰੀ ਕਾਵਿ ਸੰਗ੍ਰਹਿ ਦੇ ਨਾਮ ਵਾਲੀ 'ਦੀਦ' ਕਵਿਤਾ ਵਿਚ ਲਿਖਦੀ ਹੈ ਕਿ ਔਰਤ ਭਾਵਨਾਵਾਂ ਵਿਚ ਵਹਿਣ ਵਾਲੀ ਮੋਮ ਦੀ ਮੂਰਤ ਹੈ, ਜਿਸ ਨਾਲ ਉਸਨੂੰ ਮੁਹੱਬਤ ਹੋ ਜਾਂਦੀ ਹੈ, ਉਸਦੀਆਂ ਤਲੀਆਂ ਥੱਲੇ ਹੱਥ ਦਿੰਦੀ ਹੋਈ ਪਿਆਰ ਦੀਆਂ ਪੀਂਘਾਂ ਝੂਟਣ ਸਮੇਂ ਆਪਾ ਖੋ ਬਹਿੰਦੀ ਹੈ। ਇਸ ਕਵਿਤਾ ਦੇ ਦੋ ਬੰਦ ਔਰਤ ਦੀ ਮੁਹੱਬਤ ਵਾਲੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ ਕਿ ਔਰਤ ਮਰਦ 'ਤੇ ਕਿਵੇਂ ਲੱਟੂ ਹੋ ਜਾਂਦੀ ਹੈ:

ਤੇਰੇ ਮੁੱਖ ਦਾ ਪਿਆ ਝਲਕਾਰਾ
ਚੰਨਾ ਵੇ ਸਾਡੀ ਹਉਂ ਟੁੱਟ ਗਈ।
ਮੱਥੇ ਲੱਗਿਐਂ ਬੰਦੇ ਦੀ ਜੂਨੀ
ਤੂੰ ਅਸਲੋਂ ਫ਼ਕੀਰ ਮਹਿਰਮਾ।

ਉਹ ਮਰਦ ਨੂੰ ਧੋਖੇ ਦੀ ਪੁਤਲੀ ਕਹਿੰਦੀ ਹੈ, ਪ੍ਰੰਤੂ ਬੇਇਖ਼ਲਾਕੀ ਸਭ ਤੋਂ ਭੈੜੀ ਚੀਜ਼ ਹੈ। ਮਰਦ ਨੂੰ ਬੇਇਖ਼ਲਾਕ ਨਹੀਂ ਹੋਣਾ ਚਾਹੀਦਾ, ਕਿਉਂਕਿ ਔਰਤ ਆਪਣਾ ਘਰ ਬਾਰ ਛੱਡਕੇ ਨਵੀਂ ਦੁਨੀਆਂ ਵਸਾਉਣ ਲਈ ਆਉਂਦੀ ਹੈ, ਉਸਦੀਆਂ ਭਾਵਨਾਵਾਂ ਦੀ ਕਦਰ ਕਰਨੀ ਬਣਦੀ ਹੈ, ਮਰਦ ਸਿਰਫ ਸਰੀਰਕ ਭੁੱਖ ਮਿਟਾਉਣ ਦੀ ਕਰਦਾ ਹੈ, ਉਸਦਾ ਨਿਰਾਦਰ ਨਹੀਂ ਕਰਨਾ ਚਾਹੀਦਾ, ਉਹ ਵਸਲ ਚਾਹੁੰਦੀ ਹੈ, ਮਰਦ ਔਰਤ ਦੀ ਰੂਹ ਦਾ ਕਤਲ ਕਰਦੈ, ਉਹ ਆਪਣਿਆਂ ਨਾਲ ਯੁੱਧ ਨਹੀਂ ਕਰ ਸਕਦੀ। ਮਰਦ ਤੇ ਔਰਤ ਦੋਹਾਂ ਨੂੰ ਹਓਮੈ ਦੀ ਤਿਲਾਂਜ਼ਲੀ ਦੇ ਕੇ ਇੱਕਮਿੱਕ ਹੋਣਾ ਚਾਹੀਦਾ ਹੈ, ਇੰਜ ਕਵਿਤਰੀ ਦੀਆਂ ਕਵਿਤਾਵਾਂ ਕਹਿੰਦੀਆਂ ਹਨ। ਹਾਰ ਸ਼ਿੰਗਾਰ ਨਾਲ ਔਰਤ ਸੁੰਦਰ ਵਿਖਾਈ ਤਾਂ ਦੇਵੇਗੀ, ਪ੍ਰੰਤੂ ਮਾਨਸਿਕ ਸ਼ਾਂਤੀ ਰੂਹ ਦੀ ਮੁਹੱਬਤ ਨਾਲ ਮਿਲਦੀ ਹੈ। ਪਰਵਾਸ ਵਿਚ ਜ਼ਾਤ-ਪਾਤ ਤੋਂ ਦੂਰ ਹੋ ਕੇ ਵਿਆਹ ਹੁੰਦੇ ਹਨ, ਪ੍ਰੰਤੂ ਤਲਾਕਾਂ ਦੀ ਮਾਤਰਾ ਜ਼ਿਆਦਾ ਹੈ। ਅਲ੍ਹੜ ਉਮਰ ਦੀਆਂ ਪਰਵਾਸ ਵਿਚ ਗਈਆਂ ਕੁਝ ਕੁੜੀਆਂ ਡਾਲਰਾਂ ਦੀ ਚਕਾਚੌਂਧ ਵਿਚ ਆਪਣੀ ਸਲੀਕੇ ਦੀ ਵਿਰਾਸਤ ਨੂੰ ਭੁੱਲ ਜਾਂਦੀਆਂ ਹਨ ਤੇ ਫਿਰ ਖੱਜਲ ਖ਼ਰਾਬ ਹੁੰਦੀਆਂ ਰਹਿੰਦੀਆਂ ਹਨ। ਔਰਤ ਨੂੰ ਆਪੇ ਦੀ ਪਛਾਣ ਕਰਕੇ ਆਨੰਦਮਈ ਜ਼ਿੰਦਗੀ ਜਿਉਣੀ ਚਾਹੀਦੀ ਹੈ। ਉਸ ਵਿਚ ਅਥਾਹ ਸ਼ਕਤੀ ਹੈ, ਪ੍ਰੰਤੂ ਔਰਤ ਆਪਣੀ ਸ਼ਕਤੀ ਦੀ ਪਛਾਣ ਕਰਨ ਦੀ ਥਾਂ ਥਿੜ੍ਹਕਦੀ ਰਹਿੰਦੀ ਹੈ। ਦਵਿੰਦਰ ਬਾਂਸਲ ਦਾ ਇਹ ਕਾਵਿ ਸੰਗ੍ਰਹਿ ਰੁਮਾਂਸਵਾਦੀ ਕਵਿਤਾ ਦਾ ਮੀਲ ਪੱਥਰ ਸਾਬਤ ਹੋਵੇਗਾ।




80 ਪੰਨਿਆਂ, 150 ਰੁਪਏ, 10 ਡਾਲਰ, 5 ਪੌਂਡ ਕੀਮਤ ਵਾਲਾ ਕਾਵਿ ਸੰਗ੍ਰਹਿ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ : ਦਵਿੰਦਰ ਬਾਂਸਲ ਟੋਰਾਂਟੋ, ਕੈਨੇਡਾ: 416-804-5320

ਔਰਤ ਆਜ਼ਾਦੀ ਭਾਲਦੀ ਹੈ, ਮਾਨਸਿਕ ਆਜ਼ਾਦੀ, ਪ੍ਰੰਤੂ ਕਈ ਇਸਤਰੀਆਂ ਨੂੰ ਖ਼ੁਸ਼ਾਮਦ ਰਾਹੀਂ ਵਰਗਲਾ ਲਿਆ ਜਾਂਦਾਂ ਹੈ, ਦਵਿੰਦਰ ਬਾਂਸਲ ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਵਿਚਰਣ, ਹੌਂਸਲਾ ਰੱਖਣ ਅਤੇ ਆਪਣੇ ਵਿਅਕਤੀਤਵ ਨੂੰ ਸਮਤੁਲ ਰੱਖਕੇ ਗੁੰਝਲਦਾਰ ਉਲਝਣਾਂ ਨੂੰ ਸਾਫ਼ ਸੁਥਰੀ ਪਾਕਿ ਪਵਿੱਤਰ ਮੁਹੱਬਤ ਨਾਲ ਸੁਰ ਵਿਚ ਲਿਆਉਣ ਦੀ ਨਸੀਹਤ ਦਿੰਦੀ ਹੋਈ ਕਹਿੰਦੀ ਹੈ ਕਿ ਮੁਹੱਬਤ ਨਿਰ-ਸਵਾਰਥ, ਨਿਰ-ਉਚੇਚ ਅਤੇ ਨਿਰ-ਵਿਰੋਧ ਹੋਣੀ ਚਾਹੀਦੀ ਹੈ। ਆਧੁਨਿਕ ਜ਼ਮਾਨਾ ਆ ਗਿਆ, ਕੁਝ ਔਰਤਾਂ ਆਜ਼ਾਦੀ ਦਾ ਨਾਜਾਇਜ਼ ਲਾਭ ਉਠਾਉਂਦੀਆਂ ਹਨ। ਚਾਰੇ ਪਾਸੇ ਝੂਠ ਦੇ ਪਸਾਰੇ ਨਾਲ ਮਾਰਕੀਟ ਦੀ ਵਸਤੂ ਬਣਨ ਦੀ ਥਾਂ ਸਿਆਣਪ ਦਾ ਮੁਜੱਸਮਾ ਬਣਕੇ ਵਿਚਰਨ ਨੂੰ ਤਰਜੀਹ ਦੇਣ ਦੀ ਤਾਕੀਦ ਕਰਦੀ ਹੈ। ਜ਼ਮਾਨੇ ਨਾਲ ਲੜਨ ਦੀ ਸਮਰੱਥਾ ਬਣਾਉਣ ਦੀ ਲੋੜ ਹੈ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ...!!!

-ਪਰਮਜੀਤ ਸਿੰਘ "ਸੁਚਿੰਤਨ"
ਲੁਧਿਆਣਾ (ਪੰਜਾਬ)
97791-24500
ਪੰਜਾਬ ਮੇਲ USA



ਔਰੰਗਜ਼ੇਬ ਬਹੁਤ ਜ਼ਾਲਮ ਬਾਦਸ਼ਾਹ ਸੀ, ਉਸ ਨੇ ਧਰਮ ਦੀ ਆੜ ਥੱਲੇ ਸਿਆਸੀ ਤੌਰ 'ਤੇ ਬਹੁਤ ਜ਼ੁਲਮ ਕੀਤੇ। ਤਖ਼ਤ ਹਥਿਆਉਣ ਲਈ, ਆਪਣੇ ਦੋ ਭਰਾਵਾਂ (ਦਾਰਾ ਤੇ ਮੁਰਾਦ) ਦਾ ਕਤਲ ਕਰਵਾ ਦਿੱਤਾ ਤੇ ਇੱਕ ਭਰਾ (ਸ਼ੁਜਾਹ) ਨੂੰ ਦੇਸ਼ ਨਿਕਾਲਾ ਦੇ ਦਿੱਤਾ। ਆਪਣੀ ਭੈਣ ਰੌਸ਼ਨ ਆਰਾ ਨੂੰ ਥੋੜ੍ਹਾ-ਥੋੜ੍ਹਾ ਜ਼ਹਿਰ (**Slow Poisioning**) ਦੇ ਕੇ ਮਾਰ ਦਿੱਤਾ। ਆਪਣੇ ਪਿਤਾ ਸ਼ਾਹਜਹਾਂ ਨੂੰ ਉਸਦੇ ਅੰਤਿਮ ਸਮੇਂ ਤੱਕ ਕੈਦ ਕਰਕੇ ਰੱਖਿਆ ਤੇ ਤਸੀਹੇ ਦਿੰਦਾ ਰਿਹਾ। ਇੱਥੋਂ ਤੱਕ ਕਿ ਉਸ ਨੇ ਸੂਫ਼ੀ ਫ਼ਕੀਰਾਂ ਨੂੰ ਵੀ ਨਹੀਂ ਬਖ਼ਸ਼ਿਆ। ਹਿੰਦੂਆਂ 'ਤੇ ਪੂਰੀ ਸਖ਼ਤੀ ਸ਼ੁਰੂ ਹੋ ਗਈ। ਮੰਦਿਰ ਢਾਹ ਕੇ ਮਸੀਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਹਿੰਦੂਆਂ 'ਤੇ ਜਜ਼ੀਆ (ਸਪੈਸ਼ਲ ਟੈਕਸ) ਲਾ ਦਿੱਤਾ ਗਿਆ। ਹਿੰਦੂਆਂ ਦੇ ਧਾਰਮਿਕ ਇੱਕਠਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਹੁਣ ਹਿੰਦੂ ਕੋਈ ਧਾਰਮਿਕ ਇਕੱਠ ਵੀ ਨਹੀਂ ਸਨ ਕਰ ਸਕਦੇ।

ਇੱਧਰ ਹਿੰਦੂ ਧਰਮ ਦੇ ਆਗੂ ਜਾਂ ਤਾਂ ਬ੍ਰਾਹਮਣ ਸਨ ਜਾਂ ਫਿਰ ਸ਼ਸਤ੍ਰਧਾਰੀ ਰਾਜਪੂਤ ਖੱਤਰੀ। ਇਹ ਰਾਜਪੂਤ ਤਾਂ ਮੁਗਲਾਂ ਦਾ ਹੱਥ ਠੋਕਾ ਬਣ ਕੇ, ਉਨ੍ਹਾਂ ਦੇ ਨਾਲ ਹੀ ਰੱਲ ਗਏ ਸਨ ਅਤੇ ਬ੍ਰਾਹਮਣਾਂ ਨੇ ਅਨਪੜ੍ਹ ਤੇ ਭੋਲੇ-ਭਾਲੇ ਹਿੰਦੂਆਂ ਨੂੰ ਫੋਕੇ ਕਰਮਕਾਂਡਾਂ, ਪਾਖੰਡਾਂ ਤੇ ਵਹਿਮਾਂ-ਭਰਮਾਂ ਦੇ ਜਾਲ 'ਚ ਫਸਾ ਕੇ, ਆਪਣੇ ਆਪ ਨੂੰ, ਆਪਣੀ ਰੋਜੀ-ਰੋਟੀ ਕਮਾਉਣ ਤੱਕ ਹੀ ਸੀਮਿਤ ਕਰ ਲਿਆ ਸੀ। ਇਨ੍ਹਾਂ ਹਾਲਾਤਾਂ 'ਚ ਸਮੁੱਚਾ ਹਿੰਦੂ ਸਮਾਜ ਆਗੂ ਹੀਣ ਬਣ ਚੁੱਕਾ ਸੀ।

## ਕਸ਼ਮੀਰੀ ਪੰਡਿਤਾਂ ਦਾ ਸ੍ਰੀ ਅਨੰਦਪੁਰ ਸਾਹਿਬ ਆਉਣਾ:

ਉਸ ਸਮੇਂ ਕਸ਼ਮੀਰ ਪੰਡਿਤਾਂ ਦਾ ਬੜਾ ਵੱਡਾ ਗੜ੍ਹ ਸੀ। ਇੱਥੇ ਬਹੁਤ ਵਿਦਵਾਨ ਪੰਡਿਤ ਰਹਿੰਦੇ ਸਨ। ਸੰਨ 1674 ਈ. 'ਚ, ਜਦੋਂ ਔਰੰਗਜ਼ੇਬ ਨੇ ਇਹ ਫੈਸਲਾ ਕੀਤਾ ਕਿ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਹੈ, ਤਾਂ ਉਸ ਨੇ ਇਸ ਕੰਮ ਲਈ ਕਸ਼ਮੀਰ ਨੂੰ ਹੀ ਚੁਣਿਆ। ਇਸ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਉਸ ਨੂੰ ਲੱਗਦਾ ਸੀ ਕਿ ਜੇ ਕਸ਼ਮੀਰੀ ਪੰਡਿਤ ਇਸਲਾਮ ਕਬੂਲ ਕਰ ਲੈਣਗੇ, ਤਾਂ ਬਾਕੀ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸੌਖਾ ਹੋ ਜਾਵੇਗਾ। ਦੂਜਾ ਇਹ ਕਿ ਬ੍ਰਾਹਮਣ ਲੋਕ ਪੂਜਾ ਦਾ ਧਾਨ ਖਾਣ ਵਾਲੇ ਲੋਕ ਹਨ। ਇਨ੍ਹਾਂ ਅੰਦਰ ਲੜਨ ਦੀ ਸ਼ਕਤੀ ਨਹੀਂ ਹੁੰਦੀ। ਇਸ ਲਈ ਇਨ੍ਹਾਂ ਨੂੰ ਡਰਾ ਧਮਕਾ ਕੇ ਜਾਂ ਲਾਲਚ ਦੇ ਕੇ ਇਸਲਾਮ ਵੱਲ ਜਲਦੀ ਪ੍ਰੇਰਿਤ ਕੀਤਾ ਜਾ ਸਕਦਾ ਹੈ ਤੇ ਤੀਜਾ ਇਹ ਕਿ ਕਸ਼ਮੀਰ ਦੀਆਂ ਹੱਦਾਂ ਬਹੁਤ ਸਾਰੇ ਦੇਸ਼ਾਂ ਤੇ ਰਾਜਾਂ ਨਾਲ ਲੱਗਦੀਆਂ ਹਨ, ਇਸ ਲਈ ਇੱਥੋਂ ਦੇ ਵਸਨੀਕਾਂ ਨੂੰ ਮੁਸਲਮਾਨ ਬਣਾਉਣ ਨਾਲ ਇਸਲਾਮ ਦਾ ਪ੍ਰਭਾਵ ਸੰਸਾਰ ਪੱਧਰ 'ਤੇ ਤੇਜ਼ੀ ਨਾਲ ਵਧੇਗਾ।

ਔਰੰਗਜ਼ੇਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਉਸ ਸਮੇਂ ਦੇ ਕਸ਼ਮੀਰ ਦੇ ਗਵਰਨਰ ਇਫ਼ਤਿਖ਼ਾਰ ਖ਼ਾਨ ਨੇ ਕਸ਼ਮੀਰੀ ਪੰਡਿਤਾਂ 'ਤੇ ਬਹੁਤ ਜ਼ੁਲਮ ਢਾਹੇ। ਇਨ੍ਹਾਂ ਪੰਡਿਤਾਂ ਨੂੰ ਜਬਰੀ ਮੁਸਲਮਾਨ ਬਣਾ ਦਿੱਤਾ ਜਾਂਦਾ ਸੀ, ਉਨ੍ਹਾਂ ਦੇ ਜੰਞੂ ਲਾਹ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਹਿੰਦੂ ਪ੍ਰੰਪਰਾ ਤੇ ਰੀਤੀ-ਰਿਵਾਜ਼ ਅਨੁਸਾਰ ਪੂਜਾ-ਪਾਠ ਨਹੀਂ ਸੀ ਕਰਨ ਦਿੱਤਾ ਜਾਂਦਾ। ਕਿਹਾ ਜਾਂਦਾ ਹੈ ਕਿ ਰੋਜ਼ਾਨਾ ਇੰਨੇ ਪੰਡਿਤਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ ਕਿ ਉਨ੍ਹਾਂ ਦੇ ਲੱਥੇ ਜੰਞੂਆਂ ਦਾ ਭਾਰ ਸਵਾ ਮਨ ਹੋ ਜਾਂਦਾ ਸੀ। ਉਨ੍ਹਾਂ ਦਿਨਾਂ 'ਚ ਇਹ ਗੱਲ ਵੀ ਪ੍ਰਚਲਿਤ ਸੀ ਕਿ ਔਰੰਗਜ਼ੇਬ ਸਵਾ ਮਨ ਜੰਞੂ ਲਾਹ ਕੇ ਹੀ ਭੋਜਨ ਕਰਦਾ ਸੀ। ਜਿਹੜਾ ਪੰਡਿਤ ਔਰੰਗਜ਼ੇਬ ਦਾ ਹੁਕਮ ਨਹੀਂ ਸੀ ਮੰਨਦਾ, ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ।

ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਦੁਖੀ ਹੋ ਕੇ, ਇਨ੍ਹਾਂ ਹਾਲਾਤਾਂ ਦਾ ਹੱਲ ਲੱਭਣ ਲਈ ਵਿਚਾਰ-ਵਟਾਂਦਰਾ ਕੀਤਾ। ਪੰਡਿਤ ਕਿਰਪਾ ਰਾਮ ਜੀ ਨੇ ਸਲਾਹ ਦਿੱਤੀ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਸਾਨੂੰ ਜੇ ਕੋਈ ਬਚਾ ਸਕਦਾ ਹੈ, ਤਾਂ ਨੌਵੇਂ ਗੁਰੂ ਨਾਨਕ, ਗੁਰੂ ਤੇਗ ਬਹਾਦਰ ਸਾਹਿਬ ਜੀ ਹੀ ਬਚਾ ਸਕਦੇ ਹਨ। ਸਾਰਿਆਂ ਦੇ ਵਿਚਾਰ ਸੁਣ ਕੇ, ਇਹ ਫ਼ੈਸਲਾ ਕੀਤਾ ਗਿਆ ਕਿ ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਪੰਡਿਤਾਂ ਦਾ ਇੱਕ ਵਫ਼ਦ (ਜੱਥਾ) ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਜਾਇਆ ਜਾਵੇ ਅਤੇ ਉੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋ ਕੇ, ਗੁਰੂ ਸਾਹਿਬ ਜੀ ਦੇ ਚਰਨਾਂ 'ਚ ਬੇਨਤੀ ਕੀਤੇ ਜਾਵੇ ਕਿ ਸਤਿਗੁਰੂ ਜੀ! ਸਾਨੂੰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਅ ਲਓ। ਕੀਤੇ ਗਏ ਫ਼ੈਸਲੇ ਅਨੁਸਾਰ, ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ (ਜੱਥਾ) ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ।

ਮਿਤੀ 25 ਮਈ ਸੰਨ 1675 ਈ. ਨੂੰ, ਪੰਡਿਤ ਕਿਰਪਾ ਰਾਮ ਤੇ ਹੋਰ ਬਹੁਤ ਸਾਰੇ ਕਸ਼ਮੀਰੀ ਪੰਡਿਤ, ਆਪਣੀ ਫ਼ਰਿਆਦ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋਏ ਅਤੇ ਆਪਣਾ ਦੁੱਖ ਦੱਸਿਆ। ਗੁਰੂ ਸਾਹਿਬ ਜੀ ਨੇ ਕਸ਼ਮੀਰੀ ਪੰਡਿਤਾਂ ਦਾ ਦੁੱਖ ਬਹੁਤ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਫਿਰ, ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜੇ ਕੋਈ ਮਹਾਂਪੁਰਖ ਆਪਣੀ ਸ਼ਹਾਦਤ ਦੇਣ ਲਈ ਤਿਆਰ ਹੋ ਜਾਵੇ, ਤਾਂ ਇਸ ਸੰਕਟ ਦਾ ਹੱਲ ਨਿਕਲ ਸਕਦਾ ਹੈ।

ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ, ਕੋਲ ਬੈਠੇ 9 ਸਾਲਾਂ ਦੇ ਬਾਲਕ ਗੋਬਿੰਦ ਰਾਏ ਜੀ ਕਹਿਣ ਲੱਗੇ ਕਿ ਗੁਰੂ ਪਿਤਾ ਜੀ! ਆਪ ਜੀ ਤੋਂ ਵੱਡਾ ਮਹਾਂਪੁਰਖ ਇਸ ਸੰਸਾਰ 'ਚ ਹੋਰ ਕੌਣ ਹੋ ਸਕਦਾ ਹੈ ? ਇਹ ਗੱਲ ਸੁਣ ਕੇ, ਓਥੇ ਹਾਜ਼ਰ ਸਿੱਖ-ਸੰਗਤਾਂ ਅੰਦਰ ਸੰਨਾਟਾ ਛਾ ਗਿਆ। ਪਰ, ਗੁਰੂ ਤੇਗ ਬਹਾਦਰ ਸਾਹਿਬ ਜੀ ਮੁਸਕੁਰਾ ਪਏ ਅਤੇ ਕਸ਼ਮੀਰੀ ਪੰਡਿਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਔਰੰਗਜ਼ੇਬ ਬਾਦਸ਼ਾਹ ਤੱਕ ਇਹ ਸੁਨੇਹਾ ਪਹੁੰਚ ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਡੇ ਰਹਿਬਰ ਹਨ, ਜੇ ਉਹ ਇਸਲਾਮ ਕਬੂਲ ਕਰ ਲੈਣ, ਤਾਂ ਅਸੀਂ ਸਾਰੇ ਵੀ ਇਸਲਾਮ ਕਬੂਲ ਕਰ ਲਵਾਂਗੇ। ਇੰਝ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਉਸ ਨੂੰ ਵੰਗਾਰਿਆ।

ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੁਨੇਹਾ, ਔਰੰਗਜ਼ੇਬ ਤੱਕ ਪਹੁੰਚਾ ਦਿੱਤਾ। ਜਦੋਂ ਔਰੰਗਜ਼ੇਬ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੂੰ ਲੱਗਾ ਕਿ ਇਹ ਤਾਂ ਕੰਮ ਹੀ ਬਹੁਤ ਸੌਖਾ ਹੋ ਗਿਆ ਹੈ। ਮੈਂ ਤਾਂ ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਲਈ ਜ਼ੋਰ ਲਾ ਰਿਹਾ ਸੀ। ਹੁਣ ਤਾਂ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹੀ ਮੁਸਲਮਾਨ ਬਣਾਉਣਾ ਹੈ। ਜੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸਲਾਮ ਕਬੂਲ ਕਰ ਲਿਆ, ਤਾਂ ਕਸ਼ਮੀਰੀ ਪੰਡਿਤ ਤਾਂ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ। ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਨਾਲੋਂ, ਇਕੱਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਵਾਉਣਾ ਕੀਤੇ ਸੌਖਾ ਹੈ।

ਬੱਸ ਫਿਰ ਕੀ ਸੀ, ਹੁਕਮ ਜਾਰੀ ਕਰ ਦਿੱਤਾ ਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਕੇ, ਦਿੱਲੀ ਲਿਆਂਦਾ ਜਾਵੇ। ਇੱਧਰ ਗੁਰੂ ਤੇਗ ਬਹਾਦਰ ਸਾਹਿਬ ਜੀ, ਆਪਣੀ ਸ਼ਹਾਦਤ ਦੇਣ ਲਈ, ਬਾਲਕ ਗੋਬਿੰਦ ਰਾਇ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਸਮੁੱਚੀ ਜ਼ਿੰਮੇਵਾਰੀ ਸੌਂਪ ਕੇ ਤੇ ਕੁੱਝ-ਕੁ ਸਿੱਖਾਂ ਨੂੰ ਨਾਲ ਲੈ ਕੇ, 11 ਹਾੜ ਸੰਮਤ 1732 (ਸੰਨ 1675 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਪਏ।

## ਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ:

ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ, ਗੁਰੂ ਤੇਗ ਬਹਾਦਰ ਸਾਹਿਬ ਜੀ ਕੀਰਤਪੁਰ ਸਾਹਿਬ, ਭਰਤਗੜ੍ਹ, ਰੋਪੜ, ਸੈਫ਼ਾਬਾਦ (ਹੁਣ ਬਹਾਦਰਗੜ੍ਹ, ਜ਼ਿਲ੍ਹਾ ਪਟਿਆਲਾ), ਪਟਿਆਲਾ, ਸਮਾਣਾ, ਚੀਕਾ, ਕੈਥੱਲ, ਧਮਤਾਨ ਸਾਹਿਬ, ਜੀਂਦ, ਲਾਖਨ ਮਾਜਰਾ ਤੇ ਰੋਹਤਕ ਹੁੰਦੇ ਹੋਏ, ਆਗਰੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ। ਗੁਰੂ ਸਾਹਿਬ ਜੀ ਨੂੰ ਆਗਰੇ ਵਿਖੇ ਗ੍ਰਿਫ਼ਤਾਰ ਕਰਕੇ, ਇੱਥੇ ਹੀ 9 ਦਿਨ ਨਜ਼ਰਬੰਦ ਕਰਕੇ ਰੱਖਿਆ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ "ਗੁਰੂ ਕਾ ਤਾਲ" ਸੁਭਾਇਮਾਨ ਹੈ। ਇੱਥੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਾਰੀ ਫੌਜ ਦੀ ਨਿਗਰਾਨੀ ਹੇਠ, ਦਿੱਲੀ ਵਿਖੇ ਲਿਆਂਦਾ ਗਿਆ।

ਕੁੱਝ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਤਿੰਨਾਂ ਸਿੱਖਾਂ (ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ) ਨੂੰ ਰੋਪੜ ਦੇ ਨੇੜੇ ਮਲਕਪੁਰ ਰੰਘੜਾ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਕੁੱਝ ਦਿਨ ਸਰਹੰਦ ਦੇ ਸੂਬੇਦਾਰ ਕੋਲ ਕੈਦ 'ਚ ਰੱਖਣ ਤੋਂ ਬਾਅਦ, ਬੱਸੀ ਪਠਾਣਾਂ ਦੀ ਜੇਲ੍ਹ 'ਚ ਕੈਦ ਕਰ ਦਿੱਤਾ ਗਿਆ। ਚਾਰ ਮਹੀਨੇ ਕੈਦ 'ਚ ਰੱਖਣ ਤੋਂ ਬਾਅਦ, ਗੁਰੂ ਸਾਹਿਬ ਜੀ ਨੂੰ ਲੋਹੇ ਦੇ ਪਿੰਜਰੇ 'ਚ ਬੰਦ ਕਰਕੇ, ਭਾਰੀ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਦਿੱਲੀ ਲਿਆਂਦਾ ਗਿਆ, ਤਾਂ ਔਰੰਗਜ਼ੇਬ ਦਿੱਲੀ 'ਚ ਨਹੀਂ ਸੀ। ਉਹ ਹਸਨ ਅਬਦਾਲ ਦੇ ਇਲਾਕੇ 'ਚ ਗਿਆ ਹੋਇਆ ਸੀ। ਔਰੰਗਜ਼ੇਬ ਦੇ ਹੁਕਮ ਅਨੁਸਾਰ, ਦਿੱਲੀ ਦੇ ਸ਼ਾਹੀ ਕਾਜ਼ੀ ਅਬਦੁੱਲ ਵਹਾਬ ਵੱਲੋਂ ਗੁਰੂ ਸਾਹਿਬ ਜੀ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਨਹੀਂ ਤਾਂ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਗੁਰੂ ਸਾਹਿਬ ਜੀ ਨੂੰ ਇਹ ਵੀ ਕਿਹਾ ਗਿਆ ਕਿ ਸਿਆਣਪ ਇਸੇ ਵਿਚ ਹੁੰਦੀ ਹੈ ਕਿ ਸਮੇਂ ਦੀ ਹਕੂਮਤ ਦੀ "ਹਾਂ" ਵਿਚ "ਹਾਂ" ਮਿਲਾ ਕੇ ਸੁੱਖ ਭੋਗੇ ਜਾਣ। ਸਿਆਣੇ ਲੋਕ ਸਮੇਂ ਦੀਆਂ ਹਕੂਮਤਾਂ ਦਾ ਪੱਖ ਲੈਂਦੇ ਹਨ ਅਤੇ ਉਨ੍ਹਾਂ ਖ਼ਿਲਾਫ਼ ਨਹੀਂ ਅੜਦੇ। ਤੁਸੀਂ ਵੀ ਔਰੰਗਜ਼ੇਬ ਦੇ ਕਹੇ ਅਨੁਸਾਰ ਚੱਲ ਕੇ ਦੁਨਿਆਵੀ ਸੁੱਖ ਭੋਗ ਸਕਦੇ ਹੋ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੱਗੋਂ ਜੁਆਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ, ਧਰਮ ਤਿਆਗਣਾ ਤਾਂ ਬਹੁਤ ਦੂਰ ਦੀ ਗੱਲ ਹੈ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਦੁਨਿਆਵੀ ਸੁੱਖ ਤਾਂ ਸੁਪਨੇ ਦੀ ਨਿਆਈਂ ਹਨ, ਪਲਾਂ ਵਿਚ ਹੀ ਖ਼ਤਮ ਹੋ ਜਾਂਦੇ ਹਨ। ਜਿਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ, ਕਰਾਮਾਤ ਤਾਂ ਕਹਿਰ ਦਾ ਨਾਮ ਹੈ। ਕਰਾਮਾਤ ਦਿਖਾਉਣੀ, ਉਸ ਅਕਾਲਪੁਰਖੁ ਦੀ ਰਜ਼ਾ ਤੋਂ ਮੁਨਕਰ ਹੋਣ ਸਮਾਨ ਹੈ ਅਤੇ ਗੁਰਮਤਿ ਆਸ਼ੇ ਦੇ ਉਲਟ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ। ਰਹੀ ਗੱਲ ਮੌਤ ਨੂੰ ਕਬੂਲ ਕਰਨ ਦੀ, ਤਾਂ ਮੌਤ ਤੋਂ ਤਾਂ ਅੱਜ ਤੱਕ ਨਾ ਅਸੀਂ ਕਦੇ ਡਰੇ ਹਾਂ ਤੇ ਨਾ ਹੀ ਕਦੇ ਡਰਾਂਗੇ। ਧਰਮ ਦੀ ਰੱਖਿਆ ਕਰਨ ਖ਼ਾਤਰ ਤੇ ਜ਼ੁਲਮ ਨੂੰ ਮਿਟਾਉਣ ਲਈ, ਆਪਣੀ ਸ਼ਹਾਦਤ ਵੀ ਦੇਣੀ ਪਈ, ਤਾਂ ਵੀ ਅਸੀਂ ਕਦੇ ਪਿੱਛੇ ਨਹੀਂ ਹਟਾਂਗੇ।

ਗੁਰੂ ਤੇਗ ਬਹਾਦਰ ਜੀ ਪਾਸੋਂ ਇਹ ਗੱਲ ਸੁਣ ਕੇ, ਮੁਗਲ ਹਕੂਮਤ ਨੇ ਕਾਜ਼ੀ ਦੀ ਸਲਾਹ ਨਾਲ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਜੀ ਨੂੰ ਪਿੰਜਰੇ 'ਚ ਕੈਦ ਕਰ ਦਿੱਤਾ ਗਿਆ। ਪਿੰਜਰਾ ਵੀ ਇਹੋ ਜਿਹਾ, ਜਿਸ ਵਿਚ ਨਾ ਤਾਂ ਖੜ੍ਹਾ ਹੋਇਆ ਜਾ ਸਕਦਾ ਸੀ ਤੇ ਨਾ ਹੀ ਲੇਟਿਆ ਜਾ ਸਕਦਾ ਸੀ। ਸ਼ਹੀਦ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਜੀ ਨੂੰ ਲਾਲਚ, ਡਰ ਤੇ ਭਾਰੀ ਤਸੀਹੇ ਦਿੱਤੇ ਗਏ, ਤਾਂ ਜੋ ਉਹ ਆਪਣਾ ਫੈਸਲਾ ਬਦਲ ਲੈਣ ਤੇ ਇਸਲਾਮ ਕਬੂਲ ਕਰ ਲੈਣ। ਪਰ, ਗੁਰੂ ਸਾਹਿਬ ਜੀ ਆਪਣੇ ਫ਼ੈਸਲੇ 'ਤੇ ਅਡਿੱਗ ਸਨ।

ਮੁਗਲ ਹਕੂਮਤ ਵੱਲੋਂ, ਮਿਤੀ 11 ਨਵੰਬਰ ਸੰਨ 1675 ਵਾਲੇ ਦਿਨ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਔਰੰਗਜ਼ੇਬ ਵੱਲੋਂ ਆਮ ਲੋਕਾਂ ਅੰਦਰ ਡਰ ਤੇ ਖ਼ੌਫ਼ ਦਾ ਮਾਹੌਲ ਪੈਦਾ ਕਰਨ ਲਈ, ਸਾਰੇ ਸ਼ਹਿਰ ਅੰਦਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਸੰਬੰਧੀ ਮੁਨਾਦੀ ਕਰਵਾਈ ਗਈ, ਤਾਂ ਜੋ ਉਸ ਦਿਨ ਵੱਧ ਤੋਂ ਵੱਧ ਲੋਕ ਆ ਕੇ ਆਪਣੀਆਂ ਅੱਖਾਂ ਨਾਲ ਦੇਖ ਲੈਣ ਕਿ ਇਸਲਾਮ ਕਬੂਲ ਨਾ ਕਰਕੇ, ਔਰੰਗਜ਼ੇਬ ਦੀ ਗੱਲ ਨਾ ਮੰਨਣ ਦਾ ਕੀ ਹਸ਼ਰ ਹੁੰਦਾ ਹੈ। ਹੁਕਮ ਅਦੂਲੀ ਕਰਨ ਵਾਲਿਆਂ ਨੂੰ ਕਿਵੇਂ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਉਸ ਦਿਨ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ 'ਚ, ਦੇਖਣ ਵਾਲਿਆਂ ਦੀ ਭਾਰੀ ਭੀੜ ਜਮ੍ਹਾਂ ਸੀ। ਜਿਸ 'ਚ ਹਿੰਦੂ ਤੇ ਮੁਸਲਮਾਨ ਦੋਵੇਂ ਵੱਡੀ ਗਿਣਤੀ 'ਚ ਮੌਜੂਦ ਸਨ। ਗੁਰੂ ਸਾਹਿਬ ਜੀ ਨੂੰ ਭਿਆਨਕ ਮੌਤ ਦਾ ਡਰਾਵਾ ਦੇਣ ਲਈ, ਇੱਕ ਵਿਉਂਤ ਬਣਾਈ ਗਈ ਸੀ ਤੇ ਫ਼ੈਸਲਾ ਕੀਤਾ ਗਿਆ ਸੀ ਕਿ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਜੀ ਦੇ ਪਿਆਰੇ ਕੁੱਝ ਸਿੱਖਾਂ ਨੂੰ ਤਸੀਹੇ ਦੇ-ਦੇ ਕੇ, ਗੁਰੂ ਸਾਹਿਬ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਵੇ। ਇੰਝ ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖ ਕੇ ਡੋਲ ਜਾਣਗੇ ਤੇ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਣਗੇ।

ਮਿਤੀ 11 ਨਵੰਬਰ ਸੰਨ 1675 ਈ. ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕੋਤਵਾਲੀ ਤੋਂ ਬਾਹਰ ਲਿਆ ਕੇ, ਇੱਕ ਰੁੱਖ ਹੇਠ ਬਿਠਾ ਦਿੱਤਾ ਗਿਆ ਅਤੇ ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਲਿਆਂਦਾ ਗਿਆ। ਭਾਈ ਮਤੀ ਦਾਸ ਜੀ ਨੂੰ ਹੱਥਕੜੀਆਂ ਤੇ ਬੇੜੀਆਂ ਨਾਲ ਬੰਨ੍ਹਿਆ ਹੋਇਆ ਸੀ। ਕਾਜ਼ੀ ਨੇ ਭਾਈ ਮਤੀ ਦਾਸ ਜੀ ਨੂੰ ਕਿਹਾ ਕਿ ਇਸਲਾਮ ਕਬੂਲ ਕਰ ਲਓ, ਨਹੀਂ ਤਾਂ ਆਰੇ ਨਾਲ ਸਰੀਰ ਚੀਰ ਕੇ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ। ਭਾਈ ਮਤੀ ਦਾਸ ਜੀ ਨੇ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਮਤੀ ਦਾਸ ਜੀ ਪਾਸੋਂ ਆਖ਼ਰੀ ਖਾਹਿਸ਼ ਪੁੱਛੀ, ਤਾਂ ਆਪ ਜੀ ਨੇ ਕਿਹਾ ਕਿ ਜਦੋਂ ਮੇਰਾ ਸਰੀਰ ਚੀਰਿਆ ਜਾਵੇ, ਤਾਂ ਮੇਰਾ ਮੁੱਖ ਮੇਰੇ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਹੋਵੇ। ਜ਼ਲਾਦਾਂ ਨੇ ਭਾਈ ਮਤੀ ਦਾਸ ਜੀ ਨੂੰ ਲੱਕੜੀ ਦੇ ਮੋਟੇ-ਮੋਟੇ ਫੱਟਿਆਂ 'ਚ ਜਕੜ ਕੇ ਬੰਨ੍ਹ ਦਿੱਤਾ, ਤਾਂ ਜੋ ਉਹ ਹਿਲਜੁੱਲ ਨਾ ਸੱਕਣ। ਭਾਈ ਮਤੀ ਦਾਸ ਜੀ ਦਾ ਮੁੱਖ ਗੁਰੂ ਸਾਹਿਬ ਜੀ ਵੱਲ ਕਰ ਦਿੱਤਾ ਗਿਆ। ਜ਼ਲਾਦਾਂ ਨੇ ਭਾਈ ਮਤੀ ਦਾਸ ਜੀ ਦੇ ਸੀਸ 'ਤੇ ਆਰਾ ਰੱਖ ਕੇ ਚਲਾਉਣਾ ਸ਼ੁਰੂ ਕੀਤਾ ਤਾਂ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਦੇਖਦਿਆਂ-ਦੇਖਦਿਆਂ ਹੀ ਭਾਈ ਮਤੀ ਦਾਸ ਜੀ ਦਾ ਸਰੀਰ ਦੋ-ਫਾੜ ਹੋ ਗਿਆ ਅਤੇ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦੇ ਪਾਠ ਦੀ ਸੰਪੂਰਨਤਾ ਕਰਕੇ, ਆਪਣੇ ਸੁਆਸ ਤਿਆਗ ਦਿੱਤੇ। ਇਸ ਦੌਰਾਨ, ਗੁਰੂ ਸਾਹਿਬ ਜੀ ਸ਼ਾਂਤ ਚਿੱਤ ਹੋ ਕੇ ਅਡੋਲ ਬੈਠੇ ਰਹੇ।

■ ਬਾਕੀ ਅਗਲੇ ਅੰਕ 'ਚ

# ਪੰਜਾਬ ਉਦਾਸ ਹੈ ਕਿਉਂਕਿ.........

ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋਬ : 94631-32719
ਪੰਜਾਬ ਮੇਲ USA

ਅੱਜ ਪੰਜਾਬ ਉਦਾਸ ਹੈ। ਪੰਜਾਬ ਦੀ ਉਦਾਸੀ ਦਾ ਕਾਰਨ ਉਸ ਦੇ ਆਪਣਿਆਂ ਵੱਲੋਂ ਪਿਛਲੇ ਸਮੇਂ ਤੋਂ ਕੀਤਾ ਜਾ ਰਿਹਾ ਉਹ ਵਿਹਾਰ ਹੈ, ਜਿਹੜਾ ਉਸ ਦੀ ਇੱਜ਼ਤ-ਆਬਰੂ ਅਤੇ ਹੋਂਦ ਲਈ ਹਮੇਸ਼ਾਂ ਹੀ ਖ਼ਤਰਨਾਕ ਸਾਬਿਤ ਹੁੰਦਾ ਆ ਰਿਹਾ ਹੈ ਅਤੇ ਅੱਜ ਵੀ ਹੋਈ ਜਾ ਰਿਹਾ ਹੈ।

1947 ਦੇ ਸਮੇਂ ਕੁੱਝ ਕੁ ਰਾਜਨੀਤੀਵਾਨਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖ਼ਾਤਿਰ ਪੰਜਾਬ ਦੀ ਧਰਤੀ ਨੂੰ ਲਹੂ-ਲੁਹਾਨ ਕੀਤਾ ਸੀ ਅਤੇ ਆਪਣਿਆਂ ਨੂੰ ਆਪਣਿਆਂ (ਧਰਮ ਅਤੇ ਇਲਾਕੇ ਦੇ ਨਾਂਅ 'ਤੇ) ਤੋਂ ਤੋੜਨ ਅਤੇ ਵਿਛੋੜਨ ਦਾ ਕੋਝਾ ਜਤਨ ਕੀਤਾ ਸੀ। ਇਸ ਸਾਲ ਕ੍ਰਿਸ਼ਨ, ਮੁਹੰਮਦ ਤੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਇਸ ਦੇ ਪੰਜ ਆਬਾਂ ਵਿਚ ਨਫ਼ਰਤ ਦਾ ਜ਼ਹਿਰ ਘੋਲ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਭੂਗੋਲਿਕ ਕਲਾਵੇ ਨੂੰ ਛੋਟਾ ਕਰ ਦਿੱਤਾ ਗਿਆ ਸੀ। ਇਸ ਚੰਦਰੀ ਘੜੀ ਮਨੁੱਖਤਾ ਦੇ ਹੋਏ ਘਾਣ ਨੂੰ ਦੇਖ ਕੇ ਪੰਜਾਬ ਲਹੂ ਦੇ ਅੱਥਰੂ ਰੋ ਰਿਹਾ ਸੀ ਪਰ ਰਾਜਨੀਤਿਕ ਲੋਕ ਰਾਜਸੀ ਲਾਹਾ ਲੈ ਰਹੇ ਸਨ। ਪੰਜਾਬ ਦੀ ਖੁਸ਼ਹਾਲੀ ਅਤੇ ਹਰਿਆਲੀ ਦਾ ਦਮ ਭਰਨ ਵਾਲੇ ਪੰਜਾਬ ਵਿਚਲੇ ਪੰਜਾਂ ਦਰਿਆਵਾਂ ਦਾ ਪਾਣੀ ਸੁੰਗੜ ਕੇ ਦੋ ਵੱਖਰੀਆਂ ਧਰਾਵਾਂ 'ਚ ਵਹਿਣ ਲੱਗਾ। ਇਕ ਧਾਰਾ ਪੱਛਮ ਵਿਚ ਵਹਿਣ ਲੱਗੀ ਅਤੇ ਦੂਸਰੀ ਪੂਰਬ ਵਿਚ।



ਇਸ ਵਖਰੇਵੇਂ ਅਤੇ ਸੁੰਗਰੇਵੇਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਸੀ ਕਿ ਤਕਰੀਬਨ ਦੋ ਦਹਾਕਿਆਂ (1 ਨਵੰਬਰ 1966 ਵਿਚ) ਬਾਅਦ ਇਸ ਨੂੰ ਭਾਸ਼ਾਈ ਆਧਾਰ 'ਤੇ ਹੋਰ ਛਾਂਗ ਦਿੱਤਾ ਗਿਆ। ਪੰਜਾਬੀ ਸੂਬੇ ਦੇ ਨਾਮ 'ਤੇ ਪੰਜਾਬੀਅਤ ਦੇ ਵਿਹੜੇ ਵਿਚ ਵਿੱਥ ਦੀਆਂ ਦੋ ਹੋਰ ਲਕੀਰਾਂ ਖਿੱਚ ਕੇ ਦੋ ਹੋਰ ਸੂਬੇ ਹਰਿਆਣਾ ਅਤੇ ਹਿਮਾਚਲ ਤਿਆਰ ਕਰ ਦਿੱਤੇ ਗਏ। ਇੱਕ ਕੁੱਖ ਵਿਚੋਂ ਜਨਮ ਲੈ ਕੇ ਸੱਭਿਆਚਾਰਕ ਸਾਂਝ ਰੱਖਣ ਦੇ ਬਾਵਜੂਦ ਵੀ ਇਹ ਸੂਬੇ ਕਈ ਵਾਰ ਆਪਸ ਵਿਚ ਇੱਟ-ਖੜੱਕਾ ਲਗਾਈ ਰੱਖਦੇ ਹਨ।

ਸਿਰਫ਼ ਭੂਗੋਲਿਕ ਦੁਖ ਕਾਰਨ ਹੀ ਨਹੀਂ, ਸਗੋਂ ਪੰਜਾਬ ਆਪਣੇ ਰਹਿਤਲ ਵਿਚ ਆਏ ਕੁੱਝ ਨਾਂਹ-ਪੱਖੀ ਰੁਝਾਨਾਂ ਕਾਰਨ ਵੀ ਅੱਖਾਂ ਭਰ ਲੈਂਦਾ ਹੈ। ਦੁੱਧ, ਘਿਓ ਅਤੇ ਮੱਖਣੀਆਂ ਦੇ ਸ਼ੌਕੀਨ ਪੰਜਾਬੀ ਹੁਣ ਛੇਵੇਂ ਦਰਿਆ (ਨਸ਼ਿਆਂ) ਦੇ ਵਹਿਣ ਵਿਚ ਵਹੀ ਜਾ ਰਹੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵਾਂ ਕਾਰਨ ਕਈ ਤਾਂ ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਤੋਂ ਵੀ ਹੱਥ ਧੋਈ ਜਾ ਰਹੇ ਹਨ। ਮੱਲ ਅਖਾੜਿਆਂ ਵਿਚ ਮੱਲ੍ਹਾਂ ਮਾਰਨ ਵਾਲੇ ਪੰਜਾਬੀ ਗੱਭਰੂਆਂ ਦੀ ਦਿਨ-ਬ-ਦਿਨ ਨਿਘਰਦੀ ਜਾ ਰਹੀ ਹਾਲਤ ਨੂੰ ਦੇਖ ਪੰਜਾਬ ਸੱਚ-ਮੁੱਚ ਹੀ ਅੰਦਰੋਂ-ਬਾਹਰੋਂ ਦੁਖੀ ਹੈ। ਇਕ ਹਾਸੋਹੀਣੀ ਗੱਲ ਹੋਰ ਵੀ ਹੈ, ਜਿਹੜੀ ਪੰਜਾਬ ਨੂੰ ਵਧੇਰੇ ਝੰਜੋੜਦੀ ਹੈ ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਮੋੜ-ਚੌਰਾਹਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਵਾਲੇ ਲੋਕ ਹੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਬਾਤਾਂ ਪਾ ਰਹੇ ਹਨ ਅਤੇ ਕੁੱਝ ਝੋਲੀ-ਚੁੱਕ ਕਿਸਮ ਦੇ ਲੋਕ ਉਨ੍ਹਾਂ ਦੀਆਂ ਬਾਤਾਂ ਦਾ ਹੁੰਗਾਰਾ ਉਤਲੇ ਮਨੋਂ ਹੀ ਭਰੀ ਜਾ ਰਹੇ। ਇਹ ਲੋਕ ਵਿਦਿਆਲਿਆਂ-ਮਹਾਂਵਿਦਿਆਲਿਆਂ ਦੇ ਵਿਦਿਆਰਥੀਆਂ ਦੇ ਹੱਥਾਂ ਵਿਚ ਬੈਨਰ ਫੜ੍ਹਾ ਕੇ ਨਸ਼ਿਆਂ ਦੇ ਖਿਲਾਫ਼ ਰੈਲੀਆਂ ਤਾਂ ਕੱਢਵਾਈ ਜਾ ਰਹੇ ਹਨ ਪਰ ਬਿਮਾਰੀ ਦੇ ਅਸਲ ਕਾਰਨਾਂ ਨੂੰ ਹਟਾਉਣ ਲਈ ਪੂਰੀ ਤਰ੍ਹਾਂ ਸੁਹਿਰਦ ਦਿਖਾਈ ਨਹੀਂ ਦਿੰਦੇ। ਪੰਜਾਬ ਨੂੰ ਪਤਾ ਹੈ ਕਿ ਚੋਰ ਚੋਰ ਕਹਿ ਕੇ ਬਹੁਤਾ ਰੌਲਾ ਪਾਉਣ ਵਾਲੇ ਇਹ ਲੋਕ ਅੰਦਰੋਂ ਚੋਰ ਦੀ ਮਾਂ ਦੇ ਹੀ ਹਿੱਤ ਪਾਲ ਰਹੇ ਹਨ ਅਤੇ ਆਮ ਲੋਕਾਂ ਦੇ ਅੱਖੀਂ ਘੱਟਾ ਪਾਈ ਜਾ ਰਹੇ ਹਨ।

ਪੰਜਾਬ ਸਿਰਫ ਆਪਣੇ ਜਾਏ ਗੱਭਰੂਆਂ ਦੇ ਨਸ਼ੀਲੇਪਨ ਦੇ ਰੁਝਾਨ ਕਾਰਨ ਹੀ ਉਦਾਸ ਨਹੀਂ, ਸਗੋਂ ਉਹ ਆਪਣੀਆਂ ਮੁਟਿਆਰਾਂ ਵਿਚ ਆ ਰਹੇ ਨਾਕਾਰਾਤਮਕ ਬਦਲਾਵਾਂ ਕਾਰਨ ਵੀ ਦੁਖੀ ਨਜ਼ਰ ਆ ਰਿਹਾ ਹੈ। ਚਰਖੇ 'ਤੇ ਤੰਦ ਪਾ ਕੇ ਤ੍ਰਿੰਝਣਾਂ ਦੀ ਰੌਣਕ ਵਧਾਉਣ ਵਾਲੀਆਂ ਮੁਟਿਆਰਾਂ ਨਾ ਸਿਰਫ਼ ਕੱਤਣਾ ਹੀ ਭੁੱਲਦੀਆਂ ਜਾ ਰਹੀਆਂ ਹਨ, ਸਗੋਂ ਲੁਧਿਆਣੇ ਨੱਚ ਕੇ ਜਲੰਧਰ ਤੱਕ ਧਮਕ ਪਹੁੰਚਾਉਣ ਦਾ ਹੁਨਰ ਵੀ ਗਵਾਈ ਜਾ ਰਹੀਆਂ ਹਨ। ਇਸ ਹੁਨਰ ਦੀ ਝਲਕ ਯੂਥ-ਫੈਸਟੀਵਲਾਂ ਦੇ ਮੌਕੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਉਪਰ ਤਾਂ ਦੇਖਣ ਨੂੰ ਮਿਲ ਜਾਂਦੀ ਹੈ ਪਰ ਗਿੱਧੇ ਦੇ ਖੁੱਲ੍ਹਿਆਂ ਪਿੜਾਂ ਵਿਚ ਅਲੋਪ ਹੋ ਗਈ ਹੈ।

ਜਿਸ ਪੰਜਾਬ ਵਿਚ ਕਿਸੇ ਕੁੜੀ ਦੇ ਸਿਰ ਤੋਂ ਚੁੰਨੀ ਲਹਿ ਜਾਣ ਨੂੰ ਕਿਸੇ ਮਾਣ-ਮਰਿਯਾਦਾ ਦੀ ਉਲੰਘਣਾ ਸਮਝਿਆ ਜਾਂਦਾ ਸੀ, ਉਸੇ ਪੰਜਾਬ ਵਿਚ ਔਰਤਾਂ ਦਾ ਕੱਜਣ ਦਿਨੋਂ-ਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਫ਼ੈਸ਼ਨਪ੍ਰਸਤੀ ਦੇ ਨਾਮ ਉਪਰ ਸ਼ਰਮ-ਹਯਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਮੁਹੱਬਤਾਂ ਦੇ ਮੌਸਮ ਵਾਲੇ ਪੰਜਾਬ ਵਿਚੋਂ ਅਪਣਤ ਘੱਟ ਰਹੀ ਹੈ ਅਤੇ ਬੇਗਾਨਗੀ ਦੀਆਂ ਕੰਧਾਂ ਉਸਰ ਰਹੀਆਂ ਹਨ। ਪਦਾਰਥਵਾਦੀ ਪਹੁੰਚ ਕਾਰਨ ਇਹ ਕੰਧਾਂ ਹੋਰ ਵੀ ਉੱਚੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸੀ ਰਿਸ਼ਤਿਆਂ ਵਿਚਲੀ ਰੂਹ ਮਰ ਰਹੀ ਹੈ, ਜਿਸ ਕਾਰਨ ਮੇਲ-ਮਿਲਾਪ ਦੇ ਮੌਕੇ ਘੱਟ ਰਹੇ ਹਨ। ਇਨ੍ਹਾਂ ਮਾਇਨਸ ਹੁੰਦੇ ਜਾ ਰਹੇ ਮੌਕਿਆਂ ਉਪਰ ਜਦੋਂ ਕੋਈ ਗ਼ਿਲਾ-ਸ਼ਿਕਵਾ ਕਰਦਾ ਹੈ, ਤਾਂ ਇਸ ਨੂੰ ਸਮੇਂ ਦੀ ਘਾਟ ਕਹਿ ਕੇ ਸੁਰਖ਼ਰੂ ਹੋਇਆ ਜਾਂਦਾ ਹੈ। ਇੱਕ-ਦੂਜੇ ਦੇ ਦੁੱਖ-ਸੁੱਖ ਦੀ ਭਾਈਵਾਲੀ ਹੁਣ ਰਸਮੀ ਜਿਹੀ ਹੋ ਕੇ ਰਹਿ ਗਈ ਹੈ।

ਪੰਜਾਬ ਇਸ ਕਰਕੇ ਵੀ ਉਦਾਸ ਹੈ ਕਿਉਂਕਿ ਮਸ਼ੀਨੀਕਰਨ ਦੇ ਬੋਲਬਾਲੇ ਨੇ ਇਸ ਦੇ ਵਿਰਸੇ ਨੂੰ ਵੱਡੀ ਢਾਹ ਲਗਾਈ ਹੈ ਅਤੇ ਕਈ ਵਿਰਾਸਤੀ ਚਿੰਨ੍ਹਾਂ ਦਾ ਖ਼ਾਤਮਾ ਕਰ ਦਿੱਤਾ ਹੈ। ਪੰਜਾਬ ਦਾ ਅਮੀਰ ਵਿਰਸਾ ਹੁਣ ਸਿਰਫ ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਦਾ ਜਾਂ ਫਿਰ ਅਜਾਇਬ-ਘਰਾਂ ਦਾ ਹੀ ਸ਼ਿੰਗਾਰ ਬਣ ਕੇ ਰਹਿ ਗਿਆ ਹੈ।

ਆਉ! ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ ਆਪਾਂ ਸਾਰੇ ਪੰਜਾਬ ਦੀ ਉਦਾਸੀ ਦੇ ਕਾਰਨਾਂ ਨੂੰ ਜਾਣੀਏਂ ਅਤੇ ਇਸ ਦੀ ਖੁਸ਼ਹਾਲੀ ਲਈ ਆਪਣਾ ਬਣਦਾ ਯੋਗਦਾਨ ਪਾਈਏ।

# ਮਲਟਨੋਮਾ ਝਰਨੇ ਦਾ ਦਿਲਕਸ਼ ਨਜ਼ਾਰਾ

*ਇਸ ਝਰਨੇ ਦੀ ਕੁੱਲ ਉਚਾਈ 620 ਫੁੱਟ ਹੈ, ਜਿਸ ਵਿਚੋਂ ਉਪਰਲੀ ਪਹਾੜੀ 540 ਫੁੱਟ ਅਤੇ ਥੱਲੇ ਵਾਲੀ 80 ਫੁੱਟ ਹੈ। ਇਹ ਝਰਨਾ ਦੋ ਭਾਗਾਂ ਵਿਚ ਵੰਡਿਆ ਹੋਣ ਕਰਕੇ ਉਪਰਲੇ ਹਿੱਸੇ ਦਾ ਅਨੰਦ ਮਾਨਣ ਲਈ ਥੱਲੇ ਵਾਲੇ ਹਿੱਸੇ 'ਤੇ 1914 ਵਿਚ ਇੱਕ ਪੁਲ ਬਣਾਇਆ ਗਿਆ ਸੀ। ਇਸ ਪੁਲ 'ਤੇ ਜ਼ਿਆਦਾਤਰ ਲੋਕ ਫੋਟੋਗ੍ਰਾਫੀ ਕਰਦੇ ਹਨ।*

ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ
(ਅਮਰੀਕਾ)
ਫੋਨ: +1-360-448-1989

ਪੰਜਾਬ ਮੇਲ USA

ਅਮਰੀਕਾ ਦੀ ਗਰੀਨ ਸਟੇਟ ਓਰੇਗਨ ਦੇ ਪ੍ਰਸਿੱਧ ਸ਼ਹਿਰ ਪੋਰਟਲੈਂਡ ਦੇ ਪੂਰਬ ਵਾਲੇ ਪਾਸੇ ਸ਼ਹਿਰ ਤੋਂ ਤੀਹ ਕੁ ਮੀਲ ਦੀ ਦੂਰੀ 'ਤੇ ਇੱਕ ਮਲਟਨੋਮਾ ਝਰਨਾ ਹੈ, ਜਿਸਨੂੰ ਵੇਖਣ ਲਈ ਸਾਲ ਵਿਚ ਦੋ ਮਿਲੀਅਨ ਦੇ ਕਰੀਬ ਲੋਕ ਪਹੁੰਚਦੇ ਹਨ। ਇਸ ਸਟੇਟ ਵਿਚ ਹੋਰ ਵੀ ਬਹੁਤ ਸਾਰੇ ਕੁਦਰਤੀ ਝਰਨੇ ਫੁੱਟਦੇ ਹਨ ਪਰ ਇਹ ਇਸ ਸਟੇਟ ਦਾ ਸਭ ਤੋਂ ਉੱਚਾ ਝਰਨਾ ਹੈ, ਜੋ ਕਿ ਕੁਦਰਤੀ ਤੌਰ 'ਤੇ ਵੱਖਰਾ ਹੀ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਸ ਝਰਨੇ ਦੀ ਕੁੱਲ ਉਚਾਈ 620 ਫੁੱਟ ਹੈ, ਜਿਸ ਵਿਚੋਂ ਉਪਰਲੀ ਪਹਾੜੀ 540 ਫੁੱਟ ਅਤੇ ਥੱਲੇ ਵਾਲੀ 80 ਫੁੱਟ ਹੈ। ਇਹ ਝਰਨਾ ਦੋ ਭਾਗਾਂ ਵਿਚ ਵੰਡਿਆ ਹੋਣ ਕਰਕੇ ਉਪਰਲੇ ਹਿੱਸੇ ਦਾ ਅਨੰਦ ਮਾਨਣ ਲਈ ਥੱਲੇ ਵਾਲੇ ਹਿੱਸੇ 'ਤੇ 1914 ਵਿਚ ਇੱਕ ਪੁਲ ਬਣਾਇਆ ਗਿਆ ਸੀ। ਇਸ ਪੁਲ 'ਤੇ ਜ਼ਿਆਦਾਤਰ ਲੋਕ ਫੋਟੋਗ੍ਰਾਫੀ ਕਰਦੇ ਹਨ। ਸਾਲ 1995 ਵਿਚ ਪਹਾੜੀ ਦੇ ਉਪਰੋਂ ਤਕਰੀਬਨ 400 ਟਨ ਦਾ ਇੱਕ ਪੱਥਰ ਡਿੱਗਿਆ ਸੀ, ਜੋ ਕਿ ਝਰਨੇ ਦੇ ਉਪਰਲੇ ਭਾਗ ਵਿਚ ਹੀ ਰਹਿ ਗਿਆ ਸੀ। ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਇਹ ਝਰਨਾ ਕੋਲੰਬੀਆ ਨਦੀ ਦੇ ਨਾਲ ਹੀ ਹੈ। ਇਸਦੀ ਸਾਂਭ-ਸੰਭਾਲ ਦਾ ਕੰਮ ਜੰਗਲਾਤ ਵਿਭਾਗ ਵਲੋਂ ਕੀਤਾ ਜਾਂਦਾ ਹੈ।



ਮੇਰੇ ਡਾਕਟਰ ਪੁੱਤਰ ਅਤੇ ਨੂੰਹ ਅੱਜਕੱਲ੍ਹ ਪੋਰਟਲੈਂਡ ਸ਼ਹਿਰ ਦੇ ਹਸਪਤਾਲ ਵਿਚ ਸੇਵਾਵਾਂ ਨਿਭਾਅ ਰਹੇ ਹਨ। ਮੇਰੀ ਪਤਨੀ ਵੀ ਉਨ੍ਹਾਂ ਦੇ ਨਾਲ ਰਹਿਕੇ ਪੋਤੇ ਨੂੰ ਸੰਭਾਲਦੀ ਹੀ ਨਹੀਂ, ਸਗੋਂ ਪੰਜਾਬੀ ਸਿਖਾਕੇ ਉਸਦਾ ਮੋਹ ਮਾਂ ਬੋਲੀ ਨਾਲ ਪੁਆ ਰਹੀ ਹੈ। ਇਸੇ ਕਰਕੇ ਪੋਤਾ ਪੰਜਾਬੀ ਪੂਰੇ ਜਲੌਅ ਨਾਲ ਬੋਲਦਾ ਹੈ। ਕੁੱਝ ਦਿਨ ਪਹਿਲਾਂ ਮੇਰੀ ਨੂੰਹ ਦੇ ਮਾਤਾ-ਪਿਤਾ ਨੇ ਕੈਲੀਫੋਰਨੀਆ ਦੇ ਸ਼ਹਿਰ ਰੋਜ਼ਵਿਲ ਤੋਂ ਪੋਰਟਲੈਂਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਅਕਸਰ ਹੀ ਯੂਬਾ ਸਿਟੀ ਤੋਂ ਪੋਰਟਲੈਂਡ ਨੂੰ ਟਰੱਕ ਰਾਹੀਂ ਲੋਡ੍ਹ ਲੈ ਕੇ ਜਾਂਦਾ ਹਾਂ। ਮੈਂ ਉਨ੍ਹਾਂ ਨੂੰ ਟਰੱਕ ਰਾਹੀਂ ਜਾਣ ਦੀ ਤਾਕੀਦ ਕੀਤੀ, ਪਹਿਲਾਂ ਤਾਂ ਉਹ ਘਬਰਾਹਟ ਜਿਹੀ ਵਿਚ ਸਨ ਪਰ ਮੇਰੇ ਜ਼ੋਰ ਪਾਉਣ 'ਤੇ ਉਨ੍ਹਾਂ ਨੇ ਮੇਰੀ ਬੇਨਤੀ ਨੂੰ ਸਵੀਕਾਰ ਕਰ ਲਿਆ। ਯੂਬਾ ਸਿਟੀ ਤੋਂ ਸਵੇਰੇ ਤੁਰਕੇ ਸ਼ਾਮ ਤੱਕ ਪੋਰਟਲੈਂਡ ਜਾਇਆ ਜਾਂਦਾ ਹੈ। ਅਸਲ ਗੱਲ ਇਹ ਸੀ ਕਿ ਉਨ੍ਹਾਂ ਨੇ ਪਹਿਲਾਂ ਕਦੀ ਟਰੱਕ ਵਿਚ ਬੈਠਕੇ ਨਹੀਂ ਸੀ ਵੇਖਿਆ ਪਰ ਜਦੋਂ ਉਹ ਟਰੱਕ ਵਿਚ ਸਵਾਰ ਹੋਏ, ਤਾਂ ਬੈਡ ਲੱਗਾ ਵੇਖਕੇ ਉਨ੍ਹਾਂ ਦਾ ਚਾਅ ਦੂੱਗਣਾ ਹੋ ਗਿਆ। ਰਸਤੇ ਵਿਚ ਪੈਂਦੇ ਪਹਾੜਾਂ ਨੂੰ ਵੇਖਕੇ ਉਹ ਬੜੇ ਹੀ ਖੁਸ਼ ਹੋਏ। ਰੁੱਖਾਂ ਨਾਲ ਸ਼ਿੰਗਾਰੇ ਪਹਾੜ ਬਹੁਤ ਹੀ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਅਸੀਂ ਰਸਤੇ ਵਿਚ ਦੋ-ਤਿੰਨ ਥਾਵਾਂ 'ਤੇ ਖਾਣ-ਪੀਣ ਲਈ ਰੁਕੇ। ਸ਼ਾਮ ਤੱਕ ਅਸੀਂ ਪੋਰਟਲੈਂਡ ਜਾ ਪਹੁੰਚੇ। ਉਨ੍ਹਾਂ ਲਈ ਇਹ ਸਫਰ ਬੜਾ ਸੁਖਾਵਾਂ ਰਿਹਾ, ਸ਼ਾਮ ਤੱਕ ਉਨ੍ਹਾਂ ਨੂੰ ਭੋਰਾ ਭਰ ਵੀ ਥਕਾਵਟ ਨਾ ਹੋਈ।

ਅਸੀਂ ਪੋਰਟਲੈਂਡ ਤਿੰਨ-ਚਾਰ ਦਿਨ ਰਹਿਣ ਦਾ ਪ੍ਰੋਗ੍ਰਾਮ ਬਣਾਕੇ ਗਏ ਸਾਂ, ਜਿਨ੍ਹਾਂ 'ਚੋਂ ਇੱਕ ਦਿਨ ਮਲਟਨੋਮਾ ਝਰਨਾ ਵੇਖਣ ਜਾਣਾ ਸੀ। ਅਸੀਂ ਸਵੇਰੇ ਦਸ ਕੁ ਵਜੇ ਹੀ ਘਰੋਂ ਰਵਾਨਾ ਹੋ ਗਏ ਤੇ ਘੰਟੇ ਕੁ ਵਿਚ ਹੀ ਇਸ ਸਥਾਨ 'ਤੇ ਪਹੁੰਚ ਗਏ। ਅਸੀਂ ਇੱਥੇ ਦੋ ਕੁ ਘੰਟੇ ਬਿਤਾਏ। ਵੱਖ-ਵੱਖ ਅੰਦਾਜ਼ ਵਿਚ ਸਾਰਿਆਂ ਨੇ ਫੋਟੋ ਖਿਚਵਾਈਆਂ। ਮੇਰੇ ਢਾਈ ਕੁ ਸਾਲ ਦੇ ਪੋਤੇ ਨੇ ਇਸ ਜਗ੍ਹਾ 'ਤੇ ਸਾਡੇ ਨਾਲੋਂ ਵੀ ਵੱਧ ਮਸਤੀ ਕੀਤੀ। ਇੱਥੇ ਇੱਕ ਗਿਫਟ ਸ਼ਾਪ ਹੈ, ਜਿਸਦੀ 100ਵੀਂ ਵਰ੍ਹੇਗੰਢ ਵੀ ਇਸ ਸਾਲ ਹੀ ਮਨਾਈ ਜਾ ਰਹੀ ਹੈ। ਇਸ ਝਰਨੇ ਦੇ ਕੋਲ ਹੀ ਰੇਲ ਦੀ ਪੱਟੜੀ ਹੈ। ਸਾਡੇ ਹੁੰਦਿਆਂ ਹੀ ਇੱਥੋਂ ਦੋ ਮਾਲ ਟਰੇਨਾਂ ਲੰਘੀਆਂ ਜਿਨ੍ਹਾਂ ਦੀ ਲੰਬਾਈ ਦੋ ਮੀਲ ਤੋਂ ਵੀ ਜ਼ਿਆਦਾ ਸੀ। ਅਸੀਂ ਪੋਰਟਲੈਂਡ ਦੀਆਂ ਕੁੱਝ ਹੋਰ ਥਾਵਾਂ ਵੇਖਣ ਲਈ ਜਾ ਰਹੇ ਸਾਂ, ਤਾਂ ਰਸਤੇ ਵਿਚ ਹੀ ਪੋਤੇ ਨੂੰ ਉਲਟੀਆਂ ਲੱਗ ਗਈਆਂ, ਜਿਸਦੀ ਵਜ੍ਹਾ ਨਾਲ ਸਾਨੂੰ ਛੇਤੀ ਘਰ ਆਉਣਾ ਪਿਆ। ਘਰ ਆਉਂਦਿਆਂ ਹੀ ਭਾਵੇਂ ਉਹ ਠੀਕ ਹੋ ਗਿਆ ਸੀ ਪਰ ਰਸਤੇ ਵਿਚ ਸਾਨੂੰ ਸਾਰਿਆਂ ਨੂੰ ਘਬਰਾਹਟ ਜ਼ਰੂਰ ਹੋ ਗਈ ਸੀ। ਜਿਨ੍ਹਾਂ ਨੂੰ ਵੀ ਪੋਰਟਲੈਂਡ ਜਾਣ ਦਾ ਮੌਕਾ ਮਿਲੇ, ਉਨ੍ਹਾਂ ਨੂੰ ਇਸ ਝਰਨੇ ਦੇ ਮਨਮੋਹਕ ਨਜ਼ਾਰਿਆਂ ਨੂੰ ਜ਼ਰੂਰ ਵੇਖ ਲੈਣਾ ਚਾਹੀਦਾ ਹੈ। ਨੱਠ-ਭੱਜ ਦੀ ਜ਼ਿੰਦਗੀ ਵਿਚ ਅਜਿਹੀਆਂ ਥਾਵਾਂ ਤੇ ਜਾਣ ਨਾਲ ਮੰਨ ਨੂੰ ਚੈਨ ਅਤੇ ਸਕੂਨ ਮਿਲਦਾ ਹੈ।

ਓਰੇਗਨ ਸਟੇਟ ਵਿਚ ਵਸਤਾਂ ਖਰੀਦਣ 'ਤੇ ਕੋਈ ਟੈਕਸ ਨਹੀਂ ਲੱਗਦਾ। ਇਹੋ ਕਾਰਣ ਹੈ ਕਿ ਨਾਲ ਲੱਗਦੀਆਂ ਸਟੇਟਾਂ ਦੇ ਕਈ ਲੋਕ ਵੀ ਇੱਥੇ ਸ਼ਾਪਿੰਗ ਕਰਨ ਆਉਂਦੇ ਹਨ। ਇਸੇ ਚਾਅ ਵਿਚ ਅਸੀਂ ਵੀ ਥੋੜੀ ਜਿਹੀ ਖਰੀਦਦਾਰੀ ਕੀਤੀ। ਚੌਥੇ-ਪੰਜਵੇਂ ਦਿਨ ਅਸੀਂ ਟਰੱਕ ਰਾਹੀਂ ਵਾਪਿਸ ਯੂਬਾ ਸਿਟੀ ਆ ਗਏ। ਰਸਤੇ ਵਿਚ ਦੁਬਾਰਾ ਉਨ੍ਹਾਂ ਹੀ ਦ੍ਰਿਸ਼ਾਂ ਦਾ ਆਨੰਦ ਮਾਣਿਆ, ਜਿਨ੍ਹਾਂ ਦਾ ਜਾਂਦੇ ਵਕਤ ਮਾਣਿਆ ਸੀ। ਮੇਰੀ ਨੂੰਹ ਦੇ ਮਾਤਾ-ਪਿਤਾ ਨੇ ਜਿੱਥੇ ਇਸ ਨਿੱਕੇ ਜਿਹੇ ਟੂਰ ਦੀ ਸ਼ਲਾਘਾ ਕੀਤੀ, ਉੱਥੇ ਮੇਰੇ ਸੇਫ ਟਰੱਕ ਚਲਾਉਣ ਦੇ ਅੰਦਾਜ਼ ਨੂੰ ਵੀ ਖੂਬ ਸਲਾਹਿਆ।

# ਸ੍ਰੀ ਗੁਰੂ ਹਰਿ ਰਾਏ ਜੀ

**ਮੁੱਢਲੀ ਜਾਣਕਾਰੀ**

**ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਏ ਜੀ ਦਾ ਜਨਮ ਮਾਘ ਸੁਦੀ 13, ਸੰਮਤ 1686 ਬਿਕ੍ਰਮੀ, ਭਾਵ 16 ਜਨਵਰੀ, 1630 ਈ., 19 ਮਾਘ ਸੰਮਤ ਨਾਨਕਸ਼ਾਹੀ 161**

ਸ੍ਰੀ ਕੀਰਤਪੁਰ ਸਾਹਿਬ ਵਿਖੇ ਪਿਤਾ ਬਾਬਾ ਗੁਰਦਿੱਤਾ ਜੀ ਤੇ ਮਾਤਾ ਸ੍ਰੀ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ ਬੰਦਗੀ ਵਿਚ ਲੱਗੇ ਰਹਿਣ ਵਾਲੇ ਸਬਰ-ਸੰਤੋਖ ਦੇ ਮਾਲਕ ਸਨ। ਆਪ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਸਦਾ ਉਨ੍ਹਾਂ ਦੀ ਹਜ਼ੂਰੀ ਵਿਚ ਰਹਿੰਦੇ ਸਨ।

ਸ੍ਰੀ ਗੁਰੂ ਹਰਿ ਰਾਏ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ। ਆਪ ਇੱਕ ਵਾਰ ਆਪਣੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਬਾਗ ਵਿਚ ਟਹਿਲ ਰਹੇ ਸਨ, ਤਾਂ ਆਪ ਜੀ ਦੇ ਚੋਲੇ ਨਾਲ ਅੜ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਫੁੱਲ ਦੇ ਟੁੱਟਣ ਨਾਲ ਉਦਾਸ ਹੋ ਗਏ, ਤਾਂ ਆਪ ਜੀ ਦੇ ਦਾਦਾ ਜੀ ਨੇ ਆਪ ਜੀ ਨੂੰ ਸਮਝਾਇਆ ਕਿ ਅਗਰ ਚੋਲਾ ਵੱਡਾ ਹੋਵੇ, ਤਾਂ ਸੰਭਲ ਕੇ ਚੱਲਣਾ ਚਾਹੀਦਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਇਸ ਗੱਲ ਵੱਲ ਇਸ਼ਾਰਾ ਕੀਤਾ ਸੀ ਕਿ ਜੇਕਰ ਜ਼ਿੰਮੇਵਾਰੀਆਂ ਵੱਡੀਆਂ ਹੋਣ ਤਾਂ ਬਹੁਤ ਸੋਚ ਸਮਝ ਕੇ ਕਾਰਜ ਸੰਪੂਰਨ ਕਰਨਾ ਚਾਹੀਦਾ ਹੈ।

ਆਪ ਜੀ ਦੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਿੱਖਾਂ ਦੇ ਛੇਵੇਂ ਗੁਰੂ ਦੇ ਤੌਰ ’ਤੇ ਗੁਰਗੱਦੀ ’ਤੇ ਬਿਰਾਜਮਾਨ ਸਨ। ਉਨ੍ਹਾਂ ਦੀ ਇੱਛਾ ਅਨੁਸਾਰ ਮਾਰਚ ਅੱਠ 1644 ਈਸਵੀ ਨੂੰ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਗੁਰਿਆਈ ਮਿਲੀ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਆਪ ਜੀ ਨੂੰ 2200 ਘੋੜ ਸਵਾਰਾਂ ਦੀ ਫੌਜ ਰੱਖਣ ਦਾ ਹੁਕਮ ਹੋਇਆ ਸੀ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ’ਤੇ ਅਮਲ ਕਰਦਿਆਂ ਗਰੀਬਾਂ ਲਈ ਕਈ ਦਵਾਖਾਨੇ ਖੁੱਲ੍ਹਵਾਏ। ਆਪ ਜੀ ਦੇ ਦਵਾਈ ਖਾਨਿਆਂ ਵਿਚ ਦੁਰਲੱਭ ਅਤੇ ਬੇਸ਼ਕੀਮਤੀ ਜੜ੍ਹੀ-ਬੂਟੀਆਂ ਤੇ ਦਵਾਈਆਂ ਮੌਜੂਦ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬਿਮਾਰ ਹੋ ਗਿਆ। ਉਸ ਨੂੰ ਕਿਸੇ ਵੀ



ਦਵਾਈ ਨਾਲ ਕੋਈ ਆਰਾਮ ਨਹੀਂ ਆਇਆ, ਤਾਂ ਮੁਗਲ ਹਕੂਮਤ ਨੇ ਗੁਰੂ ਹਰਿਰਾਏ ਸਾਹਿਬ ਨੂੰ ਦਵਾਈ ਭੇਜਣ ਲਈ ਬੇਨਤੀ ਕੀਤੀ। ਆਪ ਜੀ ਨੇ ਰੋਗ ਮੁਤਾਬਕ ਦਵਾਈ ਭੇਜੀ, ਜਿਸ ਨਾਲ ਦਾਰਾ ਸ਼ਿਕੋਹ ਰਾਜ਼ੀ ਹੋ ਗਿਆ ਅਤੇ ਸ਼ੁਕਰਾਨਾ ਅਦਾ ਕਰਨ ਆਪ ਜੀ ਦੇ ਦਰਸ਼ਨਾਂ ਖਾਤਰ ਖੁਦ ਸ੍ਰੀ ਕੀਰਤਪੁਰ ਸਾਹਿਬ ਆਇਆ। ਦਾਰਾ ਸ਼ਿਕੋਹ ਗੁਰੂ ਸਾਹਿਬ ਦੇ ਉਪਦੇਸ਼ ਅਤੇ ਸਿੱਖਾਂ ਦਾ ਸਾਦਾ ਰਹਿਣ-ਸਹਿਣ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ।

ਬਾਦਸ਼ਾਹ ਸ਼ਾਹ ਜਹਾਨ ਦੇ ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਬਾਅਦ ਉਸਦੇ ਪੁੱਤਰਾਂ ਵਿਚ ਦਿੱਲੀ ਤਖਤ ਲਈ ਭਿਆਨਕ ਲੜਾਈ ਛਿੜ ਗਈ। ਇਸੇ ਹੀ ਲੜਾਈ ਦੌਰਾਨ ਦਾਰਾ ਸ਼ਿਕੋਹ ਭੱਜ ਕੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਪਹੁੰਚ ਗਿਆ। ਉਸ ਨੇ ਗੁਰੂ ਸਾਹਿਬ ਨੂੰ ਮਦਦ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਦਾ ਧੀਰਜ ਵਧਾ ਕੇ ਉਸ ਨੂੰ ਪ੍ਰਸ਼ਾਦਾ ਪਾਣੀ ਛਕਾਇਆ ਅਤੇ ਉਸ ਲਈ ਯੋਗ ਪ੍ਰਬੰਧ ਕਰਕੇ ਉਸ ਦੀ ਜਾਨ ਬਚਾ ਦਿੱਤੀ।

ਮੁਗਲ ਸਲਤਨਤ ਦੀ ਗੱਦੀ ’ਤੇ ਔਰੰਗਜ਼ੇਬ ਬਾਦਸ਼ਾਹ ਬੈਠ ਗਿਆ ਅਤੇ ਉਸ ਨੇ ਤਖਤ ’ਤੇ ਬੈਠਦਿਆਂ ਹੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਪਰਵਾਨਾ ਭੇਜ ਦਿੱਤਾ। ਆਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੁਕਮਾਂ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA



ਮੁਤਾਬਕ ਖੁਦ ਦਿੱਲੀ ਨਹੀਂ ਗਏ, ਬਲਕਿ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਦਿੱਲੀ ਭੇਜ ਦਿੱਤਾ। ਰਾਮ ਰਾਏ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਬਾਣੀ ਦੀ ਤੁੱਕ

“ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ

ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ”

ਵਿਚ ਤਬਦੀਲੀ ਕਰਦਿਆਂ ਨਿਮਨ ਲਿਖਤ ਅਨੁਸਾਰ ਕਰ ਦਿੱਤਾ।

“ਮਿਟੀ ਮੁਸਲਮਾਨ ਨੂੰ ਮਿਟੀ ਬੇਈਮਾਨ ਕੀ”

ਉਸ ਦੀ ਇਸ ਬੱਜਰ ਗਲਤੀ ਤੋਂ ਗੁਰੂ ਸਾਹਿਬ ਬਹੁਤ ਨਾਰਾਜ਼ ਹੋਏ ਅਤੇ ਸਜ਼ਾ ਦੇ ਤੌਰ ’ਤੇ ਉਨ੍ਹਾਂ ਨੇ ਰਾਮ ਰਾਏ ਨੂੰ ਆਪਣੇ ਮੱਥੇ ਨਾ ਲੱਗਣ ਦਾ ਹੁਕਮ ਦਿੱਤਾ।

ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਦੁਆਬੇ ਅਤੇ ਮਾਲਵੇ ਲਈ ਕਈ ਪ੍ਰਚਾਰ ਦੌਰੇ ਕੀਤੇ।

ਆਪ ਜੀ ਨੇ ਬਾਬਾ ਗੁਰਦਿੱਤਾ ਜੀ ਵੱਲੋਂ ਸਥਾਪਿਤ ਕੀਤੀਆਂ ਧੂਣੀਆਂ ਦੀਆਂ ਲੀਹਾਂ ਉੱਤੇ ਸੱਤ ਸੁਘੜ ਅਤੇ ਨਿਪੁੰਨ ਸਿੱਖ ਸੁਥਰੇ ਸ਼ਾਹ, ਭਗਤ ਭਗਵਾਨ, ਭਾਈ ਫੇਰੂ, ਭਾਈ ਬਹਿਲੋ, ਭਾਈ ਭੂੰਦਰ, ਭਾਈ ਪੰਜਾਬਾ ਅਤੇ ਭਾਈ ਭਗਤੋ ਦੇ ਪ੍ਰਬੰਧ ਹੇਠ ਸੱਤ ਪ੍ਰਚਾਰ ਕੇਂਦਰ ਕਾਇਮ ਕੀਤੇ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਦਾ ਅੰਤਲਾ ਸਮਾਂ ਨੇੜੇ ਆਇਆ ਤਾਂ ਆਪ ਜੀ ਨੇ ਆਪਣੇ ਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਸਵਾ ਪੰਜ ਸਾਲ ਦੀ ਉਮਰ ਵਿਚ ਗੁਰਗੱਦੀ ਦਾ ਵਾਰਸ ਬਣਾ ਦਿੱਤਾ। ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਮਿਤੀ 7 ਅਕਤੂਬਰ 1661 ਈਸਵੀ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਜੋਤੀ ਜੋਤ ਸਮਾ ਗਏ।

ਭੁੱਲ ਚੁੱਕ ਦੀ ਖਿਮਾ

# ਮਲਿਆਂ ਦੇ ਬੇਰ

## ਯਾਦਾਂ ਦੇ ਝਰੋਖੇ ’ਚੋਂ:4

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



ਅੱਜ ਕਿਸੇ ਕੰਮ ਬਾਬਤ ਜਲੰਧਰ ਜਾਣ ਦਾ ਸਬੱਬ ਬਣਿਆ। ਥਾਬਲਕੇ ’ਟੇਸ਼ਣ (ਜਲੰਧਰ-ਨਕੋਦਰ ਰੇਲਵੇ ਟਰੈਕ) ’ਤੇ ਪਹੁੰਚਦਿਆਂ ਦੇਖਿਆ ਕਿ ਰੇਲਵੇ ਲਾਈਨ ਦੇ ਨਾਲ-ਨਾਲ ਮਲਿਆਂ ਤੇ ਬੇਰਾਂ ਦੇ ਫਲ਼ ਪੁਰ ਬਹਾਰ ਸਨ। ਤਾਂ ਮੇਰੀਆਂ ਯਾਦਾਂ ਦਾ ਝਰੋਖਾ ਅੱਜ ਤੋਂ ਕਰੀਬ 47 ਸਾਲ ਪਹਿਲਾਂ ਦੀਆਂ ਖੱਟੀਆਂ-ਮਿੱਠੀਆਂ ਖਿੜ੍ਹਕੀਆਂ ਖੋਲ੍ਹ ਬੈਠਾ। 1977 ਵਿਚ ਮੈਂ ਸਰਕਾਰੀ ਹਾਈ ਸਕੂਲ ਸ਼ੰਕਰ ਵਿਚ ਛੇਵੀਂ ਜਮਾਤ ਦਾ ਵਿਦਿਆਰਥੀ ਸਾਂ। ਬਹੁਤੇ ਵਿਦਿਆਰਥੀ ਤਦੋਂ ਤੁਰ ਕੇ ਹੀ ਸਕੂਲ ਜਾਇਆ ਕਰਦੇ। ਮੇਰੇ ਪਿੰਡ ਚਾਨੀਆਂ ਤੋਂ ਕਈ ਵਿਦਿਆਰਥੀ ਰੇਲ ਗੱਡੀ ਰਾਹੀਂ ਵੀ ਸਕੂਲ ਚਲੇ ਜਾਂਦੇ। ਚੜ੍ਹਦੀ ਉਮਰ ਦੀਆਂ ਸ਼ਰਾਰਤਾਂ, ਧੱਕਾ-ਮੁੱਕੀ, ਹਾਸਾ-ਠੱਠਾ ਖ਼ੂਬ ਹੁੰਦਾ। ਸਿਆਲੀ ਰੁੱਤੇ ਨਾਲ਼ ਲੱਗਦੇ ਖੇਤਾਂ ’ਚੋਂ ਗੰਨੇ ਚੂਪਣੇ, ਮਲਿਆਂ ਦੇ ਬੇਰ ਖਾਣੇ। ਬੇਰ ਤੋੜਦਿਆਂ ਕੰਡਿਆਂ ਨਾਲ ਹੱਥ ਲਹੂ-ਲੁਹਾਣ ਹੋ ਜਾਣੇ। ਕੰਡਿਆਂ ਵਿਚ ਫਸ ਕੇ ਕਮੀਜ਼ਾਂ ਦੀਆਂ ਬਾਹਾਂ ਫ਼ਟ ਜਾਣੀਆਂ, ਪੱਗਾਂ ਲਹਿ ਜਾਣੀਆਂ।

ਮੁੰਡਿਆਂ ’ਚੋਂ ਸਭ ਤੋਂ ਸ਼ਰਾਰਤੀ ਬੀਬੀ ਗੁਰਦਈ ਦਾ ਕੁੱਕੂ ਹੁੰਦਾ, ਜੋ ਮੇਰੇ ਵੱਡੇ ਭਾਈ ਜਸਵੀਰ ਸਿੰਘ ਚਾਨੀਆਂ ਦਾ ਹਮਜਮਾਤੀ ਸੀ। ਹਨੂੰਮਾਨ ਕਿਆਂ ਦਾ ਕੇਵਲ, ਨੰਦਕਿਆਂ ਦਾ ਗਿਆਨ, ਨੜਿਆਂ ਦੇ ਸੁਰਜੀਤ ਅਤੇ ਗੁਰਦੇਵ ਵੀ ਸ਼ਰਾਰਤਾਂ ਵਿਚ ਸ਼ਰੀਕ ਹੁੰਦੇ। ਉਨ੍ਹਾਂ ਆਪ ਤਾਂ ਥਾਬਲਕੇ ’ਟੇਸ਼ਣ ਤੋਂ ਗੱਡੀ ਚੜ੍ਹਨਾ ਅਤੇ ਬਾਕੀ ਛੋਟੇ ਮੁੰਡਿਆਂ ਨੂੰ ਆਦੇਸ਼ ਦੇਣਾ ਕਿ ਅਸੀਂ ਪਿੰਡ ਦੇ ਬਾਹਰ ਜਥੇਦਾਰ ਰਣ ਸਿੰਘ ਦੇ ਖੂਹ ’ਤੇ ਰੁਕੀਏ। ਉਥੇ ਗੱਡੀ ਪਹੁੰਚਣ ’ਤੇ ਉਨ੍ਹਾਂ ਗੱਡੀ ਦੀ ਜ਼ੰਜੀਰ ਖਿੱਚ ਦੇਣੀ। ਅਸੀਂ ਛਾਲਾਂ ਮਾਰ ਕੇ ਗੱਡੀ ’ਚ ਜਾ ਬੈਠਣਾ। ਇਸੇ ਤਰ੍ਹਾਂ ਕਈ ਦਫ਼ਾ ਆਉਂਦੇ ਹੋਏ ਵੀ ਜ਼ੰਜੀਰ ਖਿੱਚ ਕੇ ਜਥੇਦਾਰ ਰਣ ਸਿੰਘ ਕੇ ਖੂਹ ’ਤੇ ਉਤਰ ਜਾਣਾ। ਇਸੇ ਤਰ੍ਹਾਂ ਇਕ ਦਿਨ ਸਾਡੇ ਮੁੱਖ ਅਧਿਆਪਕ ਸ਼੍ਰੀ ਵਿਸ਼ਵਾ ਮਿੱਤਰ ਦੁੱਗਲ ਸਾਬ ਨੂੰ ਟਰੇਨ ਦੇ ਗਾਰਡ ਵਲੋਂ ਚਾਨੀਆਂ ਦੇ ਮੁੰਡਿਆਂ ਦੀ ਸ਼ਿਕਾਇਤ ਕੀਤੀ ਗਈ। ਸਾਰੇ ਮੁੰਡਿਆਂ ਨੂੰ ਸਵੇਰ ਦੀ ਸਭਾ ਵਿਚ 4-4 ਪਰੈਣੀਆਂ ਦਾ ਪ੍ਰਸ਼ਾਦ ਮਿਲਿਆ। ਪੜ੍ਹਿਹਾਰਾਂ ਨੇ ਟ੍ਰੇਨ ਵਿਚ ਕਦੇ ਵੀ ਟਿਕਟ ਨਹੀਂ ਸੀ ਲਈ। ਸਕੂਲੋਂ ਆਉਂਦਿਆਂ ਟ੍ਰੇਨ ਵਿਚ ਇਕ ਦਫ਼ਾ ਟਿੱਕਟ ਚੈਕਰ ਨਾਲ ਸਾਹਮਣਾ ਹੋ ਗਿਆ। ਉਸ ਨੇ ਸਾਡੇ ਕੰਨ੍ਹ ਫੜਾ ਦਿੱਤੇ। ਥਾਬਲਕੇ ’ਟੇਸ਼ਣ ਤੋਂ ਪਹਿਲਾਂ ਹੀ ਜਥੇਦਾਰ ਰਣ ਸਿੰਘ ਕੇ ਖੂਹ ਕੋਲ਼, ਬੀਬੀ ਗੁਰਦਈ ਦੇ ਕੁੱਕੂ ਨੇ ਜ਼ੰਜੀਰ ਖਿੱਚ ਕੇ ਗੱਡੀ ਰੋਕ ਦਿੱਤੀ। ਟਿਕਟ ਚੈੱਕਰ ਬੁੜ-ਬੁੜ ਕਰਦਾ ਥੱਲੇ ਉਤਰਿਆ। ਇਕ ਸਵਾਰੀ ਨੇ ਸਾਨੂੰ ਕੰਨ੍ਹ ਫ਼ੜਿਆ ਨੂੰ ਪੁੱਛਿਆ ਕਿ ਕਿਥੇ ਉਤਰਨਾ ਹੈ? ਅਸੀਂ ਆਖਿਆ ਚਾਨੀਆਂ। ਉਸ ਪਿੱਛਿਓਂ ਠੁੱਡ ਮਾਰਦਿਆਂ ਕਿਹਾ, “ਚਲੋ ਉਤਰੋ ਆ ਗਿਆ ਚਾਨੀਆਂ”। ਅਸੀਂ ਦੂਜੇ ਪਾਸੇ ਗੱਡੀ ’ਚੋਂ ਛਾਲਾਂ ਮਾਰ ਕੇ ਮਲਿਆਂ ਦੇ ਓਹਲੇ ਹੋ ਕੇ ਬੇਰ ਖਾਣ ਲੱਗੇ। ਉਨ੍ਹਾਂ



ਬਚਪਨ ਦੇ ਸਾਥੀਆਂ ’ਚੋਂ ਕਈ ਵਿਦੇਸ਼ ਉਡਾਰੀ ਮਾਰ ਗਏ। ਕਈ ਮਰ ਮੁੱਕ ਗਏ। ਇੱਕਾ-ਦੁੱਕਾ ਪਿੰਡ ਰਹਿ ਗਏ।

ਵਿੱਛੜ ਗਿਆਂ ਨੂੰ ਕਿੱਥੇ ਟੋਲ੍ਹਾਂ, ਕਿੱਥੇ ਚਿੱਠੀਆਂ ਪਾਵਾਂ।

ਹੁਣਤਾਂ ਯਾਦ ਰਿਹਾ ਨਈਂ ਮੈਨੂੰ, ਆਪਣਾਹੀ ਸਿਰਨਾਵਾਂ।

ਅੱਜ 47 ਸਾਲ ਪਹਿਲਾਂ ਮਿਲ ਕੇ ਵਿਛੜ ਗਏ ਵਿਦਿਆਰਥੀ ਸਾਥੀ ਅਤੇ ਅਧਿਆਪਕ ਖ਼ੂਬ ਯਾਦ ਆਏ।

ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
ਵਟਸਐਪ: +91-97-810-40140
ਪੰਜਾਬ ਮੇਲ USA



# ਸੋਮਾਲੀਆ ਦੇ ਸਮੁੰਦਰੀ ਲੁਟੇਰਿਆਂ ਦੀ ਗਾਥਾ

**ਜਦੋਂ ਸੋਮਾਲੀਆ ਦੇ ਲੋਕ ਆਪਣੀਆਂ ਛੋਟੀਆਂ ਕਿਸ਼ਤੀਆਂ ਨਾਲ ਸਮੁੰਦਰ ਵਿਚ ਜਾ ਕੇ ਮੱਛੀਆਂ ਫੜਦੇ ਸਨ ਤੇ ਇਸ ਤਰ੍ਹਾਂ ਉਹ ਆਪਣਾ ਵਪਾਰ ਕਰਦੇ ਸਨ। ਉਦੋਂ ਸੋਮਾਲੀਆ ਦੇ ਲੋਕਾਂ ਸਾਹਮਣੇ ਵਿਦੇਸ਼ੀ ਕੰਪਨੀਆਂ ਆ ਖੜ੍ਹੀਆਂ ਤੇ ਉਨ੍ਹਾਂ ਕੰਪਨੀਆਂ ਦੇ ਆਪਣੇ ਲੋਕ ਅਤੇ ਕਾਮੇ ਸਨ। ਇਸ ਤਰ੍ਹਾਂ ਸੋਮਾਲੀਆ ਦੇ ਲੋਕਾਂ ਦੇ ਕਾਰਜ ਪ੍ਰਭਾਵਿਤ ਹੋਏ, ਨੌਕਰੀਆਂ ਖਤਮ ਹੋਣ ਲੱਗੀਆਂ। ਦੇਸ਼ ਵਿਚ ਅਕਾਲ, ਭੁੱਖ, ਭੁੱਖਮਰੀ ਅਤੇ ਬੇਰੁਜ਼ਗਾਰੀ ਨੇ ਵੱਡੀ ਪੱਧਰ 'ਤੇ ਪੈਰ ਪਸਾਰ ਲਏ ਤੇ ਉਨ੍ਹਾਂ ਦਾ ਜਿਉਣਾ ਦੁੱਭਰ ਹੋ ਗਿਆ। ਸੋਮਾਲੀਆ ਦੇਸ਼ ਵਿਚ ਨਾ ਸਰਕਾਰ ਸੀ, ਨਾ ਪੁਲਿਸ ਸੀ ਤੇ ਨਾ ਹੀ ਕੋਈ ਪ੍ਰਬੰਧ ਸੀ। ਜਦੋਂ ਵਿਦੇਸ਼ੀ ਕੰਪਨੀਆਂ ਸੋਮਾਲੀਆ ਖੇਤਰ ਵਿਚ ਆਉਂਦੇ ਸਨ, ਤਾਂ ਉਹ ਜਾਨਲੇਵਾ ਜ਼ਹਿਰ, ਕੂੜਾ-ਕਰਕਟ ਸੁੱਟਦੇ ਤੇ ਮੁੜਦੇ ਹੋਏ ਮੱਛੀਆਂ ਫੜ ਕੇ ਲੈ ਜਾਂਦੇ ਸਨ।**





ਸਮੁੰਦਰਾਂ ਵਿਚ ਸਮੁੰਦਰੀ ਜਹਾਜ਼ਾਂ ਨੂੰ ਕਬਜ਼ੇ ਵਿਚ ਕਰਕੇ ਉਨ੍ਹਾਂ ਦੇ ਕਰੂਜ਼ ਮੈਂਬਰਾਂ, ਯਾਤਰੀਆਂ ਅਤੇ ਕੈਪਟਨ ਨੂੰ ਡਰਾ-ਧਮਕਾ ਕੇ, ਦਬਾਅ ਬਣਾ ਕੇ ਜਹਾਜ਼ ਮਾਲਕਾਂ ਤੋਂ ਫਿਰੌਤੀ ਦੀ ਮੰਗ ਕਰਨ ਵਾਲੇ ਸਮੁੰਦਰੀ ਲੁਟੇਰੇ ਲਗਾਤਾਰ ਬੜੇ ਸਰਗਰਮ ਹਨ। ਉਨ੍ਹਾਂ ਦਾ ਆਪਣੇ ਸਮੁੰਦਰੀ ਖੇਤਰ ਵਿਚ ਪੂਰਾ ਦਬਦਬਾ ਚੱਲਦਾ ਹੈ ਤੇ ਉਨ੍ਹਾਂ ਦਾ ਭੈਅ ਹਰ ਪਾਸੇ ਫੈਲਿਆ ਹੋਇਆ ਹੈ। ਸੋਮਾਲੀਆ ਦੇ ਦੇਸ਼ ਦਾ ਸਮੁੰਦਰੀ ਤੱਟ ਦਾ ਖੇਤਰ ਅਦਨ ਦੀ ਖਾੜੀ, ਅਰਬ ਸਾਗਰ ਅਤੇ ਹਿੰਦ ਮਹਾਂਸਾਗਰ ਨਾਲ ਲੱਗਦਾ ਹੈ। ਇਨ੍ਹਾਂ ਸਮੁੰਦਰੀ ਖੇਤਰਾਂ ਦੇ ਨੇੜਲੇ ਖੇਤਰਾਂ ਵਿਚ ਜਿੱਥੋਂ ਦੇ ਸਮੁੰਦਰੀ ਜਹਾਜ਼ ਬੇੜੇ ਲੰਘਦੇ ਹਨ, ਉਥੋਂ ਤੱਕ ਸਮਾਲੀਆ ਦੇ ਸਮੁੰਦਰੀ ਲੁਟੇਰਿਆਂ ਦੀ ਲੁੱਟ ਦਾ ਖੇਤਰ ਹੈ। ਸੰਨ 1960 ਵਿਚ ਸੋਮਾਲੀਆ ਆਜ਼ਾਦ ਹੋਇਆ ਪਰ ਫਿਰ ਵੀ ਉਥੋਂ ਦਾ ਸਰਕਾਰੀ ਢਾਂਚਾ ਕੋਈ ਜ਼ਿਆਦਾ ਵਧੀਆ ਨਹੀਂ ਸੀ ਅਤੇ ਦੇਸ਼ ਵਿਚ ਅਰਾਜਕਤਾ ਫੈਲ ਗਈ। ਸੋਮਾਲੀਆ ਦੇ ਲਾਗੇ ਸਮੁੰਦਰ ਵਿਚ ਮੱਛੀਆਂ ਦਾ ਭੰਡਾਰ ਹੋਣ ਕਰਕੇ ਬਹੁਤ ਸਾਰੇ ਲੋਕ ਮੱਛੀਆਂ ਦਾ ਵਪਾਰ ਕਰਦੇ ਸਨ, ਉਦੋਂ ਸਮੁੰਦਰੀ ਲੁਟੇਰਿਆਂ ਦਾ ਕੋਈ ਨਾਮੋਂ-ਨਿਸ਼ਾਨ ਨਹੀਂ ਸੀ। ਜਦੋਂ ਦੇਸ਼ ਵਿਚ ਖਾਨਾ ਜੰਗੀ ਹੋਈ, ਤਾਂ ਇਸ ਦਾ ਫਾਇਦਾ ਵਿਦੇਸ਼ੀ ਕੰਪਨੀਆਂ ਨੇ ਚੁੱਕਿਆ ਤੇ ਵੱਡੀ ਪੱਧਰ 'ਤੇ ਆਰਥਿਕ ਲੁੱਟ ਕੀਤੀ। ਜਦੋਂ ਸੋਮਾਲੀਆ ਦੇ ਲੋਕ ਆਪਣੀਆਂ ਛੋਟੀਆਂ ਕਿਸ਼ਤੀਆਂ ਨਾਲ ਸਮੁੰਦਰ ਵਿਚ ਜਾ ਕੇ ਮੱਛੀਆਂ ਫੜਦੇ ਸਨ ਤੇ ਇਸ ਤਰ੍ਹਾਂ ਉਹ ਆਪਣਾ ਵਪਾਰ ਕਰਦੇ ਸਨ। ਉਦੋਂ ਸੋਮਾਲੀਆ ਦੇ ਲੋਕਾਂ ਸਾਹਮਣੇ ਵਿਦੇਸ਼ੀ ਕੰਪਨੀਆਂ ਆ ਖੜ੍ਹੀਆਂ ਤੇ ਉਨ੍ਹਾਂ ਕੰਪਨੀਆਂ ਦੇ ਆਪਣੇ ਲੋਕ ਅਤੇ ਕਾਮੇ ਸਨ। ਇਸ ਤਰ੍ਹਾਂ ਸੋਮਾਲੀਆ ਦੇ ਲੋਕਾਂ ਦੇ ਕਾਰਜ ਪ੍ਰਭਾਵਿਤ ਹੋਏ, ਨੌਕਰੀਆਂ ਖਤਮ ਹੋਣ ਲੱਗੀਆਂ। ਦੇਸ਼ ਵਿਚ ਅਕਾਲ, ਭੁੱਖ, ਭੁੱਖਮਰੀ ਅਤੇ ਬੇਰੁਜ਼ਗਾਰੀ ਨੇ ਵੱਡੀ ਪੱਧਰ 'ਤੇ ਪੈਰ ਪਸਾਰ ਲਏ ਤੇ ਉਨ੍ਹਾਂ ਦਾ ਜਿਉਣਾ ਦੁੱਭਰ ਹੋ ਗਿਆ। ਸੋਮਾਲੀਆ ਦੇਸ਼ ਵਿਚ ਨਾ ਸਰਕਾਰ ਸੀ, ਨਾ ਪੁਲਿਸ ਸੀ ਤੇ ਨਾ ਹੀ ਕੋਈ ਪ੍ਰਬੰਧ ਸੀ। ਜਦੋਂ ਵਿਦੇਸ਼ੀ ਕੰਪਨੀਆਂ ਸੋਮਾਲੀਆ ਖੇਤਰ ਵਿਚ ਆਉਂਦੇ ਸਨ, ਤਾਂ ਉਹ ਜਾਨਲੇਵਾ ਜ਼ਹਿਰ, ਕੂੜਾ-ਕਰਕਟ ਸੁੱਟਦੇ ਤੇ ਮੁੜਦੇ ਹੋਏ ਮੱਛੀਆਂ ਫੜ ਕੇ ਲੈ ਜਾਂਦੇ ਸਨ। ਇਸ ਤਰ੍ਹਾਂ ਵਿਦੇਸ਼ੀ ਕੰਪਨੀਆਂ ਨੇ ਸੋਮਾਲੀਆ ਦੇ ਲੋਕਾਂ ਦੇ ਕਾਰੋਬਾਰ ਖਤਮ ਕਰ ਦਿੱਤੇ। ਸੋਮਾਲੀਆ ਦੇ ਲੋਕ ਇਹ ਧੱਕੇਸ਼ਾਹੀ, ਜ਼ੁਲਮ ਅਤੇ ਅਨਿਆਂ ਦੇਖ ਰਹੇ ਸਨ ਅਤੇ ਇਸਦੇ ਵਿਰੁੱਧ ਸੋਮਾਲੀਆ ਦੇ ਜਵਾਨ ਅੱਗੇ ਆਏ। ਉਨ੍ਹਾਂ ਨੇ ਆਪਣੇ ਸਮੁੰਦਰੀ ਤੱਟ ਦੀ ਰੱਖਿਆ ਲਈ ਵਿਦੇਸ਼ੀਆਂ ਦੇ ਵਿਰੁੱਧ ਡੱਟ ਕੇ ਪਹਿਰਾ ਦੇਣ ਲੱਗ ਗਏ। ਜਦੋਂ ਵਿਦੇਸ਼ੀ ਸਮੁੰਦਰੀ ਬੇੜੇ ਸੋਮਾਲੀਆ ਦੇ ਸਮੁੰਦਰ ਨੇੜੇ ਦੇ ਇਲਾਕਿਆਂ 'ਚ ਆਉਂਦੇ ਸਨ, ਤਾਂ ਪਹਿਲਾਂ-ਪਹਿਲ ਉਹ ਉਨ੍ਹਾਂ ਨੂੰ ਖਦੇੜ ਦਿੰਦੇ ਸਨ ਤੇ ਆਪਣੇ ਤੱਟ ਦੀ ਰੱਖਿਆ ਕਰਦੇ ਸਨ। ਫਿਰ ਸੋਮਾਲੀਆ ਦੇ ਰੱਖਿਆ ਜਵਾਨਾਂ ਦੇ ਦਿਮਾਗ ਵਿਚ ਸ਼ੈਤਾਨੀ ਯੋਜਨਾ ਆਈ ਤੇ ਉਹ ਆਪਣੀਆਂ ਕਿਸ਼ਤੀਆਂ ਵਿਚ ਬੈਠ ਕੇ ਹਥਿਆਰਾਂ ਨਾਲ ਸਮੁੰਦਰੀ ਜਹਾਜ਼ਾਂ ਨੂੰ ਕਬਜ਼ੇ ਵਿਚ ਕਰ ਲੈਂਦੇ ਤੇ ਲੁੱਟਾਂ-ਖੋਹਾਂ ਕਰਦੇ। ਉਦੋਂ ਉਨ੍ਹਾਂ ਦੀ ਵਿਚਾਰਧਾਰਾ ਹੀ ਬਦਲ ਗਈ ਕਿਉਂਕ ਦੇਸ਼ ਵਿਚ ਨਾ ਨੌਕਰੀ, ਨਾ ਸਿੱਖਿਆ, ਨਾ ਖਾਣਾ ਅਤੇ ਨਾ ਧਨ ਸੀ। ਜ਼ਿੰਦਗੀ ਜਿਉਣ ਲਈ ਹਰ ਚੀਜ਼ ਦੀ ਲੋੜ ਹੁੰਦੀ ਹੈ ਤੇ ਉਨ੍ਹਾਂ ਕੋਲ ਕੁੱਝ ਵੀ ਨਹੀਂ ਸੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਰਣਨੀਤੀ ਬਦਲ ਲਈ, ਉਨ੍ਹਾਂ ਕੋਲ ਪੁਰਾਤਨ ਸਮੇਂ ਵਾਲੀਆਂ ਕਿਸ਼ਤੀਆਂ ਤੇ ਬੰਦੂਕਾਂ ਸਨ। ਉਹ ਆਪਣੀਆਂ ਚਾਲਾਂ ਨਾਲ ਸਮੁੰਦਰੀ ਬੇੜਿਆਂ ਨੂੰ ਘੇਰ ਕੇ ਕਾਬੂ ਵਿਚ ਕਰ ਲੈਂਦੇ। ਉਹ ਪਹਿਲਾਂ ਬੰਦਿਆਂ ਨੂੰ ਡਰਾਉਂਦੇ, ਫਿਰ ਕਰੂਜ਼ ਮੁਲਾਜ਼ਮਾਂ ਨੂੰ ਧਮਕਾਉਂਦੇ ਤੇ ਬਾਅਦ ਵਿਚ ਕੈਪਟਨਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦੇ ਸੀ। ਇਸ ਤਰ੍ਹਾਂ ਫਿਰ ਲੰਬਾ ਸਮਾਂ ਕਾਬੂ ਕਰੀ ਰੱਖਦੇ ਤੇ ਫਿਰ ਕੰਪਨੀ ਮਾਲਕਾਂ ਕੋਲੋਂ ਫਿਰੌਤੀ ਲੈ ਕੇ ਛੱਡਦੇ ਸਨ। ਇਸ ਸਮੁੰਦਰੀ ਰਸਤੇ ਰਾਹੀਂ, ਕਰੀਬ 20 ਫੀਸਦੀ ਸਮੁੰਦਰੀ ਬੇੜੇ ਲੰਘਦੇ ਸਨ। ਉਹ ਕਾਰਗੋ ਜਹਾਜ਼ ਨੂੰ ਕਾਬੂ ਕਰਕੇ ਲੁੱਟਦੇ ਸਨ ਤੇ ਫਿਰੌਤੀਆਂ ਲੈ ਕੇ ਖਹਿੜਾ ਛੱਡਦੇ ਸਨ। ਸੋਮਾਲੀਆ ਦੇ 70 ਫ਼ੀਸਦੀ ਆਮ ਨਾਗਰਿਕ ਸੋਮਾਲੀਆ ਲੁਟੇਰਿਆਂ ਦਾ ਸਮਰਥਨ ਕਰਦੇ ਹਨ। ਉਨ੍ਹਾਂ ਦੇ ਹੱਕ ਵਿਚ ਹਨ। ਉਨ੍ਹਾਂ ਨੇ ਹੌਲੀ-ਹੌਲੀ ਸਪੀਡ ਬੋਟ, ਚੰਗੇ ਨਵੇਂ ਹਥਿਆਰ, ਟਰੈਕਿੰਗ ਡਿਵਾਈਸ ਅਤੇ ਨਵਾਂ ਤਜ਼ਰਬਾ ਅਪਣਾਉਣਾ ਸ਼ੁਰੂ ਕਰ ਦਿੱਤਾ। ਇਹ ਸਪੀਡ ਬੋਟ ਸਮੁੰਦਰੀ ਬੇੜਿਆਂ ਨਾਲੋਂ ਬਹੁਤ ਤੇਜ਼ ਚੱਲਦੀ ਸੀ। ਇਸ ਤਰ੍ਹਾਂ ਉਹ ਤਿੰਨ-ਚਾਰ ਸਪੀਡ ਬੋਟ ਲੈ ਕੇ ਸਮੁੰਦਰੀ ਬੇੜਿਆਂ ਨੂੰ ਘੇਰਾ ਪਾ ਕੇ ਕਾਬੂ ਕਰ ਲੈਂਦੇ ਸਨ ਤੇ ਫਿਰ ਆਪਣੀ ਸਪੀਡ ਬੋਟ, ਸਮੁੰਦਰੀ ਜਹਾਜ਼ ਦੇ ਨਾਲ ਲਾ ਕੇ ਹੁੱਕਾ, ਰੱਸੀਆਂ ਅਤੇ ਪੌੜੀਆਂ ਨਾਲ ਸਮੁੰਦਰੀ ਜਹਾਜ਼ਾਂ 'ਤੇ ਚੜ੍ਹ ਜਾਂਦੇ ਸਨ ਤੇ ਹਥਿਆਰਾਂ ਦੇ ਬਲਬੂਤੇ ਨਾਲ ਸਭ ਕੁੱਝ ਆਪਣੇ ਕਬਜ਼ੇ ਵਿਚ ਕਰ ਲੈਂਦੇ ਸਨ। ਉਹ ਇਹ ਸਾਰਾ ਕੰਮ ਅੱਧੇ ਘੰਟੇ ਵਿਚ ਕਰ ਲੈਂਦੇ ਸਨ। ਸਮੁੰਦਰੀ ਲੁਟੇਰੇ ਫਿਰ ਇਨ੍ਹਾਂ ਜਹਾਜ਼ਾਂ ਨੂੰ ਇਕ ਪਾਸੇ ਟਿਕਾਣੇ 'ਤੇ ਲੈ ਜਾਂਦੇ ਸਨ, ਉਥੇ ਓਨਾ ਚਿਰ ਕਾਬੂ ਵਿਚ ਰੱਖਦੇ ਸਨ, ਜਿੰਨਾ ਚਿਰ ਉਨ੍ਹਾਂ ਨੂੰ ਚੰਗੀ ਫਿਰੌਤੀ ਨਹੀਂ ਮਿਲ ਜਾਂਦੀ ਸੀ। ਉਨ੍ਹਾਂ ਦੀ ਪ੍ਰਾਪਤੀ ਦੀ ਰਾਸ਼ੀ ਉਨ੍ਹਾਂ ਤੱਕ ਪੈਰਾਸ਼ੂਟ ਰਾਹੀਂ ਪਹੁੰਚਦੀ ਸੀ। ਅਕਸਰ ਹੀ ਸਮੁੰਦਰੀ ਲੁਟੇਰੇ ਇੱਕ ਅੱਖ ਢੱਕ ਕੇ ਰੱਖਦੇ ਸਨ ਕਿਉਂਕਿ ਜਦੋਂ ਵੀ ਉਹ ਚਾਨਣ ਤੋਂ ਹਨੇਰੇ ਜਾਂ ਹਨੇਰੇ ਤੋਂ ਚਾਨਣ ਵਿਚ ਜਾਂਦੇ ਸੀ, ਤਾਂ ਉਦੋਂ ਅੱਖਾਂ ਨੂੰ ਸੈਟ ਹੋਣ ਲਈ ਕੁੱਝ ਸਮਾਂ ਲੱਗਦਾ ਸੀ। ਇਸ ਕਰਕੇ ਉਹ ਜਹਾਜ਼ ਉਪਰ ਉਪਰਲੀ ਖੁੱਲ੍ਹੀ ਛੱਤ ਚਾਨਣ ਵਾਲੀ ਤੋਂ ਹੇਠਲੀ ਅੰਦਰਲੀ ਹਨੇਰੇ ਵਾਲੀ ਮੰਜ਼ਿਲ ਵਿਚ ਜਾਣ ਸਮੇਂ ਉਹ ਹੇਠਾਂ ਜਾ ਕੇ ਆਪਣੀ ਅੱਖ ਤੋਂ ਪੱਟੀ ਉਤਾਰ ਦਿੰਦੇ ਸਨ ਤੇ ਉਨ੍ਹਾਂ ਨੂੰ ਉਸ ਅੱਖ ਵਿਚ ਮੌਕੇ 'ਤੇ ਹੀ ਸਹੀ ਦਿੱਸਦਾ ਸੀ ਤੇ ਦੂਜੀ ਖੁੱਲ੍ਹੀ ਅੱਖ ਲਈ ਸਮਾਂ ਲੱਗਦਾ ਸੀ। ਇਸ ਕਰਕੇ ਉਨ੍ਹਾਂ ਨੂੰ ਦੇਖਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ ਸੀ, ਉਹ ਜਲਦੀ ਹੀ ਸਭ ਨੂੰ ਕਾਬੂ ਕਰ ਲੈਂਦੇ ਸਨ। ਸੋਮਾਲੀਆ ਦੇ ਲੁਟੇਰਿਆਂ ਕੋਲ ਚੰਗਾ ਧਨ ਅਤੇ ਚੰਗੀ ਸ਼ਕਤੀ ਸੀ। ਉਹ ਦਿਨੋਂ-ਦਿਨ ਤਕੜੇ ਹੋ ਰਹੇ ਸਨ। ਉਹ ਸੁੰਦਰ ਔਰਤਾਂ ਨਾਲ ਵਿਆਹੇ ਹੋਏ ਹਨ ਤੇ ਉਨ੍ਹਾਂ ਦੀ ਉਮਰ ਵੀ 25 ਤੋਂ 35 ਸਾਲ ਦੇ ਵਿਚਕਾਰ ਹੈ, ਜਿਹੜੇ ਲੁਟੇਰੇ ਜਲਦੀ ਸੈੱਟ ਹੋ ਜਾਂਦੇ ਸੀ, ਉਹ ਦੂਜਾ ਅਤੇ ਤੀਜਾ ਵਿਆਹ ਕਰਵਾ ਲੈਂਦੇ ਸੀ ਅਤੇ ਬੜੇ ਫੈਸ਼ਨ ਕਰਦੇ ਸੀ। ਉਨ੍ਹਾਂ ਕੋਲ ਵੱਡੇ ਘਰ, ਨਵੀਆਂ ਕਾਰਾਂ ਅਤੇ ਨਵੇਂ ਹਥਿਆਰ ਸਨ। ਉਹ ਲੁੱਟੀ ਹੋਈ ਰਾਸ਼ੀ ਦਾ ਕੁੱਝ ਹਿੱਸਾ ਆਪਣੇ ਗਰੀਬ ਨਾਗਰਿਕਾਂ ਅਤੇ ਅਪਾਹਜਾਂ 'ਤੇ ਖਰਚ ਕਰਦੇ ਸਨ। ਸੰਨ 2009 ਵਿਚ ਅਮਰੀਕਾ ਤੇ ਹੋਰ ਦੇਸ਼ਾਂ ਨੇ ਅੰਤਰਰਾਸ਼ਟਰੀ ਜਲ ਮਿਸ਼ਨ ਟਾਸਕ ਬਲ ਦਾ ਗਠਨ ਕੀਤਾ, ਇਸੇ ਤਰ੍ਹਾਂ ਯੂਰਪੀਅਨ ਯੂਨੀਅਨ ਤੇ ਨਾਟੋ ਦੇਸ਼ ਅਤੇ ਫਿਰ ਚੀਨ, ਰੂਸ ਅਤੇ ਭਾਰਤ ਨੇ ਵੀ ਸੁਰੱਖਿਆ ਬਲ ਤੈਨਾਤ ਕਰ ਦਿਤੇ। ਇਸ ਤਰ੍ਹਾਂ ਸੰਨ 2011 ਵਿਚ 237, ਸੰਨ 2012 ਵਿਚ 75 ਅਤੇ ਸੰਨ 2013 ਵਿਚ 15 ਘਟਨਾਵਾਂ ਹੋਈਆਂ ਸਨ। ਜਦੋਂ ਤੋਂ ਸਮੁੰਦਰੀ ਵਪਾਰਕ ਜਹਾਜ਼ਾਂ ਤੇ ਹਥਿਆਰਬੰਦ ਸੁਰੱਖਿਆ ਦਸਤੇ ਤੈਨਾਤ ਹੋਏ ਹਨ, ਉਸ ਸਮੇਂ ਤੋਂ ਸਮੁੰਦਰੀ ਲੁਟੇਰਿਆਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਕਿਉਂਕਿ ਜਦੋਂ ਵੀ ਸਮੁੰਦਰੀ ਲੁਟੇਰੇ ਸਪੀਡ ਬੋਟ ਰਾਹੀਂ ਸਮੁੰਦਰੀ ਜਹਾਜ਼ ਨੂੰ ਲੁੱਟਣ ਲਈ ਆਉਂਦੇ ਸਨ, ਤਾਂ ਇਹ ਸੁਰੱਖਿਆ ਗਾਰਡ ਉਨ੍ਹਾਂ 'ਤੇ ਹਮਲਾ ਕਰ ਦਿੰਦੇ ਤੇ ਉਨ੍ਹਾਂ ਨੂੰ ਜਹਾਜ਼ ਤੱਕ ਪਹੁੰਚਣ ਤੋਂ ਪਹਿਲਾਂ ਖਦੇੜ ਦਿੰਦੇ ਸਨ ਤੇ ਨਾ ਖਹਿੜਾ ਛੱਡਣ ਵਾਲਿਆਂ ਨੂੰ ਮਾਰ ਮੁਕਾਉਂਦੇ ਸੀ। ਇਸ ਤਰ੍ਹਾਂ ਸੰਨ 2017 ਤੋਂ 2023 ਤੱਕ ਸਮੁੰਦਰੀ ਲੁਟੇਰੇ ਕਿਸੇ ਵੀ ਕਾਰਵਾਈ ਦੇ ਵਿਚ ਸਫਲ ਨਹੀਂ ਹੋਏ ਤੇ ਉਨ੍ਹਾਂ ਦੇ ਮਨਸੂਬੇ ਫੇਲ ਹੋ ਗਏ। ਉਨ੍ਹਾਂ ਦੀਆਂ ਕਾਰਵਾਈਆਂ ਖਤਮ ਹੋ ਗਈਆਂ ਸਨ। ਸੰਨ 2023 ਵਿਚ ਜਦੋਂ ਹਮਾਸ ਇਜ਼ਰਾਇਲ ਜੰਗ ਸ਼ੁਰੂ ਹੋਈ, ਤਾਂ ਸਮੁੰਦਰੀ ਲੁਟੇਰੇ ਫਿਰ ਸਰਗਰਮ ਹੋ ਗਏ। ਬੀਤੇ ਸਮੇਂ 35 ਸਮੁੰਦਰੀ ਲੁਟੇਰਿਆਂ ਨੇ ਐੱਮ.ਵੀ. ਰੋਆਨ ਜਹਾਜ਼ 'ਤੇ ਕਬਜ਼ਾ ਕਰ ਲਿਆ ਸੀ ਤੇ ਇਹ ਭਾਰਤ ਦੇ ਸਮੁੰਦਰੀ ਕਿਨਾਰੇ ਤੋਂ 2600 ਕਿਲੋਮੀਟਰ ਦੂਰ ਸੀ, ਜਦੋਂ ਭਾਰਤੀ ਜਲ ਸੈਨਾ ਦਾ ਇੱਕ ਹੈਲੀਕਾਪਟਰ ਇਸ ਜਹਾਜ਼ ਨੂੰ ਬਚਾਉਣ ਲਈ ਜਹਾਜ਼ ਦੇ ਨੇੜੇ ਗਿਆ ਤੇ ਭਾਰਤੀ ਸੈਨਾ ਨੇ ਸਮੁੰਦਰੀ ਲੁਟੇਰਿਆਂ ਨੂੰ ਜਹਾਜ਼ ਦੇ ਮੁਲਾਜ਼ਮਾਂ ਨੂੰ ਰਿਹਾਅ ਕਰਨ ਨੂੰ ਕਿਹਾ, ਤਾਂ ਉਨ੍ਹਾਂ ਨੇ ਇਹ ਹੁਕਮ ਨਾ ਮੰਨ ਕੇ ਉਲਟਾ ਹੈਲੀਕਾਪਟਰ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਬਾਅਦ ਵਿਚ ਭਾਰਤੀ ਜਲ ਸੈਨਾ ਨੇ 40 ਘੰਟਿਆਂ ਵਿਚ ਸਮੁੱਚੀ ਕਾਰਵਾਈ ਕਰਕੇ ਸੋਮਾਲੀਆ ਦੇ ਸਮੁੰਦਰੀ ਡਾਕੂਆਂ ਨੂੰ ਕਾਬੂ ਕਰ ਲਿਆ ਤੇ ਜਹਾਜ਼ ਦੇ 17 ਕਰੂਜ਼ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ।

# ‘ਟੂ ਏਕਰਸ ਆਫ਼ ਲੈਂਡ’ ਫ਼ਿਲਮ ਦੀ ਵਾਪਸੀ

> ‘ਦੋ ਬਿਘਾ ਜ਼ਮੀਨ’ ਫ਼ਿਲਮ ਨੂੰ ਉਦੋਂ ਅਨੇਕਾਂ ਪੁਰਸਕਾਰ ਮਿਲੇ ਸਨ। ਕਾਨ੍ਹ ਫ਼ਿਲਮ ਉਤਸਵ ਵਿਚ ‘ਪ੍ਰਿਕਸ ਇੰਟਰਨੈਸ਼ਨਲ’ ਜਿੱਤਣ ਵਾਲੀ ਇਹ ਪਹਿਲੀ ਭਾਰਤੀ ਫ਼ਿਲਮ ਸੀ। ਬਿਹਤਰੀਨ ਫ਼ਿਲਮ ਅਤੇ ਬਿਹਤਰੀਨ ਨਿਰਦੇਸ਼ਕ ਫ਼ਿਲਮ ਫੇਅਰ ਐਵਾਰਡ ਵੀ ਇਸਨੇ ਜਿੱਤੇ ਸਨ। ਫ਼ਿਲਮ ਦੀ ਕਹਾਣੀ ਜਜ਼ਬਾਤੀ ਹੈ। ਛੋਟੇ ਜਿਹੇ ਪਿੰਡ ਵਿਚ ਦੋ ਏਕੜ ਜ਼ਮੀਨ ਦੇ ਮਾਲਕ ਇਕ ਗਰੀਬ ਕਿਸਾਨ ਸ਼ੰਭੂ ਦੇ ਇਰਦ-ਗਿਰਦ ਘੁੰਮਦੀ ਹੈ। ਜਦੋਂ ਇਕ ਅਮੀਰ ਜ਼ਿਮੀਂਦਾਰ ਸ਼ਹਿਰ ਦੇ ਕਾਰੋਬਾਰੀਆਂ ਨਾਲ ਮਿਲਕੇ ਵਧੇਰੇ ਮੁਨਾਫ਼ਾ ਕਮਾਉਣ ਦੀ ਲਾਲਸਾ ਤਹਿਤ ਉਸਦੀ ਜ਼ਮੀਨ ’ਤੇ ਕਾਰਖ਼ਾਨਾ ਬਨਾਉਣ ਦੀ ਯੋਜਨਾ ਉਲੀਕਦਾ ਹੈ।

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA






ਬਲਰਾਜ ਸਾਹਨੀ ਦੀ ਚਰਚਿਤ ਫ਼ਿਲਮ ‘ਦੋ ਬਿਘਾ ਜ਼ਮੀਨ’ (ਟੂ ਏਕਰਸ ਆਫ਼ ਲੈਂਡ) ਨੂੰ ਵੀਨਸ ਫ਼ਿਲਮ ਫੈਸਟੀਵਲ 2025 ਵਿਚ, ਵਿਸ਼ੇਸ਼ ਸੂਚੀ ਵਿਚ ਕਲਾਸਿਕ ਸ਼੍ਰੇਣੀ ਤਹਿਤ ਬੜੇ ਸਤਿਕਾਰ, ਬੜੇ ਮਾਣ ਨਾਲ ਵਿਖਾਇਆ ਗਿਆ। ਇਹ ਇਕ ਇਤਿਹਾਸਕ, ਮਾਣਮੱਤੀ ਫ਼ਿਲਮ ਸੀ।

‘ਟੂ ਏਕਰਸ ਆਫ਼ ਲੈਂਡ’ ਫ਼ਿਲਮ ’ਚ ਉਦਯੋਗੀਕਰਨ ਨਾਲ ਜੂਝ ਰਹੇ ਇਹ ਗਰੀਬ ਕਿਸਾਨ ਦੀ ਦੁਰਦਸ਼ਾ ਨੂੰ ਪੇਸ਼ ਕੀਤਾ ਗਿਆ ਹੈ। ਇਹ ਫ਼ਿਲਮ ਰਵਿੰਦਰਨਾਥ ਟੈਗੋਰ ਦੀ ਕਵਿਤਾ ‘ਦੂਈ ਬੀਗਾ ਜੋਮੀ’ ਅਤੇ ਸੰਗੀਤਕਾਰ ਸਲਿਲ ਚੌਧਰੀ ਦੀ ਲਿਖੀ ਲਘੂ ਕਹਾਣੀ ‘ਰਿਕਸ਼ਾਵਾਲਾ’ ’ਤੇ ਆਧਾਰਿਤ ਸੀ। ਬਲਰਾਜ ਸਾਹਨੀ, ਨਿਰੂਪਾ ਰਾਏ ਅਤੇ ਮੀਨਾ ਕੁਮਾਰੀ ਨੇ ਮੁਖ ਭੂਮਿਕਾਵਾਂ ਨਿਭਾਉਂਦਿਆਂ ਆਪੋ-ਆਪਣੇ ਕਿਰਦਾਰ ਵਿਚ ਜਾਨ ਪਾ ਦਿੱਤੀ ਸੀ।

‘ਦੋ ਬਿਘਾ ਜ਼ਮੀਨ’ ਫ਼ਿਲਮ ਨੂੰ ਉਦੋਂ ਅਨੇਕਾਂ ਪੁਰਸਕਾਰ ਮਿਲੇ ਸਨ। ਕਾਨ੍ਹ ਫ਼ਿਲਮ ਉਤਸਵ ਵਿਚ ‘ਪ੍ਰਿਕਸ ਇੰਟਰਨੈਸ਼ਨਲ’ ਜਿੱਤਣ ਵਾਲੀ ਇਹ ਪਹਿਲੀ ਭਾਰਤੀ ਫ਼ਿਲਮ ਸੀ। ਬਿਹਤਰੀਨ ਫ਼ਿਲਮ ਅਤੇ ਬਿਹਤਰੀਨ ਨਿਰਦੇਸ਼ਕ ਫ਼ਿਲਮ ਫੇਅਰ ਐਵਾਰਡ ਵੀ ਇਸਨੇ ਜਿੱਤੇ ਸਨ। ਫ਼ਿਲਮ ਦੀ ਕਹਾਣੀ ਜਜ਼ਬਾਤੀ ਹੈ। ਛੋਟੇ ਜਿਹੇ ਪਿੰਡ ਵਿਚ ਦੋ ਏਕੜ ਜ਼ਮੀਨ ਦੇ ਮਾਲਕ ਇਕ ਗਰੀਬ ਕਿਸਾਨ ਸ਼ੰਭੂ ਦੇ ਇਰਦ-ਗਿਰਦ ਘੁੰਮਦੀ ਹੈ। ਜਦੋਂ ਇਕ ਅਮੀਰ ਜ਼ਿਮੀਂਦਾਰ ਸ਼ਹਿਰ ਦੇ ਕਾਰੋਬਾਰੀਆਂ ਨਾਲ ਮਿਲਕੇ ਵਧੇਰੇ ਮੁਨਾਫ਼ਾ ਕਮਾਉਣ ਦੀ ਲਾਲਸਾ ਤਹਿਤ ਉਸਦੀ ਜ਼ਮੀਨ ’ਤੇ ਕਾਰਖ਼ਾਨਾ ਬਨਾਉਣ ਦੀ ਯੋਜਨਾ ਉਲੀਕਦਾ ਹੈ। ਸ਼ੰਭੂ ਦੀ ਜ਼ਮੀਨ ਉਸ ਕੋਲ ਗਿਰਵੀ ਸੀ। ਜਾਂ ਤਾਂ ਉਹ ਤਿੰਨ ਮਹੀਨੇ ਵਿਚ ਕਰਜ਼ਾ ਅਦਾ ਕਰੇ ਜਾਂ ਫਿਰ ਜ਼ਮੀਨ ਉਸਦੇ ਹੱਥੋਂ ਚਲੀ ਜਾਏਗੀ।

ਇਸ ਸਥਿਤੀ ਵਿਚ ਪ੍ਰੇਸ਼ਾਨ ਹੋ ਕੇ ਸ਼ੰਭੂ ਆਪਣੇ ਛੋਟੇ ਲੜਕੇ ਕਨੱਈਆ ਨਾਲ ਪੈਸੇ ਕਮਾਉਣ ਲਈ ਕਲਕੱਤਾ ਚਲਾ ਜਾਂਦਾ ਹੈ। ਉਹ ਹੱਥ ਨਾਲ ਚਲਾਉਣ ਵਾਲਾ ਰਿਕਸ਼ਾ ਚਾਲਕ ਬਣ ਜਾਂਦਾ ਹੈ। ਪਰੰਤੂ ਉਹ ਏਨੇ ਪੈਸੇ ਇਕੱਠੇ ਨਹੀਂ ਕਰ ਪਾਉਂਦਾ। ਲੋਕ ਆਪਣੀ ਮੰਜ਼ਿਲ ’ਤੇ ਜਲਦੀ ਪਹੁੰਚਣ ਲਈ ਉਸਨੂੰ ਵੱਧ ਪੈਸੇ ਦੇਣ ਦਾ ਲਾਲਚ ਦੇ ਕੇ ਤੇਜ਼ ਚੱਲਣ ਲਈ ਕਹਿੰਦੇ ਹਨ। ਉਹ ਤੇਜ਼ ਦੌੜਦਾ ਹੈ, ਹਫ਼ਦਾ ਹੈ ਅਤੇ ਆਖਿਰ ਉਹ ਇਸ ਦੌੜਦੀ ਭੱਜਦੀ ਜ਼ਿੰਦਗੀ ਦਾ ਸ਼ਿਕਾਰ ਹੋ ਜਾਂਦਾ ਹੈ।

ਜਦ ਉਹ ਵਾਪਿਸ ਆਉਂਦਾ ਹੈ, ਤਾਂ ਉਸਦੀ ਜ਼ਮੀਨ ਵਿਕ ਚੁੱਕੀ ਹੁੰਦੀ ਹੈ ਅਤੇ ਪਿਤਾ ਪਾਗਲ ਹੋ ਚੁੱਕਾ ਹੁੰਦਾ ਹੈ। ਉਹ ਆਪਣੀ ਜ਼ਮੀਨ ਵਿਚੋਂ ਇਕ ਮੁੱਠੀ ਮਿੱਟੀ ਲੈਣੀ ਚਾਹੁੰਦਾ ਹੈ, ਉਸਨੂੰ ਉਹ ਵੀ ਨਹੀਂ ਮਿਲਦੀ। ਕਹਾਣੀ ਸਮੇਂ ਦੀ ਹਕੀਕਤ ਬਿਆਨ ਕਰਦੀ ਸੀ। ਕਿਰਦਾਰ ਨੂੰ ਯਥਾਰਥਕ ਬਨਾਉਣ ਲਈ ਸਾਰੀ ਫ਼ਿਲਮ ਵਿਚ ਬਲਰਾਜ ਸਾਹਨੀ ਨੇ ਖੁਦ ਰਿਕਸ਼ਾ ਚਲਾਇਆ ਸੀ। ਇਕ ਗਰੀਬ ਕਿਸਾਨ ਦੇ ਸੋਸ਼ਨ ਦੀ ਇਸ ਦੁਖਾਂਤਕ ਕਹਾਣੀ ਨੇ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ।

ਦੇਸ਼ ਦੀ ਆਜ਼ਾਦੀ ਉਪਰੰਤ ਕਈ ਦਹਾਕਿਆਂ ਤੱਕ ਹਿੰਦੀ ਸਿਨੇਮਾ ਵਿਚ ਗਰੀਬੀ, ਕਿਸਾਨਾਂ ਦੀ ਹਾਲਤ ਅਤੇ ਸੋਸ਼ਨ ਦੀ ਪੇਸ਼ਕਾਰੀ ਹੁੰਦੀ ਰਹੀ।

ਕਲਾ ਨੂੰ, ਫ਼ਿਲਮਾਂ ਨੂੰ ਸਮਾਜ ਦਾ ਦਰਪਨ ਕਿਹਾ ਜਾਂਦਾ ਹੈ। ਇਸੇ ਲਈ ਖੇਤੀ ਪ੍ਰਧਾਨ ਦੇਸ਼ ਵਿਚ ਕਿਸਾਨਾਂ ਦੀ ਬਦਹਾਲੀ ਅਤੇ ਗਰੀਬੀ ਦੇ ਵਿਸ਼ੇ ’ਤੇ ਬਹੁਤ ਸਾਰੀਆਂ ਟੁੰਬਣ ਵਾਲੀਆਂ ਫ਼ਿਲਮਾਂ ਬਣੀਆਂ।

‘ਦੋ ਬਿਘਾ ਜ਼ਮੀਨ’ ਫ਼ਿਲਮ ਨੂੰ ਭਾਰਤ ਵਿਚ ਹੀ ਨਹੀਂ, ਬਲਕਿ ਪੂਰੀ ਦੁਨੀਆਂ ਵਿਚੋਂ ਪ੍ਰਸ਼ੰਸਾ ਮਿਲੀ ਸੀ। ਇਸਨੂੰ ਹੁਣ ਤੱਕ ਦੀ ਸਰਵਸ੍ਰੇਸ਼ਟ ਭਾਰਤੀ ਫ਼ਿਲਮ ਮੰਨਿਆ ਜਾਂਦਾ ਹੈ, ਜਿਸਨੇ ਸਮਾਜਕ ਵਾਸਤਵਿਕਤਾ ਨੂੰ ਮੂਲ ਰੂਪ ਵਿਚ ਪੇਸ਼ ਕੀਤਾ ਹੈ। ਇਸ ਵਿਚ ਨਾਟਕੀਅਤਾ ਅਤੇ ਕਲਪਨਾ ਦਾ ਅੰਸ਼ ਨਾਮਾਤਰ ਹੈ, ਫਿਰ ਵੀ ਇਹ ਦਰਸ਼ਕਾਂ ਦੀ ਆਤਮਾ ਨੂੰ ਝੰਜੋੜ ਜਾਂਦੀ ਹੈ। ਆਪੋ ਆਪਣੀਆਂ ਭੂਮਿਕਾਵਾਂ ਵਿਚ ਬਹੁਤੇ ਅਦਾਕਾਰ ਅਸਲੀ ਵਿਅਕਤੀ ਹੀ ਲੱਗਦੇ ਹਨ।

ਬਲਰਾਜ ਸਾਹਨੀ ਆਪਣੇ ਕਿਰਦਾਰ ਨੂੰ ਸਮਝਣ ਲਈ ਅਤੇ ਉਸ ਨਾਲ ਇਕਮਿਕ ਹੋਣ ਲਈ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਕਲਕੱਤਾ ਦੀਆਂ ਸੜਕਾਂ ’ਤੇ ਰਿਕਸ਼ਾ ਚਲਾਉਂਦੇ ਰਹੇ। ਰਿਕਸ਼ਾ ਚਲਾਉਣ ਵਾਲਿਆਂ ਵਿਚ ਰਹਿੰਦੇ ਰਹੇ। ਉਨ੍ਹਾਂ ਨਾਲ ਗੱਲਬਾਤ ਕਰਦੇ ਰਹੇ, ਤਾਂ ਜੋ ਕਿਰਦਾਰ ਦੀ ਰੂਹ ਤੱਕ ਪਹੁੰਚ ਸਕਣ।

ਇਹ ਵੀ ਕਿਹਾ ਜਾਂਦਾ ਹੈ ਕਿ ਇਹ ਇਟਲੀ ਦੀ ਇਕ ਫ਼ਿਲਮ ਤੋਂ ਪ੍ਰਭਾਵਤ ਹੋ ਕੇ ਬਣਾਈ ਗਈ ਸੀ ਅਤੇ ਉਸਦੀ ਸਫ਼ਲਤਾ ਨੂੰ ਵੇਖਦੇ ਹੋਏ ਭਾਰਤੀ ਸਿਨੇਮਾ ਵਿਚ ਯਥਾਰਥਵਾਦ ਨੂੰ ਪੇਸ਼ ਕੀਤਾ ਗਿਆ ਸੀ। ਦਿਹਾਤੀ ਭਾਰਤ ਅਤੇ ਸ਼ਹਿਰੀਕਰਨ ਦੀ ਵਾਸਤਵਿਕਤਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਮਾਨਸਿਕਤਾ ਨੂੰ ਉਭਾਰਿਆ ਗਿਆ ਸੀ, ਜਿਹੜੇ ਆਪਣੀ ਜ਼ਮੀਨ ਗਵਾ ਬੈਠਦੇ ਹਨ।

ਭਾਰਤ ਵਿਚ ਇਸ ਫ਼ਿਲਮ ਨੂੰ ਸਿਨੇਮਾ ਖੇਤਰ ਵਿਚ ‘ਨਵੀਂ ਲਹਿਰ’ ਕਰਾਰ ਦਿੱਤਾ ਗਿਆ। ਇਸਨੇ ਬਹੁਤ ਸਾਰੇ ਭਾਰਤੀ ਫ਼ਿਲਮਕਾਰਾਂ ਨੂੰ ਪ੍ਰਭਾਵਿਤ ਤੇ ਪ੍ਰੇਰਿਤ ਕੀਤਾ। ਜਿਨ੍ਹਾਂ ਵਿਚ ਸਤਿਆਜੀਤ ਰੇਅ ਅਤੇ ਮ੍ਰਿਣਾਲ ਸੇਨ ਆਦਿ ਸ਼ਾਮਿਲ ਸਨ।

ਫ਼ਿਲਮ ਵਿਚ ਲਹਿਰੀਕਰਨ ਦੇ ਦੁਰਪ੍ਰਭਾਵਾਂ ਅਤੇ ਕਿਸਾਨੀ ਸੰਘਰਸ਼ ਨੂੰ ਦੁਖਾਂਤਕ ਤੇ ਪ੍ਰਭਾਵੀ ਢੰਗ ਨਾਲ ਦਰਸਾਇਆ ਗਿਆ ਹੈ। ਫ਼ਿਲਮ ਮੁੰਬਈ ਵਿਚ ਬਣੀ ਸੀ ਪਰ ਗੱਲ ਖੇਤਾਂ ਦੀ, ਕਿਸਾਨਾਂ ਦੀ ਕਰਦੀ ਸੀ। ਇਸਦਾ ਦਰਸ਼ਕ-ਮਨ ’ਤੇ ਪ੍ਰਭਾਵ ਅਜਿਹਾ ਪੈਂਦਾ ਸੀ ਕਿ ਇਸਨੂੰ ਇਕ ਅਨੋਖੀ ਫ਼ਿਲਮ ਕਿਹਾ ਗਿਆ। ਬਿਮਲ ਰਾਏ ਦੀ ਇਸ ਫ਼ਿਲਮ ਨੂੰ ਦੁਨੀਆਂ ਦੇਖਦੀ ਰਹਿ ਗਈ ਸੀ। ਬਹੁਤ ਸਾਰੇ ਹਿੰਦੀ ਫ਼ਿਲਮਾਂ ਦੇ ਚੋਟੀ ਦੇ ਅਦਾਕਾਰਾਂ ਨੂੰ ਅਫ਼ਸੋਸ ਹੈ ਕਿ ਉਨ੍ਹਾਂ ਨੂੰ ਬਿਮਲ ਰਾਏ ਦੀ ਕਿਸੇ ਫ਼ਿਲਮ ’ਚ ਕੰਮ ਕਰਨ ਦਾ ਮੌਕਾ ਨਹੀਂ ਮਿਲਿਆ। ਬਿਮਲ ਰਾਏ ਨੇ ਆਪਣੀਆਂ ਵਧੇਰੇ ਫ਼ਿਲਮਾਂ ਰਾਹੀਂ ਮਨੁੱਖੀ ਸਰੋਕਾਰਾਂ ਨਾਲ ਜੁੜੇ ਮੁੱਦਿਆਂ ਨੂੰ ਵਿਖਾਇਆ। ‘ਦੋ ਬਿਘਾ ਜ਼ਮੀਨ ਨੇ ਬਿਮਲ ਰਾਏ ਨੂੰ ਸ਼ੁਹਰਤ ਦੀ ਸਿਖ਼ਰ ’ਤੇ ਪਹੁੰਚਾ ਦਿੱਤਾ ਸੀ। ਫ਼ਿਲਮ ਵੇਖਣ ਬਾਅਦ ਰਾਜਕਪੂਰ ਨੇ ਕਿਹਾ ਸੀ, “ਇਸ ਫ਼ਿਲਮ ਨੂੰ ਮੈਂ ਕਿਉਂ ਨਹੀਂ ਬਣਾ ਸਕਿਆ ?”

# “ਕੈਲੀਫੋਰਨੀਆ”

## ਇੱਕ ਵਿਚਾਰ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਇੱਕ ਵਾਰ ਪੰਜਾਬ ਦੇ ਇੱਕ ਮੁੱਖ ਮੰਤਰੀ ਨੇ ਕਿਹਾ ਸੀ ਕਿ ਅਸੀਂ ਪੰਜਾਬ ਨੂੰ ਕੈਲੀਫੋਰਨੀਆ ਬਣਾ ਦੇਣਾ ਹੈ! ਇਹ ਬਿਆਨ ਗਾਲਿਬ ਸਾਹਿਬ ਦੇ ਸ਼ੇਅਰ ਵਾਲੀ ਗੱਲ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ, ਖਯਾਲ ਅੱਛਾ ਹੈ ਗ਼ਾਲਿਬ ਦਿਲ ਕੇ ਬਹਲਾਨੇ ਕੋ! ਬੱਸ ਇਹੋ ਜਿਹਾ ਬਣਨਾ ਪੰਜਾਬ ਨੇ ਕੈਲੀਫ਼ੋਰਨੀਆ॥ ਅਮਰੀਕਾ ਵਿਚ ਕਿਸੇ ਨੂੰ ਚਾਰ ਟ੍ਰੈਫਿਕ ਟਿਕਟਾਂ ਮਿਲ ਜਾਣ, ਤਾਂ ਕਾਰ ਚਲਾਉਣ ਦਾ ਲਾਈਸੈਂਸ ਰੱਦ ਹੋ ਜਾਂਦਾ ਹੈ ਅਤੇ ਆਪਣੀਆਂ ਖਬਰਾਂ ਪੜ੍ਹੀ ਦੀਆਂ ਹਨ, ਫ਼ਲਾਂਣੇ ਬੰਦੇ ਨੇ ਡਕੈਤੀ ਕੀਤੀ,, ਪੁਲਿਸ ਅਨੁਸਾਰ ਇਸ ਉਤੇ 12 ਮੁਕੱਦਮੇ ਚੱਲ ਰਹੇ ਹਨ, ਦੋ ਵਿਚ ਸਜ਼ਾ ਹੋ ਚੁੱਕੀ ਹੈ ਅਤੇ ਉਹ ਜ਼ਮਾਨਤ ’ਤੇ ਆਇਆ ਹੋਇਆ ਸੀ। ਅਕਲ ਦੇ ਅੰਨ੍ਹੇ ਸਿਵਲ ਦੇ ਅਫਸਰਾਂ ਨੂੰ ਪੁੱਛੋ, ਅਜਿਹੇ ਜੱਜਾਂ ਖਿਲਾਫ ਕਦੇ ਮੀਟਿੰਗ ਕੀਤੀ ਹੈ ਕਿ ਇਨ੍ਹਾਂ ਨੂੰ ਜ਼ਮਾਨਤ ਕਿਸ ਰਿਸ਼ਤੇਦਾਰੀ ਦੇ ਆਧਾਰ ’ਤੇ ਦਿੱਤੀ ਜਾਂਦੀ ਹੈ? ਸੱਜਣੋਂ ਅਮਰੀਕਾ ਵਾਲੇ ਜਦੋਂ ਕਿਸੇ ਅਪਰਾਧੀ ਨੂੰ ਜ਼ਮਾਨਤ ’ਤੇ ਛੱਡਣ, ਤਾਂ ਉਸ ਦੇ ਪੈਰਾਂ ਵਿਚ ਇਲੈਕਟ੍ਰਾਨਿਕ ਡਿਵਾਈਸ ਲਾ ਦੇਂਦੇ ਹਨ, ਏਰੀਆ ਨਿਰਧਾਰਿਤ ਕਰ ਦੇਂਦੇ ਹਨ, ਇਸ ਇਲਾਕੇ ਤੋਂ ਬਾਹਰ ਨਹੀਂ ਜਾ ਸਕਦਾ। ਸਾਡੀ ਇੰਟੈਲੀਜੈਂਸੀ ਸੁੱਖ ਨਾਲ ਏਨੀ ਮਜ਼ਬੂਤ ਹੈ ਕਿ ਦਿੱਲੀ ਦੇ ਬਹੁਤ ਹੀ ਸਖ਼ਤ ਨਿਗਰਾਨੀ ਹੇਠ ਪਏ ਸਮਾਨ ਵਿਚੋਂ ਪਾਕਿਸਤਾਨੀ ਜੰਗੀ ਕੈਦੀ ਜਨਰਲ ਨਿਆਜ਼ੀ ਦਾ ਸਰਵਿਸ ਰਿਵਾਲਵਰ ਚੋਰੀ ਹੋ ਗਿਆ ਸੀ। ਚੇਤੇ ਰਹੇ ਕਿ ਇਹ ਜਰਨਲ ਨਿਆਜ਼ੀ ਉਹ ਸ਼ਖ਼ਸ ਸੀ, ਜਿਸ ਨੇ ਨੱਬੇ ਹਜ਼ਾਰ ਫੌਜੀਆਂ ਸਮੇਤ (ਬੰਗਲਾਦੇਸ਼ 1971) ਦੀ ਜੰਗ ਹਾਰਨ ’ਤੇ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਜਨਰਲ ਸੁਬੇਗ ਸਿੰਘ ਹੋਰਾਂ ਸਮੇਤ ਭਾਰਤੀ ਫੌਜ ਦੇ ਸਾਹਮਣੇ ਆਤਮ ਸਮਰਪਣ ਕੀਤਾ ਸੀ। ਕੁਝ ਕੁ ਵਰ੍ਹੇ ਪਹਿਲਾਂ ਇੱਕ ਹਜ਼ਾਰ ਦੇ ਨਵੇਂ ਨੋਟ ਜੋ ਰਿਜ਼ਰਵ ਬੈਂਕ ਵੱਲੋਂ ਬੈਂਕਾਂ ਨੂੰ ਭੇਜੇ ਜਾ ਰਹੇ ਸਨ, ਉਸ ਖੇਪ ਵਿਚੋਂ ਅਰਬਾਂ ਰੁਪਏ ਦੀ ਕਰੰਸੀ ਲੁੱਟ ਲਈ ਗਈ ਸੀ, ਜਿਸ ਦੇਸ਼ ਵਿਚ ਏਨੇ ਵੱਡੇ-ਵੱਡੇ ਗਿਰੋਹ ਜ਼ਮਾਨਤ ’ਤੇ ਦਨਦਨਾਉਂਦੇ ਫਿਰਦੇ ਹੋਣ, ਉਸ ਨੂੰ ਅਮਰੀਕਾ ਬਣਾਉਣ ਦਾ ਸੁਪਨਾ ਵੇਖਣਾ ਅਚੰਭਿਤ ਕਰਦਾ ਹੈ। ਦੋਵੇਂ ਸਰਕਾਰਾਂ ਨੂੰ ਬੇਨਤੀ ਹੈ ਕਿ ਪੁਲਿਸ ਨੂੰ ਚੁਸਤ ਦਰੁੱਸਤ ਕਰੋ, ਫਿਰ ਸੁਪਨਾ ਵੇਖਿਉ ਕੈਲੀਫੋਰਨੀਆ ਦਾ ਅਤੇ ਆਪਣੀਆਂ ਹਿਫ਼ਾਜ਼ਤਾਂ ਵਾਸਤੇ ਹੋਰ ਫੋਰਸ ਭਰਤੀ ਕਰੋ, ਜਿਨ੍ਹਾਂ ਦਾ ਥਾਣਿਆਂ ਨਾਲ ਕੋਈ ਸਬੰਧ ਨਾ ਹੋਵੇ।



# ਅਜੋਕੇ ਸਮੇਂ ਦੇ ਹਾਲਾਤ . . .

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
ਪੰਜਾਬ ਮੇਲ USA



ਜੇਕਰ ਕਿਸੇ ਵੀ ਇਨਸਾਨ ਵੱਲੋਂ ਅੱਜ ਦੇ ਸਮੇਂ ਦੇ ਹਾਲਾਤਾਂ ’ਤੇ ਚਾਨਣਾ ਪਾਉਣਾ ਹੋਵੇ, ਤਾਂ ਅਸੀਂ ਆਪਣੇ ਆਲੇ-ਦੁਆਲੇ ਨੂੰ ਵਾਚ ਕੇ ਬਹੁਤ ਕੁਝ ਵੇਖ ਅਤੇ ਸੁਣ ਸਕਦੇ ਹਾਂ। ਅੱਜ ਦੇ ਹਾਲਾਤਾਂ ’ਤੇ ਝਾਤ ਪਾਉਣ ਦੇ ਲਈ ਸਾਨੂੰ ਕਿਤੇ ਵੀ ਜਾਣ ਦੀ ਲੋੜ ਨਹੀਂ। ਜੋ ਅੱਜ ਦੇ ਹਾਲਾਤ ਬਣ ਚੁੱਕੇ ਹਨ, ਉਹ ਸਾਡੇ ਵਿਚੋਂ ਹੀ ਹਨ ਅਤੇ ਇਸ ਦੇ ਲਈ ਸਾਨੂੰ ਬਾਹਰ ਵੇਖਣ ਦੀ ਬਜਾਏ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿਉਂਕਿ ਜੋ ਅੱਜ ਹਾਲਾਤ ਸਾਡੇ ਸਮਾਜ ਅੰਦਰ ਬਣ ਚੁੱਕੇ ਹਨ, ਉਸ ਦੇ ਲਈ ਜ਼ਿੰਮੇਵਾਰ ਸਰਕਾਰਾਂ ਅਤੇ ਅਸੀਂ ਆਪ ਖੁਦ ਹਾਂ। ਸਾਡਾ ਸਮਾਜ ਅੱਜ ਇਸ ਕਦਰ ਅਲਾਮਤਾਂ ਦੇ ਰਾਹ ਪਿਆ ਨਜ਼ਰੀਂ ਪੈਂਦਾ ਹੈ, ਜਿਸ ਨੂੰ ਵੇਖ ਕੇ ਕਿਸੇ ਵੀ ਇਨਸਾਨ ਦਾ ਦਿਲ ਧੁਰ ਅੰਦਰੋਂ ਹਿਲ ਜਾਂਦਾ ਹੈ। ਪਿਛਲੇ ਸਮੇਂ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਹੋਰ ਬਹੁਤ ਕੁਝ ਸਾਡੇ ਪੱਲੇ ਸੀ ਪਰ ਅੱਜ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਵੀ ਸਾਡੇ ਤੋਂ ਗੁਵਾਚ ਚੁੱਕੀਆਂ ਹਨ। ਬਜ਼ੁਰਗਾਂ ਦੇ ਸਮੇਂ ਬਹੁਤ ਕੁਝ ਵੱਖਰਾ ਸੀ, ਜੋ ਅੱਜ ਸਾਡੇ ਤੋਂ ਗੁਆਚ ਗਿਆ ਹੈ, ਇਹ ਸਾਰਾ ਕੁਝ ਦੇ ਜ਼ਿੰਮੇਵਾਰ ਅਸੀਂ ਆਪ ਲੋਕ ਹਾਂ। ਇਸ ਦੇ ਲਈ ਜ਼ਿੰਮੇਵਾਰੀ ਸਾਡੀ ਹੈ।

ਅਸੀਂ ਗੱਲ ਕਰ ਰਹੇ ਸੀ ਅੱਜ ਦੇ ਹਾਲਾਤਾਂ ਦੀ ਕਿ ਹਾਲਾਤ ਵਿਗੜੇ ਕਿਉਂ ਜਾਂ ਹਾਲਾਤ ਇੱਥੇ ਕਿਵੇਂ ਪਹੁੰਚੇ ਇਹ ਚਰਚਾ ਦਾ ਵਿਸ਼ਾ ਹੈ। ਅੱਜ ਸਾਡੇ ਸਮਾਜ ਦੇ ਅੰਦਰ ਬਹੁਤ ਸਾਰੇ ਇਨਸਾਨ ਲਚਾਰ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਫਰਕ ਕਿੱਥੇ ਹੈ, ਨੁਕਸਾਨ ਕਿਸ ਦਾ ਹੈ, ਜ਼ਿੰਮੇਵਾਰੀ ਕਿਸਦੀ ਹੈ, ਕਿਸੇ ਨੂੰ ਕੁਝ ਵੀ ਨਹੀਂ ਪਤਾ, ਸਮਾਂ ਅਤੇ ਘੜੀ ਦੀਆਂ ਸੂਈਆਂ ਕਦੇ ਵੀ ਨਹੀਂ ਰੁਕਦੀਆਂ। ਉਨ੍ਹਾਂ ਦੀ ਟਿਕ-ਟਿਕ ਸਦਾ ਚਲਦੀ ਰਹਿੰਦੀ ਹੈ। ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਪਰ ਅਸੀਂ ਜ਼ਿੰਦਗੀ ਅੰਦਰ ਕਈ ਵਾਰ ਬਹੁਤ ਨੁਕਸਾਨ ਉਠਾ ਲੈਂਦੇ ਹਾਂ। ਸਿਆਣੇ ਆਖਦੇ ਨੇ ਕਿ ਪਹਿਲਾਂ ਤੋਲੋ ਤੇ ਫਿਰ ਬੋਲੋ। ਇਹ ਸਦੀਵੀ ਸੱਚ ਹੈ। ਇਸ ਤੋਂ ਬਿਨਾਂ ਸਾਡੀ ਗਤੀ ਨਹੀਂ ਹੁੰਦੀ। ਪਰ ਅੱਜ ਸਾਡੇ ਸਮਾਜ ਅੰਦਰ ਇਨ੍ਹਾਂ ਗੱਲਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ, ਅਸੀਂ ਬਹੁਤ ਸਾਰੇ ਇਨਸਾਨ ਇਸ ਦੇ ਉਲਟ ਚੱਲ ਰਹੇ ਹਾਂ। ਇਨ੍ਹਾਂ ਗੱਲਾਂ ਦੀ ਸਮਾਜ ਅੰਦਰ ਕੋਈ ਕਦਰ ਬਾਕੀ ਨਹੀਂ ਰਹੀ। ਇਸ ਦੀ ਬਦੌਲਤ ਹੀ ਸਮਾਜ ਅੰਦਰ ਦੁੱਖਾਂ ਦਾ ਪਸਾਰਾ ਵੱਧ ਰਿਹਾ ਹੈ।




ਅੱਜ ਜੇਕਰ ਗੱਲ ਕਰੀਏ ਇਨਸਾਨੀ ਜ਼ਿੰਦਗੀਆਂ ਦੀ, ਤਾਂ ਉਹ ਵੀ ਹਸਪਤਾਲਾਂ ਦੇ ਅੰਦਰ ਸੰਤਾਪ ਭੋਗ ਰਹੀਆਂ ਹਨ। ਉੱਥੇ ਕਸੂਰ ਕਿਸ ਦਾ ਹੈ, ਇਹ ਗੱਲ ਵੀ ਕਿਸੇ ਨੂੰ ਨਹੀਂ ਪਤਾ। ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਤੋਂ ਆਰੀ ਹੋ ਕੇ ਦਿਨ ਕਟੀ ਕਰ ਰਹੇ ਹਨ। ਉੱਥੇ ਕਸੂਰ ਕਿਸਦਾ ਹੈ, ਇਸ ਦਾ ਵੀ ਕੋਈ ਸਾਨੀ ਨਹੀਂ ਹੈ। ਕੋਈ ਵੀ ਆਪਣੀ ਗੱਲ ਮੰਨਣ ਨੂੰ ਤਿਆਰ ਨਹੀਂ, ਅਸੀਂ ਸਾਰੇ ਇੱਕ ਦੂਜੇ ਦਾ ਕਸੂਰ ਕੱਢ ਕੇ ਜ਼ਿੰਦਗੀ ਜਿਉਂ ਰਹੇ ਹਾਂ। ਅਸਲ ਵਿਚ ਅਸੀਂ ਜ਼ਿੰਦਗੀ ਜਿਉਂਦੇ ਨਹੀਂ, ਅਸੀਂ ਜ਼ਿੰਦਗੀ ਭੋਗ ਰਹੇ ਹਾਂ ਕਿਉਂਕਿ ਜ਼ਿੰਦਗੀ ਭੋਗਣ ਅਤੇ ਜ਼ਿੰਦਗੀ ਜਿਉਣ ਵਿਚ ਫਰਕ ਹੈ। ਅਸੀਂ ਸਾਰੇ ਅਕਸਰ ਆਖ ਦਿੰਦੇ ਹਾਂ ਕਿ ਇਨਸਾਨ ਰੋਟੀ ਖਾਤਰ ਜਿਉਂਦਾ ਹੈ, ਜਦਕਿ ਜ਼ਿੰਦਗੀ ਜਿਉਣ ਖਾਤਰ ਰੋਟੀ ਦੀ ਜ਼ਰੂਰਤ ਹੁੰਦੀ ਹੈ। ਇਹ ਸਦੀਵੀ ਸੱਚ ਹੈ ਔਰ ਸੱਚ ਰਹੇਗਾ। ਕੋਈ ਵੀ ਇਨਸਾਨ ਰੋਟੀ ਦੇ ਖਾਤਰ ਜ਼ਿੰਦਗੀ ਨਹੀਂ ਜਿਉਂਦਾ, ਜ਼ਿੰਦਗੀ ਜਿਉਣ ਖਾਤਰ ਰੋਟੀ ਦੀ ਜ਼ਰੂਰਤ ਪੈਂਦੀ ਹੈ। ਸਾਨੂੰ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਹੀ ਹੈ।

ਕੋਈ ਵੀ ਬੱਚਾ ਆਪਣੇ ਪਿਤਾ ਦੀ ਕੋਈ ਵੀ ਗੱਲ ਮੰਨਣ ਨੂੰ ਤਿਆਰ ਨਹੀਂ। ਸਾਰਿਆਂ ਨੂੰ ਇੱਕੋ ਰੱਸੇ ਨਹੀਂ ਬੰਨ੍ਹ ਸਕਦੇ। ਹਾਲ ਮੰਦਾ ਹੋ ਚੁੱਕਿਆ ਹੈ। ਇੱਥੇ ਕੋਈ ਵੀ ਗੱਲ ਕਿਸੇ ਦੀ ਨਹੀਂ ਸੁਣਦਾ, ਹਰੇਕ ਦਾ ਮਨ ਕਹਿੰਦਾ ਹੈ ਕਿ ਮੈਂ ਸੱਚਾ ਹਾਂ ਤੇ ਦੂਜਾ ਝੂਠਾ ਹੈ। ਉਹ ਦੂਜਾ ਕਿਸੇ ਨੂੰ ਅੱਜ ਤੱਕ ਮਿਲਿਆ ਵੀ ਨਹੀਂ। ਅਸੀਂ ਸਾਰੇ ਆਪਣੇ ਆਪ ਨੂੰ ਸਹੀ ਠਹਿਰਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਾਂ। ਕਦੇ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਅਸੀਂ ਕਿੰਨੇ ਸੱਚੇ ਹਾਂ, ਸਾਨੂੰ ਤਾਂ ਇਹ ਵੀ ਨਹੀਂ ਪਤਾ। ਜੇਕਰ ਸਾਰੇ ਸੱਚ ’ਤੇ ਪਹਿਰਾ ਦੇ ਕੇ ਜ਼ਿੰਦਗੀ ਅੰਦਰ ਇੱਕ ਦੂਜੇ ਦਾ ਨੁਕਸਾਨ ਨਾ ਕਰਨ, ਤਾਂ ਜ਼ਿੰਦਗੀ ਕਿੰਨੀ ਹਸੀਨ ਹੋ ਜਾਵੇਗੀ, ਕਹਿਣ ਦੀ ਲੋੜ ਨਹੀਂ। ਪਰ ਅਸੀਂ ਤਾਂ ਉੱਥੇ ਵੀ ਪਹਿਰਾ ਨਹੀਂ ਦੇ ਰਹੇ। ਅਸੀਂ ਮਾਲਕ ਨੂੰ ਵੀ ਝੁਠਲਾਉਂਦੇ ਹਾਂ। ਗੁਰੂ ਸਾਹਿਬ ਨੇ ਕਿੰਨਾ ਸੱਚ ਕਿਹਾ ਹੈ ਕਿ ਨਾਨਕ ਦੁਖੀਆ ਸਭ ਸੰਸਾਰ। ਪਰ ਅਸੀਂ ਤਾਂ ਉਸ ਨੂੰ ਵੀ ਮੰਨਣ ਨੂੰ ਤਿਆਰ ਨਹੀਂ, ਗੱਲ ਪਤਾ ਨਹੀਂ ਕੀ ਹੈ। ਅਸਲ ਵਿਚ ਸਾਡਾ ਹਾਲ ਤਾਂ ਹੁਣ ਇਹ ਹੋ ਚੁੱਕਿਆ ਹੈ ਕਿ ਅਸੀਂ ਆਖਰ ਦੇਖ ਕੇ ਮੁੜਦੇ ਹਾਂ।

ਬੱਚੇ ਆਪਣੇ ਪਿਤਾ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਅਤੇ ਪਿਤਾ ਬੱਚਿਆਂ ਦੀ ਗੱਲ ਮੰਨਣ ਨੂੰ ਤਿਆਰ ਨਹੀਂ। ਇਹ ਕੁਦਰਤੀ ਵਰਤਾਰਾ ਹੈ ਜਾਂ ਸਾਡੀਆਂ ਬਣਾਈਆਂ ਹੋਈਆਂ ਗੱਲਾਂ, ਇਹ ਵੀ ਕਿਸੇ ਨੂੰ ਕੁਝ ਨਹੀਂ ਪਤਾ। ਅਸਲ ਵਿਚ ਇਹ ਸਾਡੀ ਜ਼ਿੰਦਗੀ ਦਾ ਦਸਤੂਰ ਨਹੀਂ ਸੀ। ਜ਼ਿੰਦਗੀ ਕੀ ਸੀ, ਇਹ ਵੀ ਕਿਸੇ ਨੂੰ ਗਿਆਨ ਹੋਣ ਦੇ ਬਾਵਜੂਦ ਕੋਈ ਵੀ ਮੰਨਣ ਨੂੰ ਤਿਆਰ ਨਹੀਂ ਕਿ ਸਾਡੀ ਜਿੰਦਗੀ ਪਹਿਲਾਂ ਕੀ ਸੀ ਅਤੇ ਕੀ ਹੋਣੀ ਚਾਹੀਦੀ ਹੈ। ਅਸੀਂ ਤਾਂ ਹੋਰ ਹੀ ਰਾਹ ਪੈ ਚੁੱਕੇ ਹਾਂ। ਦੁਨੀਆਂ ਝੂਠ ਦੀ ਬਣ ਕੇ ਰਹਿ ਗਈ ਹੈ। ਕੋਈ ਵੀ ਕਿਸੇ ਦੀ ਮੰਨਣ ਨੂੰ ਤਿਆਰ ਨਹੀਂ। ਮੈਂ ਸੱਚਾ, ਮੈਂ ਵੱਡਾ, ਮੈਂ ਅਮੀਰ ਦੀ ਰੱਟ ਨੇ ਪੰਜਾਬੀਆਂ ਦਾ ਭਾਰੀ ਨੁਕਸਾਨ ਕੀਤਾ ਹੈ। ਇਹ ਗੱਲ ਵਿਦੇਸ਼ਾਂ ਅੰਦਰ ਵੀ ਚੱਲ ਰਹੀ ਹੈ ਅਤੇ ਇੱਥੇ ਵੀ ਚੱਲ ਰਹੇ ਹੈ। ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਪਤਾ ਨਹੀਂ ਕਿਉਂ ਕੋਈ ਮੰਨਣ ਨੂੰ ਤਿਆਰ ਨਹੀਂ ਹੈ। ਪੰਜਾਬੀ ਨੂੰ ਹਮੇਸ਼ਾ ਕੁਦਰਤ ਦੇ ਨੇੜੇ ਮੰਨਿਆ ਜਾਂਦਾ ਸੀ ਪਰ ਪੰਜਾਬੀਆਂ ਨੇ ਅੱਜ ਜੋ ਹਾਲ ਆਪਣਾ ਕੀਤਾ ਹੈ, ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ।

ਆਓ ਸਾਰੇ ਜੇਕਰ ਇੱਕ ਗੱਲ ਲੜ ਬੰਨ੍ਹ ਕੇ ਚੱਲੀਏ ਕਿ ਅਸੀਂ ਗੁਰੂ ਸਾਹਿਬ ਦੇ ਫਲਸਫੇ ਤੋਂ ਸੇਧ ਲੈ ਕੇ ਆਪਣੀ ਜ਼ਿੰਦਗੀ ਅੰਦਰ ਕੁਝ ਚੰਗਾ ਕਰਨਾ ਹੈ, ਤਾਂ ਹੀ ਅਸੀਂ ਅਸਲ ਜ਼ਿੰਦਗੀ ਵਿਚ ਪਾਸ ਹੋ ਸਕਾਂਗੇ, ਨਹੀਂ ਤਾਂ ਅਸੀਂ ਰਾਹ ਦੇ ਰੋੜੇ ਬਣ ਕੇ ਠੇਡੇ ਖਾਂਦੇ ਜਾਵਾਂਗੇ। ਇਹ ਦਸਤੂਰ ਹੈ। ਨਸ਼ੇ-ਪੱਤੇ ਦਾ ਤਿਆਗ ਕਰਕੇ ਗੁਰੂ ਸਾਹਿਬ ਦੀ ਬਾਣੀ ਪੜ੍ਹ ਕੇ ਜ਼ਿੰਦਗੀ ਅੰਦਰ ਵਧੀਆ ਜ਼ਿੰਦਗੀ ਜਿਉ ਸਕਦੇ ਹਾਂ। ਜੇਕਰ ਅੱਜ ਇਨਸਾਨ ਨੂੰ ਦੁੱਖ ਹਨ, ਤਾਂ ਉਸ ਦੇ ਆਪਣੇ ਹੱਥੀਂ ਸਹੇੜੇ ਹਨ। ਨਸ਼ਾ ਕਿਸ ਨੇ ਖਾਣ ਨੂੰ ਕਿਹਾ। ਪੈਸੇ ਦੀ ਭੁੱਖ ਅਸੀਂ ਇੰਨੀ ਵਧਾ ਲਈ ਕਿ ਅਸੀਂ ਵਿਦੇਸ਼ਾਂ ਅੰਦਰ ਆ ਕੇ ਠੱਗੀਆਂ ਮਾਰਨ ਤੋਂ ਬਾਜ਼ ਨਹੀਂ ਆਉਂਦੇ। ਇਨ੍ਹਾਂ ਗੱਲਾਂ ਲਈ ਜ਼ਿੰਮੇਵਾਰ ਕੌਣ ਹੈ। ਸਾਨੂੰ ਕਿਸ ਨੇ ਕਿਹਾ ਸੀ ਕਿ ਅਸੀਂ ਆਪਣੇ ਘਰ-ਬਾਰ ਵੱਡੇ-ਵੱਡੇ ਕਰ ਲਈਏ। ਵੱਡੀਆਂ ਗੱਡੀਆਂ ਲੈ ਲਈਏ। ਕਰੋੜਾਂ ਦੀ ਸੰਪਤੀ ਬਣਾ ਕੇ ਵੀ ਸਾਨੂੰ ਚੈਨ ਨਹੀਂ ਆਉਂਦੀ। ਇਹ ਗੱਲ ਠੀਕ ਨਹੀਂ, ਕਿਉਂਕਿ ਸਾਡਾ ਸੱਭਿਆਚਾਰ ਕਦੇ ਵੀ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ। ਅਸਲ ਗੱਲ ਤਾਂ ਗੁਰੂ ਸਾਹਿਬ ਦੇ ਫਲਸਫੇ ਨਾਲ ਜੁੜ ਕੇ ਹੀ ਬਣਨੀ ਹੈ।

# ਰੌਸ਼ਨੀ ਮੱਧਮ ਪੈ ਰਹੀ ਹੈ: ਵਧਦੇ ਹਵਾ ਪ੍ਰਦੂਸ਼ਣ ਕਾਰਨ ਭਾਰਤ ਦੇ ਧੁੱਪ ਦੇ ਘੰਟਿਆਂ ਵਿਚ ਗਿਰਾਵਟ ਬਾਰੇ

-ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਭਾਰਤ, ਪੂਰੀ ਸੰਭਾਵਨਾ ਵਿਚ, ਸੂਰਜੀ ਘਾਟ ਦੇ ਯੁੱਗ ਵਿਚ ਦਾਖਲ ਹੋ ਰਿਹਾ ਹੈ। ਇੱਕ ਅਜਿਹੇ ਦੇਸ਼ ਲਈ ਜਿਸਨੇ ਆਪਣੀ ਜਲਵਾਯੂ ਰਣਨੀਤੀ ਸੂਰਜੀ ਊਰਜਾ ’ਤੇ ਲਗਾਈ ਹੈ, ਸੂਰਜੀ ਘਟਨਾਵਾਂ ਵਿਚ ਕਮੀ ਸਿੱਧੇ ਤੌਰ ’ਤੇ ਘੱਟ ਬਿਜਲੀ ਉਤਪਾਦਨ ਵਿਚ ਅਨੁਵਾਦ ਕਰਦੀ ਹੈ।

ਸੂਰਜ ਦੀ ਰੌਸ਼ਨੀ ਇੱਕ ਅਮੁੱਕ ਸਰੋਤ ਵਾਂਗ ਜਾਪ ਸਕਦੀ ਹੈ। ਪਰ ਬਨਾਰਸ ਹਿੰਦੂ ਯੂਨੀਵਰਸਿਟੀ, ਇੰਡੀਅਨ ਇੰਸਟੀਚਿਊਟ ਆਫ਼ ਟ੍ਰੌਪਿਕਲ ਮੈਟਰੋਲੋਜੀ ਅਤੇ ਇੰਡੀਆ ਮੈਟਰੋਲੋਜੀਕਲ ਡਿਪਾਰਟਮੈਂਟ, ਸਮੇਤ ਹੋਰਾਂ ਦੇ ਇੱਕ ਨਵੇਂ ਅਧਿਐਨ ਵਿਚ ਪਾਇਆ ਗਿਆ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਭਾਰਤ ਭਰ ਵਿਚ ਧੁੱਪ ਦੇ ਘੰਟੇ ਘੱਟ ਰਹੇ ਹਨ ਕਿਉਂਕਿ ਸੰਘਣੇ ਬੱਦਲ ਛਾਏ ਹੋਏ ਹਨ ਅਤੇ ਵਧਦੇ ਐਰੋਸੋਲ ਪ੍ਰਦੂਸ਼ਣ ਕਾਰਨ। ਪੱਛਮੀ ਤੱਟ ’ਤੇ ਸੂਰਜ ਦੀ ਰੌਸ਼ਨੀ ਦੇ ਘੰਟਿਆਂ ਵਿਚ ਪ੍ਰਤੀ ਸਾਲ 8.6 ਘੰਟੇ ਦੀ ਗਿਰਾਵਟ ਦੇਖੀ ਗਈ, ਜਦੋਂ ਕਿ ਉੱਤਰੀ ਮੈਦਾਨੀ ਇਲਾਕਿਆਂ ਵਿਚ ਪ੍ਰਤੀ ਸਾਲ 13.1 ਘੰਟੇ ਦੀ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ। ਪੂਰਬੀ ਤੱਟ ਅਤੇ ਡੈੱਕਨ ਪਠਾਰ ਨੇ ਵੀ ਕ੍ਰਮਵਾਰ 4.9 ਅਤੇ 3.1 ਘੰਟੇ ਪ੍ਰਤੀ ਸਾਲ ਦੇ ਗਿਰਾਵਟ ਦੇ ਰੁਝਾਨ ਦਿਖਾਏ। ਇਸਦਾ ਮਤਲਬ ਇਹ ਹੈ ਕਿ ਭਾਰਤ, ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਸੂਰਜੀ ਊਰਜਾ ਬਾਜ਼ਾਰ ਅਤੇ ਮੁੱਖ ਤੌਰ ’ਤੇ ਖੇਤੀਬਾੜੀ ਪ੍ਰਧਾਨ ਸਮਾਜ, ਪੂਰੀ ਸੰਭਾਵਨਾ ਵਿਚ, ਸੂਰਜੀ ਘਾਟ ਦੇ ਯੁੱਗ ਵਿਚ ਦਾਖਲ ਹੋ ਰਿਹਾ ਹੈ। ਇੱਕ ਅਜਿਹੇ ਦੇਸ਼ ਲਈ ਜਿਸਨੇ ਆਪਣੀ ਜਲਵਾਯੂ ਰਣਨੀਤੀ ਸੂਰਜੀ ਊਰਜਾ ’ਤੇ ਲਗਾਈ ਹੈ, ਘੱਟ ਸੂਰਜੀ ਘਟਨਾਵਾਂ ਸਿੱਧੇ ਤੌਰ ’ਤੇ ਘੱਟ ਬਿਜਲੀ ਉਤਪਾਦਨ ਵਿਚ ਅਨੁਵਾਦ ਕਰਦੀਆਂ ਹਨ। ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਦਿੱਲੀ ਦੇ ਖੋਜਕਰਤਾਵਾਂ ਦਾ ਅੰਦਾਜ਼ਾ ਹੈ ਕਿ 2001 ਅਤੇ 2018 ਦੇ ਵਿਚਕਾਰ ਹਵਾ ਪ੍ਰਦੂਸ਼ਣ ਨੇ ਭਾਰਤ ਦੇ ਉਪਯੋਗੀ ਸੂਰਜੀ ਕਿਰਨਾਂ ਨੂੰ ਲਗਭਗ 30% ਘਟਾ ਦਿੱਤਾ, ਜਿਸ ਲਈ ਭਾਰਤ ਦੀਆਂ ਸੂਰਜੀ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਰਬਾਂ ਡਾਲਰ ਦੇ ਵਾਧੂ ਨਿਵੇਸ਼ ਦੀ ਲੋੜ ਪਵੇਗੀ। ਫਿਰ ਖੇਤੀਬਾੜੀ ’ਤੇ ਪ੍ਰਭਾਵ ਪੈਂਦਾ ਹੈ। ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ, ਜਿੱਥੇ ਮੱਧਮਪਣ ਤੇਜ਼ ਹੈ, ਕਿਸਾਨ ਫਸਲਾਂ ਦੇ ਸੁਸਤ ਵਿਕਾਸ ਅਤੇ ਪੱਤਿਆਂ ’ਤੇ ਲੰਬੇ ਸਮੇਂ ਤੱਕ ਨਮੀ ਦੀ ਰਿਪੋਰਟ ਕਰਦੇ ਹਨ - ਫੰਗਲ ਬਿਮਾਰੀ ਅਤੇ ਨਤੀਜੇ ਵਜੋਂ ਫਸਲਾਂ ਦੇ ਨੁਕਸਾਨ ਦਾ ਇੱਕ ਨੁਸਖਾ।



ਮਨੁੱਖੀ ਮਨ ਅਤੇ ਸਰੀਰ ਵੀ ਖਤਰੇ ਵਿਚ ਹਨ। ਘੱਟ ਹੋਈ ਧੁੱਪ ਹਾਰਮੋਨ ਦੇ ਪੱਧਰਾਂ ਨੂੰ ਬਦਲਦੀ ਹੈ, ਸੁਚੇਤਤਾ ਨੂੰ ਧੁੰਦਲਾ ਕਰ ਦਿੰਦੀ ਹੈ, ਅਤੇ ਨੀਂਦ ਦੇ ਚੱਕਰਾਂ ਵਿਚ ਵਿਘਨ ਪਾਉਂਦੀ ਹੈ। ਭਾਰਤ ਦਾ ਇਕੱਲਾ ਸਮਾਂ ਖੇਤਰ ਪ੍ਰਭਾਵ ਨੂੰ ਵਧਾਉਂਦਾ ਹੈ। ਮਨੋਵਿਗਿਆਨੀ ਥਕਾਵਟ, ਚਿੰਤਾ ਅਤੇ ਮੌਸਮੀ ਉਦਾਸੀ ਦੀਆਂ ਉੱਚ ਦਰਾਂ ਨੂੰ ਨੋਟ ਕਰਦੇ ਹਨ, ਜਦੋਂ ਸੂਰਜ ਦੀ ਰੌਸ਼ਨੀ ਕੁਝ ਹੱਦਾਂ ਤੋਂ ਹੇਠਾਂ ਡਿੱਗਦੀ ਹੈ। ਵਿਟਾਮਿਨ ਡੀ ਦੀ ਕਮੀ, ਜੋ ਕਿ ਭਾਰਤੀ ਸ਼ਹਿਰਾਂ ਵਿਚ ਪਹਿਲਾਂ ਹੀ ਵਿਆਪਕ ਹੈ - ਸੂਰਜ ਦੀ ਰੌਸ਼ਨੀ ਦੇ ਨੁਕਸਾਨ ਦੇ ਨਾਲ ਵੱਧਦੀ ਹੈ। ਬਨਸਪਤੀ ਅਤੇ ਜੀਵ-ਜੰਤੂਆਂ ਲਈ ਨਤੀਜੇ ਵੀ ਓਨੇ ਹੀ ਚਿੰਤਾਜਨਕ ਹਨ। ਮੱਧਮ ਹੋਣ ਨਾਲ ਲੜਨ ਲਈ, ਭਾਰਤ ਨੂੰ ਪਹਿਲਾਂ ਇਸਦੇ ਕਾਰਨ ਨੂੰ ਸੰਬੋਧਿਤ ਕਰਨਾ ਚਾਹੀਦਾ ਹੈ: ਗੰਦੀ ਹਵਾ। ਇਸਦਾ ਅਰਥ ਹੈ ਕਿ ਐਰੋਸੋਲ ਪ੍ਰਦੂਸ਼ਣ ਨੂੰ ਸਿਰਫ਼ ਸਿਹਤ ਲਈ ਖ਼ਤਰਾ ਨਹੀਂ, ਸਗੋਂ ਆਰਥਿਕ ਖ਼ਤਰੇ ਵਜੋਂ ਮੰਨਣਾ। ਰਾਸ਼ਟਰੀ ਸਾਫ਼ ਹਵਾ ਪ੍ਰੋਗਰਾਮ ਦਾ ਉਦੇਸ਼ ਕਣ ਪ੍ਰਦੂਸ਼ਣ ਨੂੰ 20-30% ਤੱਕ ਘਟਾਉਣਾ ਹੈ। ਇਸ ਨਾਲ ਸਾਲਾਨਾ 6-16 ਟੈਰਾਵਾਟ-ਘੰਟੇ ਵਾਧੂ ਸੂਰਜੀ ਊਰਜਾ ਪ੍ਰਾਪਤ ਹੋ ਸਕਦੀ ਹੈ, ਜਿਸਦੀ ਕੀਮਤ ਸੈਂਕੜੇ ਮਿਲੀਅਨ ਡਾਲਰ ਹੈ। ਚੀਨ ਵਾਤਾਵਰਣ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਕੇ ਦਹਾਕਿਆਂ ਤੋਂ ਸੂਰਜ ਦੀ ਰੌਸ਼ਨੀ ਦੇ ਮੱਧਮ ਹੋਣ ਤੋਂ ਚਮਕਣ ਦੇ ਹਾਲੀਆ ਪੜਾਅ ਵੱਲ ਵਧਿਆ ਹੈ। ਭਾਰਤ ਵੀ ਹਨੇਰੇ ਦੇ ਨੇੜੇ ਆਉਣ ਵਿਰੁੱਧ ਇਹ ਜੰਗ ਜਿੱਤ ਸਕਦਾ ਹੈ।

# ਤਿਉਹਾਰਾਂ ਤੋਂ ਪਰੇ ਸੱਚ: ਭਾਰਤੀ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਸਾਲ ਭਰ ਦਾ ਸੰਕਟ ਹੈ



**ਪ੍ਰਿਯੰਕਾ ਸੌਰਭ**
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA


**ਜ਼ਿਆਦਾਤਰ ਭਾਰਤੀ ਸ਼ਹਿਰਾਂ ਵਿਚ, ਹਵਾ ਪ੍ਰਦੂਸ਼ਣ ਨੂੰ ਗਲਤੀ ਨਾਲ ਮੌਸਮੀ ਜਾਂ ਤਿਉਹਾਰ-ਵਿਸ਼ੇਸ਼ ਸਮੱਸਿਆ ਮੰਨਿਆ ਜਾਂਦਾ ਹੈ। ਦੀਵਾਲੀ ਜਾਂ ਸਰਦੀਆਂ ਤੋਂ ਬਾਅਦ ਚਰਚਾ ਫਿੱਕੀ ਪੈ ਜਾਂਦੀ ਹੈ, ਜਦੋਂ ਕਿ ਪ੍ਰਦੂਸ਼ਣ ਦੇ ਸਰੋਤ - ਵਾਹਨ, ਉਦਯੋਗ, ਉਸਾਰੀ ਦੀ ਧੂੜ ਅਤੇ ਪਰਾਲੀ ਸਾੜਨਾ - ਸਾਲ ਭਰ ਸਰਗਰਮ ਰਹਿੰਦੇ ਹਨ। ਇਹ ਅਸਥਾਈ ਸੋਚ ਪ੍ਰਤੀਕਿਰਿਆਸ਼ੀਲ ਨੀਤੀਆਂ ਵੱਲ ਵੀ ਲੈ ਜਾਂਦੀ ਹੈ। ਭਾਰਤ ਨੂੰ ਇੱਕ ਲੰਬੇ ਸਮੇਂ ਦੀ, ਵਿਗਿਆਨਕ ਅਤੇ ਵਿਵਹਾਰ-ਆਧਾਰਿਤ ਰਣਨੀਤੀ ਅਪਣਾਉਣੀ ਚਾਹੀਦੀ ਹੈ, ਜੋ ਸਾਫ਼ ਹਵਾ ਨੂੰ ਇੱਕ ਵਿਸ਼ਵਵਿਆਪੀ ਅਧਿਕਾਰ ਬਣਾਉਣ ਲਈ ਸਾਫ਼ ਊਰਜਾ, ਜਨਤਕ ਆਵਾਜਾਈ, ਟਿਕਾਊ ਖੇਤੀਬਾੜੀ, ਉਦਯੋਗਿਕ ਸੁਧਾਰ ਅਤੇ ਨਾਗਰਿਕ ਭਾਗੀਦਾਰੀ ਨੂੰ ਜੋੜਦੀ ਹੈ। - ਡਾ. ਪ੍ਰਿਯੰਕਾ ਸੌਰਭ**

ਅੱਜ ਭਾਰਤੀ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਸਿਰਫ਼ ਇੱਕ ਵਾਤਾਵਰਣ ਸਮੱਸਿਆ ਨਹੀਂ ਹੈ, ਸਗੋਂ ਸਿਹਤ, ਆਰਥਿਕਤਾ ਅਤੇ ਸਮਾਜਿਕ ਸਥਿਰਤਾ ਲਈ ਇੱਕ ਡੂੰਘਾ ਖ਼ਤਰਾ ਹੈ। ਹਰ ਸਾਲ, ਜਿਵੇਂ ਹੀ ਸਰਦੀਆਂ ਨੇੜੇ ਆਉਂਦੀਆਂ ਹਨ ਜਾਂ ਦੀਵਾਲੀ ਦਾ ਤਿਉਹਾਰ ਨੇੜੇ ਆਉਂਦਾ ਹੈ, ਦੇਸ਼ ਭਰ ਵਿਚ ਹਵਾ ਪ੍ਰਦੂਸ਼ਣ ਬਾਰੇ ਚਰਚਾ ਅਚਾਨਕ ਤੇਜ਼ ਹੋ ਜਾਂਦੀ ਹੈ। ਧੁੰਦ ਅਤੇ ਧੂੰਏਂ ਦੀਆਂ ਤਸਵੀਰਾਂ ਨਿਊਜ਼ ਚੈਨਲਾਂ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਭਰ ਜਾਂਦੀਆਂ ਹਨ। ਕੁਝ ਹਫ਼ਤਿਆਂ ਲਈ, ਲੋਕ ਮਾਸਕ ਪਹਿਨਦੇ ਹਨ, ਸਰਕਾਰਾਂ ਐਮਰਜੈਂਸੀ ਯੋਜਨਾਵਾਂ ਬਣਾਉਂਦੀਆਂ ਹਨ ਅਤੇ ਫਿਰ ਇਸ ਮੁੱਦੇ ਨੂੰ ਹੌਲੀ-ਹੌਲੀ ਭੁੱਲ ਜਾਂਦਾ ਹੈ। ਇਹ ਰੁਝਾਨ-ਪ੍ਰਦੂਸ਼ਣ ਨੂੰ ਇੱਕ ਮੌਸਮੀ ਸਮੱਸਿਆ ਵਜੋਂ ਮੰਨਣਾ ਜੋ ਸਿਰਫ ਕੁਝ ਦਿਨ ਰਹਿੰਦੀ ਹੈ, ਅਸਲ ਵਿਚ ਸਭ ਤੋਂ ਵੱਡੀ ਗਲਤੀ ਹੈ। ਕਿਉਂਕਿ ਭਾਰਤ ਵਿਚ ਹਵਾ ਪ੍ਰਦੂਸ਼ਣ ਤਿਉਹਾਰਾਂ ਲਈ ਇੱਕ ਅਸਥਾਈ ਜਾਂ ਸੀਮਤ ਸਮੱਸਿਆ ਨਹੀਂ ਹੈ, ਸਗੋਂ ਇੱਕ ਬਹੁ-ਸਰੋਤ, ਬਹੁ-ਖੇਤਰੀ ਚੁਣੌਤੀ ਹੈ, ਜੋ ਸਾਲ ਭਰ ਬਣੀ ਰਹਿੰਦੀ ਹੈ।

ਜ਼ਿਆਦਾਤਰ ਭਾਰਤੀ ਸ਼ਹਿਰਾਂ ਵਿਚ ਹਵਾ ਦੀ ਗੁਣਵੱਤਾ ਸਾਲ ਭਰ ਮਾੜੀ ਰਹਿੰਦੀ ਹੈ। ਵਿਸ਼ਵ ਹਵਾ ਗੁਣਵੱਤਾ ਰਿਪੋਰਟ 2024 ਦੇ ਅਨੁਸਾਰ, ਦੁਨੀਆਂ ਦੇ ਦਸ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 9 ਭਾਰਤ ਵਿਚ ਹਨ, ਜਿਨ੍ਹਾਂ ਵਿਚ ਦਿੱਲੀ, ਗਾਜ਼ੀਆਬਾਦ, ਭਿਵਾੜੀ, ਫਰੀਦਾਬਾਦ ਅਤੇ ਲੁਧਿਆਣਾ ਸ਼ਾਮਲ ਹਨ। ਦਿੱਲੀ ਦਾ ਔਸਤ ਪੀ.ਐੱਮ. 2.5 ਪੱਧਰ ਵਿਸ਼ਵ ਸਿਹਤ ਸੰਗਠਨ ਦੀ ਸੀਮਾ ਤੋਂ ਅਠਾਰਾਂ ਗੁਣਾ ਵੱਧ ਪਾਇਆ ਗਿਆ। ਇਸ ਨੂੰ ਸਿਰਫ਼ ਦੀਵਾਲੀ ਦੌਰਾਨ ਪਟਾਕਿਆਂ ਨੂੰ ਜ਼ਿੰਮੇਵਾਰ ਠਹਿਰਾਉਣਾ ਸਮੱਸਿਆ ਦੀ ਅਸਲ ਹੱਦ ਨੂੰ ਛੁਪਾਉਂਦਾ ਹੈ। ਪ੍ਰਦੂਸ਼ਣ ਦੇ ਮੁੱਖ ਕਾਰਨ ਸਾਲ ਭਰ ਸਰਗਰਮ ਹਨ - ਵਾਹਨਾਂ ਦਾ ਨਿਕਾਸ, ਉਦਯੋਗਿਕ ਨਿਕਾਸ, ਉਸਾਰੀ ਦੀ ਧੂੜ, ਕੂੜਾ ਅਤੇ ਪਰਾਲੀ ਸਾੜਨਾ, ਥਰਮਲ ਪਾਵਰ ਪਲਾਂਟਾਂ ਤੋਂ ਕਣ ਪਦਾਰਥ, ਅਤੇ ਘਰੇਲੂ ਬਾਲਣ ਦੀ ਵਰਤੋਂ।

ਸਮੱਸਿਆ ਨੂੰ ਸਿਰਫ਼ ਮੌਸਮੀ ਮੰਨਣ ਨਾਲ ਵੀ ਪ੍ਰਤੀਕਿਰਿਆਸ਼ੀਲ ਨੀਤੀਆਂ ਬਣਦੀਆਂ ਹਨ। ਸਰਕਾਰਾਂ ਸਿਰਫ਼ ਉਦੋਂ ਹੀ ਕਾਰਵਾਈ ਕਰਦੀਆਂ ਹਨ, ਜਦੋਂ ਪ੍ਰਦੂਸ਼ਣ ਆਪਣੇ ਸਿਖਰ 'ਤੇ ਪਹੁੰਚ ਜਾਂਦਾ ਹੈ। ਸਕੂਲ ਕੁਝ ਦਿਨਾਂ ਲਈ ਬੰਦ ਕਰ ਦਿੱਤੇ ਜਾਂਦੇ ਹਨ, ਵਾਹਨਾਂ ਲਈ ਔਡ-ਈਵਨ ਸਕੀਮਾਂ ਲਾਗੂ ਕੀਤੀਆਂ ਜਾਂਦੀਆਂ ਹਨ, ਪਟਾਕਿਆਂ 'ਤੇ ਪਾਬੰਦੀ ਲਗਾਈ ਜਾਂਦੀ ਹੈ, ਜਾਂ ਉਸਾਰੀ ਗਤੀਵਿਧੀਆਂ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਜਾਂਦਾ ਹੈ। ਇਹ ਉਪਾਅ ਅਸਥਾਈ ਰਾਹਤ ਪ੍ਰਦਾਨ ਕਰਦੇ ਹਨ ਪਰ ਮੂਲ ਕਾਰਨਾਂ ਨੂੰ ਸੰਬੋਧਿਤ ਨਹੀਂ ਕਰਦੇ। ਜਿਵੇਂ ਹੀ ਮੌਸਮ ਬਦਲਦਾ ਹੈ, ਸਾਰੀਆਂ ਨੀਤੀਆਂ ਬੇਅਸਰ ਹੋ ਜਾਂਦੀਆਂ ਹਨ। ਇਹ ਪਹੁੰਚ ਸਮੱਸਿਆ ਨੂੰ ਮੁਲਤਵੀ ਕਰਨ ਲਈ ਹੈ, ਇਸਨੂੰ ਹੱਲ ਕਰਨ ਲਈ ਨਹੀਂ।

ਹਵਾ ਪ੍ਰਦੂਸ਼ਣ ਦੇ ਪ੍ਰਭਾਵ ਸਿਰਫ਼ ਕੁਝ ਹਫ਼ਤਿਆਂ ਤੱਕ ਸੀਮਤ ਨਹੀਂ ਹਨ। ਇਹ ਸਾਡੇ ਸਰੀਰਾਂ ਨੂੰ ਸਾਲ ਭਰ ਪ੍ਰਭਾਵਿਤ ਕਰਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਭਾਰਤ ਵਿਚ ਹਰ ਸਾਲ ਲਗਭਗ 1.7 ਮਿਲੀਅਨ ਲੋਕ ਹਵਾ ਪ੍ਰਦੂਸ਼ਣ ਕਾਰਨ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ। ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੇ ਇੱਕ ਅਧਿਐਨ ਵਿਚ ਪਾਇਆ ਗਿਆ ਹੈ ਕਿ ਦਿੱਲੀ ਵਿਚ ਬੱਚਿਆਂ ਵਿਚ ਦਮਾ, ਐਲਰਜੀ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦੇ ਮਾਮਲਿਆਂ ਵਿਚ ਸਾਲ ਭਰ 10 ਤੋਂ 15 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਹ ਸਾਬਤ ਕਰਦਾ ਹੈ ਕਿ ਪ੍ਰਦੂਸ਼ਣ ਦੇ ਪ੍ਰਭਾਵ ਮੌਸਮੀ ਨਹੀਂ ਹਨ, ਸਗੋਂ ਸਥਾਈ ਹਨ।



ਇਹ ਅਰਥਵਿਵਸਥਾ 'ਤੇ ਵੀ ਗੰਭੀਰ ਪ੍ਰਭਾਵ ਪਾਉਂਦਾ ਹੈ। 2023 ਦੀ ਵਿਸ਼ਵ ਬੈਂਕ ਦੀ ਰਿਪੋਰਟ ਦਰਸਾਉਂਦੀ ਹੈ ਕਿ ਭਾਰਤ ਹਰ ਸਾਲ ਹਵਾ ਪ੍ਰਦੂਸ਼ਣ ਕਾਰਨ ਆਪਣੇ ਕੁੱਲ ਘਰੇਲੂ ਉਤਪਾਦ ਦੇ ਦਸਵੇਂ ਹਿੱਸੇ ਤੋਂ ਵੱਧ ਗੁਆ ਦਿੰਦਾ ਹੈ। ਕੰਮਕਾਜੀ ਦਿਨਾਂ ਦਾ ਨੁਕਸਾਨ, ਸਿਹਤ ਖਰਚਿਆਂ ਵਿਚ ਵਾਧਾ, ਉਤਪਾਦਕਤਾ ਵਿਚ ਕਮੀ ਅਤੇ ਵਧਿਆ ਹੋਇਆ ਡਾਕਟਰੀ ਬੋਝ ਇਹ ਸਭ ਦੇਸ਼ ਦੀ ਆਰਥਿਕ ਤਰੱਕੀ ਨੂੰ ਪ੍ਰਭਾਵਤ ਕਰਦੇ ਹਨ।

ਜਦੋਂ ਹਵਾ ਪ੍ਰਦੂਸ਼ਣ ਦੇ ਸਰੋਤਾਂ ਦੀ ਗੱਲ ਆਉਂਦੀ ਹੈ, ਤਾਂ ਆਵਾਜਾਈ ਖੇਤਰ ਸਭ ਤੋਂ ਵੱਡਾ ਦੋਸ਼ੀ ਹੈ। ਭਾਰਤ ਵਿਚ ਸੜਕਾਂ 'ਤੇ ਲੱਖਾਂ ਵਾਹਨ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੈਟਰੋਲ ਜਾਂ ਡੀਜ਼ਲ 'ਤੇ ਚੱਲਦੇ ਹਨ। ਪੁਰਾਣੇ ਟਰੱਕ ਅਤੇ ਬੱਸਾਂ ਕਾਫ਼ੀ ਮਾਤਰਾ ਵਿਚ ਧੂੰਆਂ ਛੱਡਦੀਆਂ ਹਨ। ਛੋਟੇ ਵਾਹਨਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਉਨ੍ਹਾਂ ਦੇ ਨਿਕਾਸ ਨਾਲ ਹਵਾ ਵਿਚ ਨਾਈਟ੍ਰੋਜਨ ਆਕਸਾਈਡ ਅਤੇ ਬਰੀਕ ਕਣਾਂ ਦੀ ਮਾਤਰਾ ਲਗਾਤਾਰ ਵੱਧ ਰਹੀ ਹੈ। ਉਦਯੋਗਿਕ ਖੇਤਰ ਵੀ ਪ੍ਰਦੂਸ਼ਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਉਦਯੋਗ ਅਜੇ ਵੀ ਸਾਫ਼ ਬਾਲਣ ਦੀ ਵਰਤੋਂ ਨਹੀਂ ਕਰਦੇ। ਪੁਰਾਣੇ ਬਾਇਲਰ ਅਤੇ ਕੋਲੇ ਨਾਲ ਚੱਲਣ ਵਾਲੇ ਪਲਾਂਟ ਸਲਫਰ ਡਾਈਆਕਸਾਈਡ ਅਤੇ ਧਾਤੂ ਕਣਾਂ ਦਾ ਨਿਕਾਸ ਕਰਦੇ ਹਨ।

ਉਸਾਰੀ ਗਤੀਵਿਧੀਆਂ ਤੋਂ ਨਿਕਲਣ ਵਾਲੀ ਧੂੜ ਵੀ ਵਿਆਪਕ ਪ੍ਰਦੂਸ਼ਣ ਵਿਚ ਯੋਗਦਾਨ ਪਾਉਂਦੀ ਹੈ। ਸੜਕਾਂ 'ਤੇ ਖੁੱਲ੍ਹੀ ਮਿੱਟੀ, ਉਸਾਰੀ ਸਮੱਗਰੀ ਦੇ ਖੁੱਲ੍ਹੇ ਢੇਰ ਅਤੇ ਢੱਕੇ ਹੋਏ ਟਰੱਕਾਂ ਵਿਚ ਰੇਤ ਅਤੇ ਸੀਮਿੰਟ ਦੀ ਢੋਆ-ਢੁਆਈ ਹਵਾ ਵਿਚ ਕਣ ਛੱਡਦੀ ਹੈ। ਇਸੇ ਤਰ੍ਹਾਂ, ਪੰਜਾਬ ਅਤੇ ਹਰਿਆਣਾ ਵਿਚ ਪਰਾਲੀ ਸਾੜਨ ਨਾਲ ਉੱਤਰੀ ਭਾਰਤ ਦੇ ਸ਼ਹਿਰਾਂ ਵਿਚ ਹਰ ਸਾਲ ਹਵਾ ਜ਼ਹਿਰੀਲੀ ਹੋ ਜਾਂਦੀ ਹੈ। ਖੋਜ ਸੁਝਾਅ ਦਿੰਦੀ ਹੈ ਕਿ ਪਰਾਲੀ ਸਾੜਨ ਨਾਲ ਦਿੱਲੀ ਅਤੇ ਆਲੇ ਦੁਆਲੇ ਦੇ ਖੇਤਰਾਂ ਵਿਚ ਪ੍ਰਦੂਸ਼ਣ ਦੇ ਪੱਧਰ ਵਿਚ 30 ਤੋਂ 40 ਪ੍ਰਤੀਸ਼ਤ ਵਾਧਾ ਹੁੰਦਾ ਹੈ।

ਘਰੇਲੂ ਬਾਲਣ ਜਿਵੇਂ ਕਿ ਲੱਕੜ, ਕੋਲਾ, ਜਾਂ ਗੋਬਰ ਦੇ ਕੇਕ ਸਾੜਨ ਨਾਲ ਵੀ ਪ੍ਰਦੂਸ਼ਣ ਦੇ ਪੱਧਰ ਵਿਚ ਕਾਫ਼ੀ ਵਾਧਾ ਹੁੰਦਾ ਹੈ, ਖਾਸ ਕਰਕੇ ਗਰੀਬ ਘਰਾਂ ਵਿਚ। ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟ ਅਜੇ ਵੀ ਦੇਸ਼ ਦੀ ਲਗਭਗ 60 ਪ੍ਰਤੀਸ਼ਤ ਊਰਜਾ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਪੁਰਾਣੇ ਪਲਾਂਟ ਪ੍ਰਦੂਸ਼ਣ ਕੰਟਰੋਲ ਉਪਕਰਣਾਂ ਤੋਂ ਬਿਨਾਂ ਕੰਮ ਕਰਦੇ ਹਨ।

ਇਨ੍ਹਾਂ ਸਾਰੇ ਸਰੋਤਾਂ ਨੂੰ ਕੰਟਰੋਲ ਕਰਨ ਲਈ ਨੀਤੀ ਅਤੇ ਸ਼ਾਸਨ ਲਈ ਇੱਕ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਦੀ ਲੋੜ ਹੁੰਦੀ ਹੈ। ਕੇਂਦਰ, ਰਾਜ ਅਤੇ ਨਗਰ ਨਿਗਮਾਂ ਵਿਚਕਾਰ ਤਾਲਮੇਲ ਦੀ ਘਾਟ ਇੱਕ ਵੱਡੀ ਰੁਕਾਵਟ ਬਣੀ ਹੋਈ ਹੈ। ਬਹੁਤ ਸਾਰੇ ਸ਼ਹਿਰਾਂ ਵਿਚ ਹਵਾ ਗੁਣਵੱਤਾ ਨਿਗਰਾਨੀ ਸਟੇਸ਼ਨਾਂ ਦੀ ਘਾਟ ਹੈ, ਜਿਸ ਕਾਰਨ ਯਥਾਰਥਵਾਦੀ ਅੰਕੜਿਆਂ ਦੀ ਉਪਲਬਧਤਾ ਨੂੰ ਰੋਕਿਆ ਜਾ ਰਿਹਾ ਹੈ। ਜਨਤਕ ਜਾਗਰੂਕਤਾ ਵੀ ਬਹੁਤ ਘੱਟ ਹੈ। ਨਾਗਰਿਕ ਪ੍ਰਦੂਸ਼ਣ ਨੂੰ ਰੋਜ਼ਾਨਾ ਜ਼ਿੰਮੇਵਾਰੀ ਮੰਨਣ ਦੀ ਬਜਾਏ ਸਿਰਫ਼ ਮਾੜੇ ਹਵਾ ਦਿਨਾਂ ਨਾਲ ਜੋੜਦੇ ਹਨ। ਜਦੋਂ ਤੱਕ ਸਮਾਜ ਇਹ ਨਹੀਂ ਮੰਨਦਾ ਕਿ ਸਾਫ਼ ਹਵਾ ਇੱਕ ਸਾਂਝੀ ਜ਼ਿੰਮੇਵਾਰੀ ਹੈ, ਕਿਸੇ ਵੀ ਨੀਤੀ ਦਾ ਪੂਰਾ ਪ੍ਰਭਾਵ ਅਣਜਾਣ ਰਹੇਗਾ।

ਭਾਰਤ ਨੇ 2019 ਵਿਚ ਰਾਸ਼ਟਰੀ ਸਾਫ਼ ਹਵਾ ਪ੍ਰੋਗਰਾਮ ਸ਼ੁਰੂ ਕੀਤਾ, ਜਿਸਦਾ ਉਦੇਸ਼ 2026 ਤੱਕ ਵੱਡੇ ਸ਼ਹਿਰਾਂ ਵਿਚ ਪ੍ਰਦੂਸ਼ਣ ਦੇ ਪੱਧਰ ਨੂੰ 40 ਪ੍ਰਤੀਸ਼ਤ ਤੱਕ ਘਟਾਉਣਾ ਹੈ। ਇਹ ਇੱਕ ਸ਼ਲਾਘਾਯੋਗ ਪਹਿਲ ਹੈ, ਪਰ ਇਸਨੂੰ ਸਿਰਫ਼ ਇੱਕ ਬਜਟ ਘੋਸ਼ਣਾ ਦੇ ਨਾਲ ਨਹੀਂ, ਸਗੋਂ ਸਖ਼ਤ ਨਿਗਰਾਨੀ ਅਤੇ ਸਥਾਨਕ ਲਾਗੂਕਰਨ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਹਰੇਕ ਸ਼ਹਿਰ ਦੀ ਭੂਗੋਲਿਕ ਅਤੇ ਉਦਯੋਗਿਕ ਸਥਿਤੀ ਵੱਖਰੀ ਹੁੰਦੀ ਹੈ, ਇਸ ਲਈ ਇੱਕ ਕੰਬਲ ਨੀਤੀ ਦੀ ਬਜਾਏ ਸ਼ਹਿਰ-ਵਿਸ਼ੇਸ਼ ਕਾਰਜ ਯੋਜਨਾਵਾਂ ਦੀ ਲੋੜ ਹੁੰਦੀ ਹੈ।

ਆਵਾਜਾਈ ਖੇਤਰ ਨੂੰ ਤੇਜ਼ੀ ਨਾਲ ਸਾਫ਼ ਊਰਜਾ ਵੱਲ ਤਬਦੀਲ ਹੋਣਾ ਚਾਹੀਦਾ ਹੈ। ਸੀ.ਐੱਨ.ਜੀ., ਇਲੈਕਟ੍ਰਿਕ ਵਾਹਨਾਂ, ਹਾਈਡ੍ਰੋਜਨ ਬਾਲਣ ਅਤੇ ਜਨਤਕ ਆਵਾਜਾਈ ਦਾ ਪ੍ਰਸਾਰ ਜ਼ਰੂਰੀ ਹੈ। ਦਿੱਲੀ ਵਿਚ ਇਲੈਕਟ੍ਰਿਕ ਵਾਹਨ ਨੀਤੀ ਲਾਗੂ ਹੋਣ ਤੋਂ ਬਾਅਦ, ਨਵੇਂ ਵਾਹਨਾਂ ਵਿਚ ਈ.ਵੀ. ਦਾ ਹਿੱਸਾ 17 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ। ਇਹ ਦਰਸਾਉਂਦਾ ਹੈ ਕਿ ਜੇਕਰ ਨੀਤੀਆਂ ਸਪੱਸ਼ਟ ਅਤੇ ਪ੍ਰੋਤਸਾਹਨ ਵਾਲੀਆਂ ਹੋਣ ਤਾਂ ਨਾਗਰਿਕ ਬਦਲਾਅ ਨੂੰ ਅਪਣਾਉਂਦੇ ਹਨ।

ਖੇਤੀਬਾੜੀ 'ਚ ਪਰਾਲੀ ਸਾੜਨ ਤੋਂ ਰੋਕਣ ਲਈ, ਕਿਸਾਨਾਂ ਨੂੰ ਤਕਨੀਕੀ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਜ਼ਰੂਰੀ ਹੈ। ਪੂਸਾ ਡੀਕੰਪੋਜ਼ਰ ਅਤੇ ਹੈਪੀ ਸੀਡਰ ਮਸ਼ੀਨਾਂ ਵਰਗੀਆਂ ਜੈਵਿਕ ਤਕਨਾਲੋਜੀਆਂ ਸਕਾਰਾਤਮਕ ਨਤੀਜੇ ਦੇ ਰਹੀਆਂ ਹਨ, ਪਰ ਉਨ੍ਹਾਂ ਨੂੰ ਵਿਆਪਕ ਤੌਰ 'ਤੇ ਉਤਸ਼ਾਹਿਤ ਕਰਨ ਅਤੇ ਸਬਸਿਡੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਚੌਲਾਂ ਦੀ ਥਾਂ ਘੱਟ ਪਾਣੀ ਅਤੇ ਘੱਟ ਰਹਿੰਦ-ਖੂੰਹਦ ਦੀ ਲੋੜ ਵਾਲੀਆਂ ਫਸਲਾਂ ਨਾਲ ਬਦਲਣ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਉਦਯੋਗਿਕ ਖੇਤਰ ਵਿਚ ਨਿਰੰਤਰ ਨਿਕਾਸ ਨਿਗਰਾਨੀ ਪ੍ਰਣਾਲੀਆਂ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਕੋਲੇ ਨਾਲ ਚੱਲਣ ਵਾਲੇ ਪਲਾਂਟਾਂ ਵਿਚ ਡੀਸਲਫਰਾਈਜ਼ੇਸ਼ਨ ਯੂਨਿਟ ਸਥਾਪਤ ਕਰਨਾ ਅਤੇ ਐੱਲ.ਐੱਨ.ਜੀ. ਜਾਂ ਪੀ.ਐੱਨ.ਜੀ. ਵਰਗੇ ਸਾਫ਼-ਸੁਥਰੇ ਈਂਧਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਸੂਰਜੀ ਅਤੇ ਹਵਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਵੱਲ ਤੇਜ਼ੀ ਨਾਲ ਤਬਦੀਲੀ ਕਰਨਾ ਵੀ ਮਹੱਤਵਪੂਰਨ ਹੈ, ਤਾਂ ਜੋ 2030 ਤੱਕ, ਭਾਰਤ ਆਪਣੀ ਅੱਧੀ ਊਰਜਾ ਸਾਫ਼ ਸਰੋਤਾਂ ਤੋਂ ਪ੍ਰਾਪਤ ਕਰ ਸਕੇ।

ਸ਼ਹਿਰੀ ਯੋਜਨਾਬੰਦੀ ਵਿਚ ਹਰੇ ਬੁਨਿਆਦੀ ਢਾਂਚੇ ਨੂੰ ਸ਼ਾਮਲ ਕਰਨਾ ਵੀ ਬਹੁਤ ਜ਼ਰੂਰੀ ਹੈ। ਸ਼ਹਿਰਾਂ ਨੂੰ ਹਰੇ ਪੱਟੀਆਂ, ਛੱਤਾਂ 'ਤੇ ਪੌਦੇ ਲਗਾਉਣੇ, ਖੁੱਲ੍ਹੀਆਂ ਥਾਵਾਂ ਦੀ ਸੰਭਾਲ ਅਤੇ ਆਧੁਨਿਕ ਗਲੀਆਂ ਦੀ ਸਫਾਈ ਪ੍ਰਣਾਲੀਆਂ ਨੂੰ ਅਪਣਾਉਣਾ ਚਾਹੀਦਾ ਹੈ। ਉਸਾਰੀ ਵਾਲੀਆਂ ਥਾਵਾਂ 'ਤੇ ਢੱਕਣ ਅਤੇ ਪਾਣੀ ਛਿੜਕਣ ਵਰਗੇ ਉਪਾਅ ਨਿਯਮਿਤ ਤੌਰ 'ਤੇ ਲਾਗੂ ਕੀਤੇ ਜਾਣੇ ਚਾਹੀਦੇ ਹਨ।

ਪ੍ਰਸ਼ਾਸਕੀ ਸੁਧਾਰ ਵੀ ਜ਼ਰੂਰੀ ਹਨ। ਰਾਜਾਂ ਵਿਚ ਪ੍ਰਭਾਵਸ਼ਾਲੀ ਤਾਲਮੇਲ ਅਤੇ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਸਕੂਲਾਂ, ਰਿਹਾਇਸ਼ੀ ਐਸੋਸੀਏਸ਼ਨਾਂ ਅਤੇ ਸਥਾਨਕ ਸਮੂਹਾਂ ਵਿਚ ਸਾਫ਼ ਹਵਾ ਮੁਹਿੰਮਾਂ ਨਾਗਰਿਕਾਂ ਦੀ ਭਾਗੀਦਾਰੀ ਲਈ ਲਾਭਦਾਇਕ ਹਨ। ਕਾਰ-ਮੁਕਤ ਦਿਨ, ਜਨਤਕ ਆਵਾਜਾਈ ਹਫ਼ਤੇ, ਅਤੇ ਕੂੜੇ ਨੂੰ ਵੱਖ ਕਰਨ ਵਰਗੇ ਉਪਾਅ ਨਾਗਰਿਕ ਜਾਗਰੂਕਤਾ ਵਧਾ ਸਕਦੇ ਹਨ।

ਤਕਨੀਕੀ ਦ੍ਰਿਸ਼ਟੀਕੋਣ ਤੋਂ, ਸਾਨੂੰ ਡੇਟਾ-ਸੰਚਾਲਿਤ ਨੀਤੀ ਨਿਰਮਾਣ ਵੱਲ ਵਧਣਾ ਚਾਹੀਦਾ ਹੈ। ਰੀਅਲ-ਟਾਈਮ ਨਿਗਰਾਨੀ, ਸੈਟੇਲਾਈਟ-ਆਧਾਰਿਤ ਟਰੈਕਿੰਗ, ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਪ੍ਰਦੂਸ਼ਣ ਸਰੋਤਾਂ ਦੀ ਪਛਾਣ ਅਤੇ ਭਵਿੱਖਬਾਣੀ ਕਰ ਸਕਦੀ ਹੈ। ਇਹ ਸੰਕਟ ਆਉਣ ਤੋਂ ਪਹਿਲਾਂ ਕਾਰਵਾਈ ਕਰਨ ਦੀ ਆਗਿਆ ਦੇਵੇਗਾ।

ਭਾਰਤ ਨੂੰ ਦੁਨੀਆਂ ਭਰ ਦੇ ਹੋਰ ਦੇਸ਼ਾਂ ਤੋਂ ਸਿੱਖਣਾ ਚਾਹੀਦਾ ਹੈ। ਬੀਜਿੰਗ, ਚੀਨ ਨੇ 2013 ਅਤੇ 2020 ਦੇ ਵਿਚਕਾਰ ਕੋਲੇ 'ਤੇ ਆਪਣੀ ਨਿਰਭਰਤਾ ਘਟਾ ਕੇ, ਉਦਯੋਗਾਂ ਨੂੰ ਸ਼ਹਿਰਾਂ ਤੋਂ ਬਾਹਰ ਤਬਦੀਲ ਕਰਕੇ ਅਤੇ ਜਨਤਕ ਆਵਾਜਾਈ ਨੂੰ ਸਸਤਾ ਬਣਾ ਕੇ ਪ੍ਰਦੂਸ਼ਣ ਦੇ ਪੱਧਰ ਨੂੰ 35 ਪ੍ਰਤੀਸ਼ਤ ਤੱਕ ਘਟਾ ਦਿੱਤਾ। ਲਾਸ ਏਂਜਲਸ, ਅਮਰੀਕਾ ਨੇ 1970 ਦੇ ਦਹਾਕੇ ਵਿਚ ਧੂੰਏਂ ਦੇ ਸੰਕਟ 'ਤੇ ਕਾਬੂ ਪਾਇਆ ਅਤੇ ਸਖ਼ਤ ਨਿਕਾਸ ਮਾਪਦੰਡਾਂ ਅਤੇ ਤਕਨੀਕੀ ਨਵੀਨਤਾ ਦੁਆਰਾ ਆਪਣੀ ਹਵਾ ਨੂੰ ਸਾਫ਼ ਕੀਤਾ। ਇਹ ਉਦਾਹਰਣਾਂ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ ਕਿ ਜੇਕਰ ਸਰਕਾਰ ਮਜ਼ਬੂਤ ਇੱਛਾ ਸ਼ਕਤੀ ਦਿਖਾਉਂਦੀ ਹੈ, ਜਨਤਾ ਸਹਿਯੋਗ ਕਰਦੀ ਹੈ ਅਤੇ ਉਦਯੋਗ ਤਕਨਾਲੋਜੀ ਨੂੰ ਅਪਣਾਉਂਦੇ ਹਨ, ਤਾਂ ਸੁਧਾਰ ਸੰਭਵ ਹੈ।

ਹਵਾ ਪ੍ਰਦੂਸ਼ਣ ਨੂੰ ਸਿਰਫ਼ ਵਾਤਾਵਰਣ ਦੇ ਤੌਰ 'ਤੇ ਹੀ ਨਹੀਂ, ਸਗੋਂ ਜਨਤਕ ਸਿਹਤ ਸੰਕਟ ਵਜੋਂ ਵੀ ਦੇਖਿਆ ਜਾਣਾ ਚਾਹੀਦਾ ਹੈ। ਭਾਰਤ ਵਿਚ, ਪ੍ਰਦੂਸ਼ਿਤ ਹਵਾ ਜੀਵਨ ਦੀ ਸੰਭਾਵਨਾ ਨੂੰ ਔਸਤਨ ਪੰਜ ਸਾਲ ਘਟਾਉਂਦੀ ਹੈ। ਸਿਹਤ ਪ੍ਰਣਾਲੀ ਨੂੰ ਵੀ ਇਸ ਮੁੱਦੇ ਨੂੰ ਹੱਲ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਪ੍ਰਾਇਮਰੀ ਸਿਹਤ ਕੇਂਦਰਾਂ ਵਿਚ ਸਾਹ ਰੋਗ ਦੇਖਭਾਲ ਯੂਨਿਟ ਸਥਾਪਤ ਕੀਤੇ ਜਾਣੇ ਚਾਹੀਦੇ ਹਨ ਅਤੇ ਸਾਫ਼ ਹਵਾ ਦੀ ਮਹੱਤਤਾ ਨੂੰ ਸਿਹਤ ਸਿੱਖਿਆ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਭਵਿੱਖ ਦੀ ਨੀਤੀ ਵਿਚ ਸਰਕਾਰ, ਨਾਗਰਿਕਾਂ ਅਤੇ ਉਦਯੋਗ ਲਈ ਬਰਾਬਰ ਭੂਮਿਕਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਸਰਕਾਰਾਂ ਨੂੰ ਸਖ਼ਤ ਨਿਯਮ ਅਤੇ ਪਾਰਦਰਸ਼ੀ ਨਿਗਰਾਨੀ ਲਾਗੂ ਕਰਨੀ ਚਾਹੀਦੀ ਹੈ, ਨਾਗਰਿਕਾਂ ਨੂੰ ਆਪਣੇ ਰੋਜ਼ਾਨਾ ਵਿਵਹਾਰ ਨੂੰ ਬਦਲਣਾ ਚਾਹੀਦਾ ਹੈ ਅਤੇ ਉਦਯੋਗਾਂ ਨੂੰ ਸਾਫ਼-ਸੁਥਰੀ ਤਕਨਾਲੋਜੀਆਂ ਅਪਣਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਸਮਾਂ ਆ ਗਿਆ ਹੈ ਕਿ ਭਾਰਤ ਹਵਾ ਪ੍ਰਦੂਸ਼ਣ ਨੂੰ ਇੱਕ ਅਸਥਾਈ ਸੰਕਟ ਵਜੋਂ ਮੰਨਣ ਤੋਂ ਅੱਗੇ ਵਧੇ ਅਤੇ ਇਸਨੂੰ ਆਪਣੀ ਲੰਬੇ ਸਮੇਂ ਦੀ ਵਿਕਾਸ ਨੀਤੀ ਦੇ ਕੇਂਦਰ ਵਿਚ ਰੱਖੇ। ਸਾਫ਼ ਹਵਾ ਕੋਈ ਲਗਜ਼ਰੀ ਨਹੀਂ ਹੈ, ਸਗੋਂ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਹੈ। ਇਹ ਅਧਿਕਾਰ ਤਿਉਹਾਰਾਂ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਜਾਂ ਕੁਝ ਦਿਨਾਂ ਦੀ ਚੌਕਸੀ ਨਾਲ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਲ ਭਰ ਦੇ ਨਿਰੰਤਰ ਯਤਨਾਂ, ਇੱਕ ਵਿਗਿਆਨਕ ਪਹੁੰਚ, ਨੀਤੀਗਤ ਦ੍ਰਿੜ੍ਹਤਾ ਅਤੇ ਸਮਾਜਿਕ ਸਹਿਯੋਗ ਦੀ ਲੋੜ ਹੈ। ਜਦੋਂ ਸਰਕਾਰ ਅਤੇ ਸਮਾਜ ਦੋਵੇਂ ਇਕੱਠੇ ਮਿਲ ਕੇ ਇਹ ਸੰਕਲਪ ਲੈਂਦੇ ਹਨ ਕਿ ਸਾਫ਼ ਹਵਾ ਸਾਰਿਆਂ ਲਈ ਇੱਕ ਸਾਂਝਾ ਫਰਜ਼ ਹੈ, ਤਾਂ ਹੀ ਭਾਰਤ ਆਪਣੇ ਸ਼ਹਿਰਾਂ ਨੂੰ ਸੱਚਮੁੱਚ ਸਾਹ ਲੈਣ ਯੋਗ ਬਣਾ ਸਕੇਗਾ।

## ਕਹਿਰ ਦੇ ਤਿੰਨ ਦਿਨ

ਦਿਨ ਉਦਾਸ ਨੇ, ਰਾਤਾਂ ਗਮਗੀਨ ਨੇ।
ਦੋਸ਼ ਕਤਲੇਆਮ ਦੇ, ਕਿੰਨੇ ਸੰਗੀਨ ਨੇ।
ਦਨ ਦਨਾਂਦੇ ਕਾਤਲ, ਵਜ਼ੀਰ ਬਣ ਗਏ।
ਮਾਰੇ ਗਏ ਜਿਨ੍ਹਾਂ ਦੇ, ਫਕੀਰ ਬਣ ਗਏ।

ਅੱਲੇ ਨੇ ਜ਼ਖਮ ਹਜੇ, ਨਾਸੂਰ ਬਣ ਗਏ।
ਕੌਮ ਦੇ ਅਹਿਸਾਨ ਵੀ, ਕਸੂਰ ਬਣ ਗਏ।
ਦਿੱਲੀ, ਕਾਨਪੁਰ, ਇੰਦੌਰ, ਧਨਬਾਦ ਸੀ।
ਬੇਪੱਤ ਤੇ ਬੇਆਬਰੂ, ਹੋਏ ਬਰਬਾਦ ਸੀ।

ਪੁੱਛਿਆ ਨਾ ਹਾਲ, ਅੰਨ੍ਹਾ ਇਨਸਾਫ਼ ਸੀ।
ਹਾਕਮ ਦੋਸ਼ੀ ਸੀ, ਨੀਅਤ ਨਾ ਸਾਫ਼ ਸੀ।
ਇੱਕਤਾਲੀ ਸਾਲ ਬਾਦ, ਸਬੂਤ ਮੰਗਦੇ ਨੇ।
ਨੱਕ ਹੇਠਾਂ ਹੋਇਆ, ਜ਼ਰਾ ਨਾ ਸੰਗਦੇ ਨੇ।

ਕਿੰਨੇ ਮਾਰੇ ਜੀਂਦੇ ਸਾੜੇ, ਕਿੰਨੇ ਅਨਾਥ ਨੇ?
ਚੁੰਨੀ ਲੱਥੀ ਕੱਢੇ ਹਾੜੇ, ਕਿੰਨੇ ਮੁਹਥਾਜ ਨੇ?
ਝੂਠੀ ਦਲੀਲਾਂ ਨਾਲ, ਸਮਾਂ ਟਪਾਉਂਦੇ ਨੇ।
ਅੱਧੇ ਗਵਾਹ ਮਰ ਚੁੱਕੇ, ਬੱਸ ਟਰਕਾਂਦੇ ਨੇ।

ਬਹੁਤੇ ਭਾਣਾ ਮੰਨ ਕੇ, ਚੁੱਪ ਚਾਪ ਹੋਏ ਨੇ।
ਰੋਸ ਕਰੀਏ ਕਿਸ ਕੋਲ, ਨਿਰਾਸ਼ ਹੋਏ ਨੇ?
ਕਹਿਰ ਦੀਆਂ ਸਨ, ਤਿੰਨ ਦਿਨ ਤੇ ਰਾਤਾਂ।
ਹਿੰਦ ਦੇ ਮੱਥੇ ਕਲੰਕ, ਇਤਹਾਸ ਪਾਵੇ ਬਾਤਾਂ।

ਦੰਗੇ ਨਹੀਂ ਸਨ, ਕਿੱਸਾ ਹੈ ਨਸਲਘਾਤ ਦਾ।
ਖੁਬ ਭੰਡੀ ਕੌਮ, ਕੰਮ ਸਿਆਸੀ ਜਮਾਤ ਦਾ।
ਹਕੂਮਤਾਂ ਬਦਲੀਆਂ, ਪਰ ਸੋਚ ਉਹੀ ਹੈ।
ਸਿਵਿਆਂ ਦੇ ਵੱਟੇ ਵੋਟ, ਕਿਰਦਾਰ ਉਹੀ ਹੈ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਕਰਤਾਰਪੁਰ ਚੱਲੀਏ

ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਅਰਦਾਸ ਕਰੀ ਸਭ ਨੇ, ਸੁਣੀ ਉਸ ਰੱਬ ਨੇ
ਬੂਹਾ ਦਿੱਤਾ ਖੋਲ੍ਹ, ਮੂੰਹ ਵੱਟੀ ਸਰਹੱਦ ਨੇ।
ਕਰੋ ਸ਼ੁਕਰਾਨਾ, ਤੁਰੋ ਨਾਨਕ ਦੀ ਗਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਰਾਵੀ ਜਿਹਦੇ ਚਰਨਾਂ ਨੂੰ ਛੂਹ-ਛੂਹ ਲੰਘਦੀ
ਰੋਜ਼-ਰੋਜ਼ ਮੱਥਾ ਟੇਕੇ, ਜ਼ਰਾ ਵੀ ਨਹੀਂ ਸੰਗਦੀ।
ਰਾਵੀ ਦਿਆਂ ਪਾਣੀਆਂ ਦੇ ਨਾਲ੍ਹ ਅਸੀਂ ਰਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਸਾਡਾ ਨਾਨਕ ਗੁਰੂ, ਜਿਹਨੂੰ ਕਹਿੰਦੇ ਉਹ ਪੀਰ ਨੇ
ਤੋੜੇ ਹੋਏ ਜੋੜ ਦਿੱਤੇ, ਨਾਨਕੀ ਦੇ ਵੀਰ ਨੇ।
ਮਿਲੀਏ ਗਲ਼ੇ, ਸਭ ਵਧੀਏ ਤੇ ਫ਼ਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਦੂਰਬੀਨ ਰਾਹੀਂ ਵੇਖਾਂ, ਹੱਥ ਜੋੜ ਮੱਥਾ ਟੇਕਾਂ,
ਨਮਸਕਾਰ ਕਰਾਂ, ਕਰਾਂ ਅਰਜ਼ਾਂ ਅਨੇਕਾਂ।
ਸਮਾਂ ਆ ਗਿਆ, ਕੋਲੋਂ ਵੇਖਣੇ ਦਾ ਬੱਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

ਧੰਨ ਨੇ ਉਹ ਖੇਤ, ਧੰਨ ਰਾਵੀ ਦੀ ਰੇਤ,
ਜਿੱਥੇ ਗੁਰਾਂ ਪੈਰ ਧਰੇ, ਜਾਵਾਂਗਾ ਮੈਂ ਲੇਟ,
ਚੁੰਮ-ਚੁੰਮ ਮਿੱਟੀ ਨੂੰ ਵੀ ਮੱਥੇ ਉੱਤੇ ਮਲੀਏ।
ਚੱਲੋ ਸੰਗਤੋ, ਕਰਤਾਰਪੁਰ ਚੱਲੀਏ।
ਬਾਬੇ ਨਾਨਕ ਦਾ ਜੀ, ਦਰ ਜਾ ਕੇ ਮੱਲੀਏ।

-ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।



ਪੰਜਾਬ ਮੇਲ USA

## ਪੰਜਾਬ

ਚਾਚਾ ਪੂਰਨ ਸਿੰਹਾਂ!
ਜਦੋਂ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਵਿਚ ਤੇਰੀ ਲਿਖੀ ਹੋਈ ਕਵਿਤਾ,
ਜਿਸ ਵਿਚ ਤੂੰ ਪੰਜਾਬ ਅਤੇ ਪੰਜਾਬੀਆਂ ਦੀ ਦਰਿਆਦਿਲੀ ਦੀ ਬਾਤ ਪਾਈ ਸੀ,
ਤੇ ਉਸ ਵੇਲੇ ਤੇਰੀ ਬਾਤ ਦਾ ਹੁੰਗਾਰਾ ਮੈਂ ਸਿਰਫ਼ ਕੁੱਝ ਅੰਕ ਦੀ ਪ੍ਰਾਪਤੀ ਤੱਕ ਹੀ ਭਰਿਆ ਕਰਦਾ ਸੀ,
ਮੇਰਾ ਕਵਿਤਾ ਪਾਠ ਅਕਸਰ ਸਿਮਟ ਜਾਇਆ ਕਰਦਾ ਸੀ ਕਿਸੇ ਡਿਗਰੀ ਡਿਪਲੋਮੇ ਦੀ ਪਹੁੰਚ ਤੱਕ,
ਚਾਚਾ ਪੂਰਨ ਸਿੰਹਾਂ! ਸੱਚ ਜਾਣੀ ਉਸ ਵਕਤ ਤੇਰੀਆਂ ਖੁੱਲ੍ਹੀਆਂ ਡੁੱਲ੍ਹੀਆਂ ਗੱਲਾਂ,
ਮੇਰੀ ਸਮਝ ਦੀ ਸਤਰ ਤੋਂ ਪਰ੍ਹਾਂ ਹੋਇਆ ਕਰਦੀਆਂ ਸਨ।
ਚਾਚਾ! ਅੱਜ ਜਦੋਂ ਮੈਂ ਜੇਠ ਰੁੱਤ ਦੀ ਗਰਮੀ ਵਿਚ ਘਰ ਤੋਂ ਬਾਹਰ ਨਿਕਲਿਆ ਤਾਂ,
ਥਾਂ-ਥਾਂ ਲੱਗੀਆਂ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਨੇ ਮੇਰੇ ਤਪਦੇ ਹਿਰਦੇ ਨੂੰ ਸ਼ਾਂਤ ਕਰ ਦਿੱਤਾ,
ਤੇ ਚਾਚਾ! ਉਸ ਵੇਲੇ ਤੇਰੇ ਲਿਖੇ ਉਹ ਹਰਫ਼ ਮੈਨੂੰ ਜਿਉਂਦੇ ਜਾਗਦੇ ਪ੍ਰਤੀਕ ਹੋਣ ਲੱਗੇ,
ਜਿਨ੍ਹਾਂ ਰਾਹੀਂ ਤੂੰ 'ਪੰਜਾਬ ਵੱਸਦਾ ਗੁਰਾਂ ਦੇ ਨਾਂ' ਦੀ ਮੋਹਰ ਲਗਾਈ ਸੀ।
ਚਾਚਾ ਤੇਰੀ ਲਗਾਈ ਇਸ ਮੋਹਰ ਸਦਕਾ,
ਆਪਣੇ ਪੰਜਾਬ ਉਪਰ ਹਮੇਸ਼ਾ ਹੀ ਗੁਰੂ ਦੀ ਕਿਰਪਾ ਬਣੀ ਰਹਿੰਦੀ ਹੈ,
ਤੇ ਇਸ ਕਿਰਪਾ ਦੀ ਝਲਕ ਉਸ ਵਕਤ ਤਾਂ ਹੋਰ ਵੀ ਸਾਫ ਦਿਖਾਈ ਦਿੰਦੀ ਹੈ,
ਜਦੋਂ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਲਈ ਜਾਂਦੀਆਂ ਸੰਗਤਾਂ ਨੂੰ,
ਸੜਕਾਂ ਕਿਨਾਰੇ ਲੱਗੇ ਲੰਗਰਾਂ ਵਿਚੋਂ ਬੜੇ ਪਿਆਰ ਅਤੇ ਸਤਿਕਾਰ ਨਾਲ ਪ੍ਰਸ਼ਾਦਾ ਛਕਾਇਆ ਜਾਂਦਾ ਹੈ।
ਤੇ ਉਸ ਵਕਤ ਪੰਜਾਬੀਆਂ ਦੇ ਸੇਵਾ ਭਾਵਨਾ ਵਾਲੇ ਇਸ ਵਰਤਾਰੇ ਨੂੰ ਦੇਖ ਕੇ,
ਇੱਕ ਵਾਰ ਫਿਰ ਮੇਰੇ ਕੰਨਾਂ ਵਿਚ ਗੂੰਜਣ ਲੱਗਦੇ ਹਨ ਤੇਰੇ ਉਹ ਬੇਸ਼ਕੀਮਤੀ ਬੋਲ,
ਕਿ ਪੰਜਾਬ ਸੱਚਮੁੱਚ ਹੀ ਵੱਸਦਾ ਹੈ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਸੂਰਬੀਰਾਂ ਦੇ ਨਾਮ।

-ਰਮੇਸ਼ ਬੱਗਾ ਚੋਹਲਾ, ਲੁਧਿਆਣਾ
ਮੋਬ: 94631-32719

ਪੰਜਾਬ ਮੇਲ USA

## ਗੀਤ

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ ਬਹਾਦਰ ਦੀ।
ਭਾਰਤ ਦੇ ਸਿਰ ਉਤੇ ਤਾਜ ਜਵਾਨੀ ਗੁਰੂ ਤੇਗ ਬਹਾਦਰ ਦੀ।
ਹਿੰਦੂਆਂ ਲਈ ਕੁਰਬਾਨੀ ਦੇ ਕੇ ਹਿੰਦ ਦੀ ਚਾਦਰ ਅਖਵਾਏ।
ਧਰਮ ਜ਼ਮੀਰ ਆਜ਼ਾਦੀ ਤੇ ਬਲਸ਼ਾਲੀ ਵਾਲੇ ਜਜ਼ਬੇ ਪਾਏ।
ਸਾਰੇ ਵਿਸ਼ਵ 'ਚ ਸਬਰ ਸੰਤੋਖ ਨਿਸ਼ਾਨੀ ਗੁਰੂ ਤੇਗ਼ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਭਾਈ ਜੈਤਾ ਜੀ ਨੇ ਸੱਚੇ ਅਨੁਯਾਈ ਦੇ ਫ਼ਰਜ਼ ਨਿਭਾਏ।
ਇਸ ਕਰਕੇ ਹੀ ਰੰਘਰੇਟਾ ਗੁਰੂ ਕਾ ਬੇਟਾ ਸੀ ਕਹਿਲਾਏ।
ਇਤਿਹਾਸ 'ਚ ਇਕ ਸਾਗਰ ਵਾਂਗ ਰਵਾਨੀ ਗੁਰੂ ਤੇਗ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਭਾਈ ਦਿਆਲਾ ਇਕ ਜ਼ਮੀਰ ਸਤੀਦਾਸ ਮਤੀਦਾਸ ਬਹਾਦੁਰ।
ਸਭਨਾਂ ਅਜਬ ਸ਼ਹਾਦਤ ਪਾ ਕੇ ਕੌਮਾਂ 'ਚੋਂ ਕੱਢਿਆ ਹੈ ਡਰ।
ਗੌਰਵਮਈ ਇਕ ਯਾਦ ਬਣੀ ਲਾਸਾਨੀ ਗੁਰੂ ਤੇਗ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਸਿੱਖ ਇਤਿਹਾਸ 'ਚ ਮਹੱਤਵਪੂਰਨ ਕੇਂਦਰ ਦੀ ਕੀਤੀ ਸਿਰਜਨਤਾ।
ਜਿਸ ਵਿਚ ਸ਼ਕਤੀ ਭਗਤੀ ਵਾਲੀ ਫਿਰ ਭਰ ਦਿੱਤੀ ਸੀ ਪੂਰਨਤਾ।
ਆਨੰਦਪੁਰ ਨੇ ਹਸਤੀ ਸੀ ਪਹਿਚਾਣੀ ਗੁਰੂ ਤੇਗ਼ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਸੰਵੇਦਨਸ਼ੀਲ ਤਿਆਗ ਸਬਰ ਦੀ ਇਕ ਜੋਤੀ ਜਗਦੀ ਰਹਿਣੀ।
ਹਰਿਮੰਦਰ ਵਿਚ ਏਸੇ ਕਰਕੇ ਜੋਤ ਇਲਾਹੀ ਮਘਦੀ ਰਹਿਣੀ।
ਮਾਨਵ ਕਦਰਾਂ ਨੈਤਿਕਤਾ ਵਿਚ ਬਾਣੀ ਗੁਰੂ ਤੇਗ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਬਾਲਮ ਜਿੱਦਾਂ ਅੰਬਰ ਦੇ ਵਿਚ ਨਿੱਤ ਹੀ ਚੜਦੇ ਚੰਨ ਸਿਤਾਰੇ।
ਏਦਾਂ ਸਦੀਆ ਤੀਕਰ ਰਹਿਣੇ ਇਹ ਮੰਗਲ ਮਈ ਸੰਦੇਸ਼ ਨਿਆਰੇ।
ਕੌਮਾਂ ਦੇ ਵਿਚ ਜੋਤ ਜਗੇ ਰੂਹਾਨੀ ਗੁਰੂ ਤੇਗ਼ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ.: 98156-25409



ਪੰਜਾਬ ਮੇਲ USA

## ਬਰੇਕ ਲੈਣੀ ਚਾਹੀਦੀ

ਝੜ ਜਾਣੇ ਪੱਤੇ ਪਰ, ਔੜ ਨਹੀਓਂ ਮੁੱਕਣੀ
ਜ਼ਿੰਦਗੀ 'ਚ ਪੈਸਿਆਂ ਦੀ, ਦੌੜ ਨਹੀਓਂ ਮੁੱਕਣੀ
ਵਿਹਲੇ ਬੈਠ ਧੂਣੀ ਕਦੇ, ਸੇਕ ਲੈਣੀ ਚਾਹੀਦੀ
ਕਦੇ-ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ

ਪੈੱਗ ਤੇ ਪੈਮਾਨਾ ਸਦਾ, ਦੇਖ ਕੇ ਹੀ ਪਾਈਦੇ
ਯਾਰੀ ਤੇ ਨਿਸ਼ਾਨਾ ਸਦਾ, ਦੇਖ ਕੇ ਹੀ ਲਾਈਦੇ
ਢੱਙ ਖੜਕਾ ਕੇ ਪਹਿਲਾਂ, ਦੇਖ ਲੈਣੀ ਚਾਹੀਦੀ
ਕਦੇ-ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ

ਰੇਤਿਆਂ ਦੀ ਕੰਧ 'ਤੇ, ਚੁਬਾਰੇ ਪਾਈ ਬੈਠਾ ਏਂ
ਸਾਂਭੇ ਨਹੀਓਂ ਜਾਣੇ ਜੋ, ਖਿਲਾਰੇ ਪਾਈ ਬੈਠਾ ਏਂ
ਖਿੱਦੋ ਪਈ ਖਿੱਲਰੀ, ਸਮੇਟ ਲੈਣੀ ਚਾਹੀਦੀ
ਕਦੇ-ਕਦੇ ਬੰਦੇ ਨੂੰ ਬਰੇਕ ਲੈਣੀ ਚਾਹੀਦੀ

ਆਉਂਦੇ ਨੀਂ ਚਲਾਉਣੇ, ਹਥਿਆਰ ਨਹੀਓਂ ਭੰਡੀਦੇ
ਪਿੱਠ ਪਿੱਛੇ ਕਦੇ ਯਾਰੋ, ਯਾਰ ਨਹੀਓਂ ਭੰਡੀਦੇ
ਗੁੱਸਾ ਗਿਲਾ ਸਾਹਾਂ ਵਿਚ, ਦੱਬ ਲੈਣਾ ਚਾਹੀਦਾ
ਮਿੱਤਰੋ ਬਦਾਮਾਂ ਵਾਂਗੂੰ, ਚੱਬ ਲੈਣਾ ਚਾਹੀਦਾ
ਗੱਲਬਾਤ ਬੈਠ ਕੇ, ਸਮੇਟ ਲੈਣੀ ਚਾਹੀਦੀ
ਕਦੇ-ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ

ਜੀਹਦੇ ਪਿੱਛੇ ਭਾਈਆਂ ਦਾ, ਗੰਡਾਸਾ ਖੜਕੇ
ਖੁੱਲਦੇ ਦੁਨਾਲੀਆਂ ਦੇ, ਫਾਇਰ ਲੜਕੇ
ਇੰਦਾਂ ਦੀ ਜ਼ਮੀਨ ਫੇਰ, ਵੇਚ ਲੈਣੀ ਚਾਹੀਦੀ
ਗੱਲਬਾਤ ਬੈਠ ਕੇ, ਸਮੇਟ ਲੈਣੀ ਚਾਹੀਦੀ

ਦੂਜੇ ਵੱਲ ਦੇਖ ਨਾ, ਚੁਗਾਠਾਂ ਪੱਟੀਏ
ਬੰਦਿਆਂ 'ਤੇ ਵਾਹਲੀਆਂ ਨਾ, ਆਸਾਂ ਰੱਖੀਏ
ਰੱਬ ਦੀ ਸਹੋਤਿਆ ਓ, ਟੇਕ ਲੈਣੀ ਚਾਹੀਦੀ
ਕਦੇ-ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ
ਵਿਹਲੇ ਬੈਠ ਧੂਣੀ ਕਦੇ, ਸੇਕ ਲੈਣੀ ਚਾਹੀਦੀ
ਗੱਲਬਾਤ ਬੈਠ ਕੇ, ਸਮੇਟ ਲੈਣੀ ਚਾਹੀਦੀ

-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਕਿਸੇ ਤੋਂ ਆਸ ਨਾ ਲਾਇਆ ਕਰ

ਕਿਸੇ ਤੋਂ ਆਸ ਨਾ ਲਾਇਆ ਕਰ
ਆਪਣਾ ਕਾਜ ਰਚਾਇਆ ਕਰ।
ਮਿਹਨਤ, ਹਿੰਮਤ ਨਾਲ ਹੌਂਸਲੇ
ਸਭ ਤੋਂ ਮੂਹਰੇ ਆਇਆ ਕਰ।

ਇਹ ਦੁਨੀਆਂ ਇੱਕ ਜਗ ਤਮਾਸ਼ਾ
ਹਰ ਪਾਸੇ ਰਹੇ ਖਿੜਿਆ ਹਾਸਾ।
ਸਭ ਦਾ ਬਣ ਕੇ ਸੰਗੀ ਸਾਥੀ
ਖੁਸ਼ੀਆਂ ਤੂੰ ਵਰਤਾਇਆ ਕਰ।

ਨਾ ਕੋਈ ਇੱਥੇ ਵੈਰੀ ਤੇਰਾ
ਕਰਿਆ ਨਾ ਕਰ ਮੇਰਾ ਮੇਰਾ।
ਕੁਦਰਤ ਦਾ ਇਹ ਸਭ ਪਸਾਰਾ
ਉਸ ਨਾਲ ਆੜੀ ਪਾਇਆ ਕਰ।

ਕਰਦੇ ਨੇ ਜੋ ਹੱਥੀਂ ਕਾਰ
ਹਰ ਥਾਂ ਪਾਉਂਦੇ ਉਹ ਸਤਿਕਾਰ।
ਆਪਣੇ ਕੰਮ ਆਪ ਨੇ ਕਰਨੇ
ਕਰਕੇ ਆਪ ਦਿਖਾਇਆ ਕਰ।

'ਮਾਨ' ਜਿਹੇ ਜੋ ਪਾਉਂਦੇ ਪੱਜ
ਆਵੇ ਨਾ ਕਦੇ ਉਨ੍ਹਾਂ ਰੱਜ।
ਸਿੱਖਣ ਅਤੇ ਸਿਖਾਵਣ ਦੇ ਲਈ
ਸਭ ਨਾਲ ਹੱਥ ਵਟਾਇਆ ਕਰ।



ਬਲਜਿੰਦਰ ਮਾਨ, ਮਾਹਿਲਪੁਰ (ਹੁਸ਼ਿਆਰਪੁਰ)
98150-18947

ਪੰਜਾਬ ਮੇਲ USA




# Gurjatinder S. Randhawa

REALTOR CA DRE licence # 01490567



**FOR SALE & PURCHASE OF ANY KIND OF PROPERTY**

**ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।**

**Gurjatinder S. Randhawa**

**916-320-9444**

Gurjatinder S. Randhawa
REALTOR CA DRE licence # 01490567

web: www.RealtorRandhawa.com

garysingh123@yahoo.com